
# ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ

# INTERNATIONAL PUNJABI LANGUAGE OLYMPIAD

**2023**



ਪੰਜਾਬ ਸਕੂਲ ਸਿੱਖਿਆ ਬੋਰਡ

PUNJAB SCHOOL EDUCATION BOARD

# ਅੰਤਰਰਾਸ਼ਟਰੀ
# ਪੰਜਾਬੀ ਬੋਲੀ ਉਲੰਪਿਆਡ

**ਪੰਜਾਬ ਸਕੂਲ ਸਿੱਖਿਆ ਬੋਰਡ**
ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲ਼ੀ)-160062

# ਸੰਦੇਸ



'ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ' ਦੀ ਸਮੂਹ ਸੂਬਾ-ਨਿਵਾਸੀਆਂ ਨੂੰ ਬਹੁਤ-ਬਹੁਤ ਵਧਾਈ ਹੋਵੇ। ਕਦੇ ਛੋਟੇ ਹੁੰਦੇ ਪੜ੍ਹਦੇ-ਸੁਣਦੇ ਹੁੰਦੇ ਸਾਂ ਕਿ ਮਾਂਵਾਂ ਅਤੇ ਖੇਡਾਂ ਮੋਇਆਂ ਤੋਂ ਬਾਅਦ ਹੀ ਯਾਦ ਆਉਂਦੀਆਂ ਹਨ। ਅਸੀਂ ਪਹਿਲਾਂ ਆਪਣੀਆਂ ਮਾਂ-ਖੇਡਾਂ ਨੂੰ ਬਚਾਉਣ ਲਈ 'ਖੇਡਾਂ ਵਤਨ ਪੰਜਾਬ ਦੀਆਂ', ਦਾ ਉੱਦਮ ਕੀਤਾ ਤੇ ਹੁਣ ਮਾਂ ਬੋਲੀ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਪੰਜਾਬੀ ਭਾਸ਼ਾ ਦਾ ਉਲੰਪਿਆਡ ਇੱਕ ਇਤਿਹਾਸਿਕ ਕਦਮ ਹੈ ਜੋ ਪਹਿਲੀ ਵਾਰ 'ਪੰਜਾਬ ਸਕੂਲ ਸਿੱਖਿਆ ਬੋਰਡ' ਕਰਵਾਉਣ ਜਾ ਰਿਹਾ ਹੈ। ਜਿੱਥੇ ਸਾਡਾ ਸਿੱਖਿਆ-ਮਹਿਕਮਾ ਬਾਕੀ ਭਾਸ਼ਾਵਾਂ ਅਤੇ ਵਿਸ਼ਿਆਂ ਨੂੰ ਮਹੱਤਵ ਦੇ ਰਿਹਾ ਹੈ, ਉਸੇ ਤਰ੍ਹਾਂ ਪੰਜਾਬੀ ਭਾਸ਼ਾ ਦੀ ਮਹੱਤਤਾ ਅਤੇ ਇਸ ਦੇ ਸਰੂਪ ਦੀ ਵਿਆਕਰਨਿਕ ਅਤੇ ਪੂਰੀ ਵਿਗਿਆਨਿਕ ਜਾਣਕਾਰੀ ਦੇ ਲਈ ਅਜੋਕੀਆਂ ਪੀੜ੍ਹੀਆਂ ਨੂੰ ਇਸ ਦੇ ਵਿਰਸੇ ਅਤੇ ਸਰੂਪ ਤੋਂ ਜਾਣੂ ਕਰਵਾਉਣ ਵਾਸਤੇ ਇਹ ਪੰਜਾਬੀ ਉਲੰਪਿਆਡ ਮੀਲ-ਪੱਥਰ ਸਾਬਤ ਹੋਵੇਗਾ ਲਪੰਜਾਬ ਦੀ ਆਪ ਸਰਕਾਰ ਸਿੱਖਿਆ ਦੇ ਮਾਮਲੇ ਅਤੇ ਸਿਹਤ ਦੇ ਮਾਮਲੇ ਨੂੰ ਲੈ ਕੇ ਬਹੁਤ ਸੁਚੇਤ ਹੈ। ਇਹ ਮੈਂ ਮਾਣ ਨਾਲ਼ ਆਖ ਸਕਦਾ ਹਾਂ ਕਿ ਸਾਡੇ ਇਸ ਉਪਰਾਲੇ ਨੂੰ ਬਾਕੀ ਰਾਜ ਵੀ ਕਦੇ ਨਾ ਕਦੇ ਜ਼ਰੂਰ ਅਪਣਾਉਣਗੇ ਅਤੇ ਇਹ ਉੱਦਮ ਇਤਿਹਾਸਿਕ ਲੀਹਾਂ ਛੱਡੇਗਾ। ਨਵੀਂ ਪੀੜ੍ਹੀ, ਬਹੁਤ ਸਾਰੇ ਤਕਨੀਕੀ ਕੋਰਸਾਂ ਅਤੇ ਵਿਦੇਸ਼ੀ ਭਾਸ਼ਾਵਾਂ ਦੇ ਸੰਪਰਕ ਵਿੱਚ ਆਉਣ ਕਾਰਨ ਆਪਣੀ ਮਾਂ-ਬੋਲੀ ਦੇ ਅਸਲੀ ਰੂਪ ਤੋਂ ਅਨਜਾਣ ਹੀ ਰਹਿ ਜਾਂਦੀ ਹੈ। ਬਹੁਤ ਸਾਰੇ ਸ਼ਬਦ ਆਪਣਾ ਅਸਲੀ ਰੂਪ ਗੁਆ ਚੁੱਕੇ ਹਨ ਅਤੇ ਨਵੀਂ ਪੀੜ੍ਹੀ ਉਹਨਾਂ ਦੀ ਗ਼ਲਤ ਵਰਤੋਂ ਕਰ ਰਹੀ ਹੈ। ਪਰ ਹੁਣ ਪੰਜਾਬੀ ਭਾਸ਼ਾ ਦੇ ਅਸਲ ਸਰੂਪ ਨੂੰ ਨਿਖਾਰਨ ਲਈ ਅਸੀਂ ਇਹ ਜਤਨ ਕਰ ਰਹੇ ਹਾਂ। ਸਾਡੀ ਸਰਕਾਰ ਨੇ ਪਹਿਲਾਂ ਰਜਿਸਟਰੀਆਂ ਆਦਿ ਦੀ ਭਾਸ਼ਾ ਨੂੰ ਸੌਖਾ ਬਣਾਇਆ ਤਾਂਜੋ ਪੰਜਾਬੀ ਭਾਸ਼ਾ ਨੂੰ ਵਿਹਾਰਿਕ ਪੱਧਰ 'ਤੇ ਆਮ ਲੋਕਾਂ ਦੀ ਸਮਝ ਵਿੱਚ ਲਿਆਂਦਾ ਜਾਵੇ। ਇਸ ਵਿੱਚ ਦੂਜੀਆਂ ਭਾਸ਼ਾਵਾਂ ਦੇ ਔਖੇ-ਔਖੇ ਸ਼ਬਦਾਂ ਨੂੰ ਰਲ਼ਗੱਡ ਕਰਕੇ ਤਕਨੀਕੀ ਰੂਪ ਤੋਂ ਛੁਟਕਾਰਾ ਦਿਵਾਇਆ ਜਾ ਸਕੇ। ਹੁਣ ਲੋੜ ਹੈ ਕਿ ਪੰਜਾਬੀ ਭਾਸ਼ਾ ਦਾ ਸਹੀ ਸਰੂਪ ਤੇ ਮਾਂਜਿਆ-ਸਵਾਰਿਆ ਹੋਇਆ ਮੁਖੜਾ ਸਾਡੀਆਂ ਨਵੀਆਂ ਪੀੜ੍ਹੀਆਂ ਹੋਰ ਨਿਖਾਰਨ-ਸੁਆਰਨ।

ਇਸ ਉਪਰਾਲੇ ਦੇ ਲਈ ਮੇਰੇ ਵੱਲੋਂ ਸ਼ੁਭ ਇਛਾਵਾਂ।

**ਭਗਵੰਤ ਸਿੰਘ ਮਾਨ**<br>**ਮੁੱਖ ਮੰਤਰੀ**<br>**ਪੰਜਾਬ**

# ਸੰਦੇਸ



ਅਸੀਂ ਸਾਰੇ ਪੰਜਾਬੀ ਆਪਣੀ ਮਾਂ-ਬੋਲੀ ਪੰਜਾਬੀ ਨੂੰ ਬਹੁਤ ਪਿਆਰ ਕਰਦੇ ਹਾਂ ਪਰ ਵੱਖ-ਵੱਖ ਭਾਸ਼ਾਵਾਂ ਨੂੰ ਜਾਣਨ ਲਈ ਅਤੇ ਕੁਝ ਹੋਰ ਕਾਰਨਾਂ ਕਰਕੇ ਕਈ ਵਾਰੀ ਅਸੀਂ ਪੰਜਾਬੀ ਨੂੰ ਬੋਲਦੇ, ਪੜ੍ਹਦੇ, ਲਿਖਦੇ ਤਾਂ ਹਾਂ ਪਰ ਸ਼ੁੱਧ ਪੰਜਾਬੀ ਰੂਪ ਤੋਂ ਅਭਿੱਜ ਰਹਿੰਦੇ ਹਾਂ। ਜਿਵੇਂ ਮਾਂ ਦੇ ਸ਼ੁੱਧ ਦੁੱਧ ਦੀ ਜ਼ਰੂਰਤ ਹੁੰਦੀ ਹੈ ਉਸੇ ਤਰ੍ਹਾਂ ਮਾਂ ਬੋਲੀ ਦੇ ਸ਼ੁੱਧ ਰੂਪ ਦੀ ਵੀ ਬੜੀ ਅਹਿਮੀਅਤ ਹੈ। ਇਸ ਨਾਲ਼ ਸਾਡੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਹੋਵੇਗਾ।

ਇਸੇ ਜ਼ਰੂਰਤ ਨੂੰ ਸਮਝਦਿਆਂ ਹੋਇਆਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬੀ ਭਾਸ਼ਾ ਦੇ ਸਮੁੱਚੇ ਗਿਆਨ ਨੂੰ ਉਜਾਗਰ ਕਰਨ ਲਈ 'ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ' ਕਰਵਾਉਣ ਦਾ ਇੱਕ ਇਤਿਹਾਸਿਕ ਉੱਦਮ ਕਰਵਾਇਆ ਜਾ ਰਿਹਾ ਹੈ । ਇਹ ਇੱਕ ਅਜਿਹਾ ਉਪਰਾਲਾ ਹੈ ਜਿਸ ਨਾਲ ਪੰਜਾਬੀ ਭਾਸ਼ਾ ਦਾ ਮਿਆਰੀ ਰੂਪ ਸਾਡੇ ਸਾਮ੍ਹਣੇਂ ਆਵੇਗਾ ਤੇ ਅਸੀਂ ਪੂਰੇ ਵਿਸ਼ਵ ਦੇ ਵਿੱਚ ਆਪਣੀ ਮਾਂ-ਬੋਲੀ ਦੇ ਵੱਖ-ਵੱਖ ਪੱਖਾਂ, ਰੰਗ-ਰੂਪਾਂ, ਅਤੇ ਉਸ ਦੀ ਅਹਿਮੀਅਤ ਤੋਂ ਜਾਣੂ ਹੋ ਸਕਾਂਗੇ। ਇਤਿਹਾਸ ਗਵਾਹ ਹੈ ਕਿ ਉਹੀ ਕੌਮ ਤਰੱਕੀ ਕਰਦੀ ਹੈ ਜੋ ਆਪਣੀਆਂ ਜੜ੍ਹਾਂ ਨਾਲ਼ ਜੁੜੀ ਰਹਿੰਦੀ ਹੈ। ਮਾਂ-ਬੋਲੀ ਸਾਡੇ ਲਈ ਉਹ ਜੜ੍ਹ ਹੈ ਜਿਸ ਨੂੰ ਉਚਿਤ ਸਮੇਂ 'ਤੇ ਪਾਣੀ ਪਾਉਣਾ ਬਹੁਤ ਜ਼ਰੂਰੀ ਹੈ। ਮੈਨੂੰ ਉਮੀਦ ਹੈ ਕਿ ਪੰਜਾਬੀ ਉਲੰਪਿਆਡ, ਪੰਜਾਬੀ ਭਾਸ਼ਾ ਦੇ ਪੌਦੇ ਨੂੰ ਹਰਾ-ਭਰਾ ਰੱਖਣ ਦੇ ਲਈ ਹਮੇਸ਼ਾ ਕਾਰਗਰ ਸਾਬਤ ਹੋਵੇਗੀ। ਇਸ ਇਤਿਹਾਸਿਕ ਉੱਦਮ ਦੇ ਲਈ ਸਮੂਹ ਪੰਜਾਬ-ਨਿਵਾਸੀਆਂ ਨੂੰ ਮੈਂ ਸਿੱਖਿਆ ਮੰਤਰੀ ਹੋਣ ਦੇ ਨਾਤੇ ਮੁਬਾਰਕਬਾਦ ਦਿੰਦਾ ਹਾਂ ਅਤੇ ਆਪਣਾ ਫ਼ਰਜ਼ ਪਛਾਣਨ ਲਈ ਸੁਚੇਤ ਵੀ ਕਰਦਾ ਹਾਂ ਕਿਉਂਕਿ ਸਾਡੀ ਬੋਲੀ ਸਾਡੀ ਪਹਿਚਾਣ ਵੀ ਹੈ ਤੇ ਸਾਡੀ ਸ਼ਾਨ ਵੀ ਹੈ। ਆਓ, ਆਪਾਂ ਸਭ ਮਿਲ਼ ਕੇ ਇਸ ਨੂੰ ਸ਼ਾਨਾਂ-ਮੱਤੇ ਢੰਗ ਦੇ ਨਾਲ਼ ਸਾਹੀਂ ਵਸਾ ਲਈਏ।

**ਹਰਜੋਤ ਸਿੰਘ ਬੈਂਸ**
**ਸਿੱਖਿਆ ਮੰਤਰੀ**
**ਪੰਜਾਬ।**

# ਸੰਦੇਸ



ਆਪਣੀ ਮਾਂ-ਬੋਲੀ ਵਿੱਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਹਰ ਇਨਸਾਨ ਦਾ ਮੂਲ ਅਧਿਕਾਰ ਹੈ। ਇੱਕ ਬੱਚਾ ਆਪਣੇ ਜੀਵਨ ਦੀ ਦੀ ਸ਼ੁਰੂਆਤ ਆਪਣੀ ਮਾਂ ਬੋਲੀ ਤੋਂ ਹੀ ਕਰਦਾ ਹੈ ਅਤੇ ਉਸ ਦੀਆਂ ਭਵਿਖੀ ਕਾਮਯਾਬੀਆਂ ਦਾ ਆਧਾਰ ਵੀ ਮਾਂ ਬੋਲੀ ਹੀ ਬਣਦੀ ਹੈ।

ਅਜੋਕੇ ਯੁੱਗ ਵਿੱਚ ਨਵੀਂ ਪੀੜੀ ਨੂੰ ਆਪਣੀ ਬੋਲੀ ਨਾਲ ਜੋੜੇ ਰੱਖਣ ਦੇ ਲਈ ਕੁਝ ਖਾਸ ਉਪਰਾਲਿਆਂ ਦੀ ਲੋੜ ਮਹਿਸੂਸ ਹੁੰਦੀ ਹੈ। ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ ਇਸ ਦਿਸ਼ਾ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ। ਵਿਸ਼ਵ ਭਰ ਦੇ ਪੰਜਾਬੀਆਂ ਲਈ ਆਪਣੀ ਮਾਂ ਬੋਲੀ ਨਾਲ ਹੋਰ ਸੁਚੇਤ ਰੂਪ ਵਿੱਚ ਜੁੜਨ ਦਾ ਇਹ ਇੱਕ ਸੁਨਹਿਰੀ ਮੌਕਾ ਹੈ। ਇਸ ਉਲੰਪਿਆਡ ਰਾਹੀਂ ਵਿਸ਼ਵ ਭਰ ਦੇ ਸਿਖਿਆਰਥੀ ਅਤੇ ਵਿਦਿਆਰਥੀ ਪੰਜਾਬੀ ਬੋਲੀ ਦੇ ਵਿਆਕਰਣਕ ਅਤੇ ਵਿਹਾਰਕ ਰੂਪ ਨਾਲ ਹੋਰ ਗੂੜੀ ਸਾਂਝ ਪਾਉਣਗੇ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਓਪਰਾਲੇ ਦੇ ਲਈ ਸਲਾਘਾ ਦਾ ਪਾਤਰ ਹੈ ਅਤੇ ਉਮੀਦ ਹੈ ਕਿ ਇਸ ਉਪਰਾਲੇ ਨਾਲ ਵਿਸ਼ਵ ਭਰ ਵਿੱਚ ਵਸਦੇ ਪੰਜਾਬੀ ਬੋਲਣ ਵਾਲੇ ਸਾਰੇ ਲੋਕ ਜੁੜਣ।


ਕਮਲ ਕਿਸ਼ੋਰ ਯਾਦਵ (ਆਈ.ਏ.ਐੱਸ)

ਸਕੱਤਰ ਸਕੂਲ ਸਿੱਖਿਆ

ਪੰਜਾਬ

# ਪਾਠ-ਸੂਚੀ


| | | |
|---|---|---|
| 1. | ਪੰਜਾਬ ਸੰਬੰਧੀ ਸੰਖੇਪ ਜਾਣਕਾਰੀ | 1 |
| 2. | ਗੁਰੂ ਸਾਹਿਬਾਨ ਅਤੇ ਸਿੱਖ ਰਾਜ ਸੰਬੰਧੀ ਸੰਖੇਪ ਜਾਣਕਾਰੀ | 4 |
| 3. | ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ | 13 |
| 4. | ਪੰਜਾਬੀ ਸੱਭਿਆਚਾਰ ਅਤੇ ਲੋਕ-ਧਾਰਾ | 18 |
| 5. | ਪੰਜਾਬੀ ਲੋਕ-ਸਾਹਿਤ | 25 |
| 6. | ਅਲੋਪ ਹੋ ਰਹੇ ਪੰਜਾਬੀ ਸ਼ਬਦ | 41 |
| 7. | ਗਿਣਤੀ, ਦੇਸੀ/ਅੰਗਰੇਜ਼ੀ ਮਹੀਨਿਆਂ ਦੇ ਨਾਮ | 45 |
| 8. | ਵਿਆਕਰਨ | 53 |
| 9. | ਪੈਰਾ-ਰਚਨਾ | 90 |


**ਨੋਟ:**

ਇਹ ਪੜ੍ਹਨ-ਸਮਗਰੀ "ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ" ਵਿਚ ਹਿੱਸਾ ਲੈਣ ਵਾਲ਼ੇ ਵਿਦਿਆਰਥੀਆਂ ਦੀ ਸਹੂਲਤ ਲਈ ਇੱਕ ਨਮੂਨੇ ਵਜੋਂ ਤਿਆਰ ਕੀਤੀ ਗਈ ਹੈ ਤਾਂਜੋ ਵਿਦਿਆਰਥੀ ਇਸ ਨੂੰ ਪੜ੍ਹ ਕੇ ਤਿਆਰੀ ਕਰ ਸਕਣ। ਇਸ ਸੰਦਰਭ ਵਿੱਚ ਵਿਦਿਆਰਥੀ ਹੋਰ ਪੁਸਤਕਾਂ/ਗਿਆਨ-ਸ੍ਰੋਤਾਂ ਨੂੰ ਵੀ ਆਧਾਰ ਬਣਾ ਸਕਦੇ ਹੋ।

# ਮੁੱਖ ਬੰਧ

'ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ' ਦਾ ਉਦੇਸ਼ ਪੰਜਾਬੀ ਬੋਲੀ ਦੇ ਸ਼ਬਦਾਂ ਦੇ ਸੁਹੱਪਣ, ਉਨ੍ਹਾਂ ਵਿਚਲੀ ਅਮੀਰੀ ਅਤੇ ਜੀਵੰਤਤਾ ਨੂੰ ਪੰਜਾਬੀ ਭਾਸ਼ਾ ਪੜ੍ਹਨ/ਸਿੱਖਣ ਵਾਲ਼ਿਆਂ ਤੱਕ ਲੈ ਕੇ ਜਾਣਾ ਹੈ। ਉਲੰਪਿਆਡ ਦਾ ਮੰਤਵ ਕੇਵਲ ਇੱਕ ਇਮਤਿਹਾਨ ਲੈਣਾ ਨਹੀਂ ਸਗੋਂ ਨਵੀਂ ਪੀੜ੍ਹੀ ਅੰਦਰ ਪੰਜਾਬੀ ਮਾਂ-ਬੋਲੀ ਪ੍ਰਤਿ ਉਤਸ਼ਾਹ ਪੈਦਾ ਕਰਨਾ ਹੈ। ਅੱਜ ਜਦੋਂ ਸੰਸਾਰ ਇੱਕ ਗਲੋਬਲ ਪਿੰਡ ਵਜੋਂ ਉੱਭਰਿਆ ਹੈ ਤਾਂ ਦੂਜੀਆਂ ਬੋਲੀਆਂ/ਭਾਸ਼ਾਵਾਂ ਨੂੰ ਸਿੱਖਣਾ ਅਤੇ ਉਹਨਾਂ ਵਿੱਚ ਆਪਣਾ ਕਾਰ-ਵਿਹਾਰ ਕਰਨਾ ਸਾਡੀ ਆਰਥਿਕ ਲੋੜ ਵੀ ਬਣ ਜਾਂਦੀ ਹੈ ਪਰ ਮਾਂ-ਬੋਲੀ ਤੋਂ ਬਿਨਾਂ ਕੋਈ ਵੀ ਹੋਰ ਭਾਸ਼ਾ ਰੂਹ ਦੀ ਖੁਰਾਕ ਨਹੀਂ ਬਣ ਸਕਦੀ। ਇਸ ਉਲੰਪਿਆਡ ਦੀ ਭਾਵਨਾ ਦੁਨੀਆ ਭਰ ਵਿੱਚ ਫੈਲੇ ਹਰੇਕ ਪੰਜਾਬੀ ਨੂੰ ਆਪਣੇ ਕਲ਼ਾਵੇ ਵਿੱਚ ਲੈ ਕੇ ਮਾਂ-ਬੋਲੀ ਦੇ ਲੜ ਲਾਉਣ ਦੀ ਹੈ।

'ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ' ਦੀ ਪੜ੍ਹਨ-ਸਮਗਰੀ ਨੂੰ ਪੰਜਾਬੀ ਦੇ ਸਤਿਕਾਰਿਤ ਵਿਦਵਾਨਾਂ ਦੁਆਰਾ ਬਹੁਤ ਹੀ ਸੁਹਿਰਦਤਾ ਨਾਲ਼ ਤਿਆਰ ਕੀਤਾ ਗਿਆ ਹੈ। ਇਸ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਹਰ ਪੱਖ ਸ਼ਾਮਲ ਕਰਨ ਦੀ ਕੋਸ਼ਸ਼ ਕੀਤੀ ਗਈ ਹੈ। 'ਪੰਜਾਬ ਸੰਬੰਧੀ ਸੰਖੇਪ ਜਾਣਕਾਰੀ' ਅਧੀਨ ਪੰਜਾਬ ਦੇ ਇਤਿਹਾਸ, ਇਸ ਦੀ ਭੂਗੋਲਿਕ ਸਥਿਤੀ, ਪੌਣ-ਪਾਣੀ ਤੇ ਜਲ-ਵਾਯੂ ਬਾਰੇ ਬਹੁਮੁੱਲੀ ਮੁਢਲੀ ਜਾਣਕਾਰੀ ਦਰਜ ਕੀਤੀ ਗਈ ਹੈ।

ਸਿੱਖ ਧਰਮ ਦੇ ਉਥਾਨ ਨਾਲ਼ ਪੰਜਾਬ ਦੀ ਨਵੇਕਲੀ ਤਸਵੀਰ ਉੱਭਰਦੀ ਹੈ। ਸਿੱਖ ਗੁਰੂ ਸਹਿਬਾਨ ਨੇ ਆਪਣੀ ਨਿਰੋਈ ਮਾਨਵਵਾਦੀ ਸੋਚ ਨਾਲ਼ ਇੱਕ ਨਵੇਂ ਸੱਭਿਆਚਾਰ ਦਾ ਨਿਰਮਾਣ ਕੀਤਾ। 'ਸਿੱਖ ਗੁਰੂ ਸਹਿਬਾਨ ਸੰਬੰਧੀ ਸੰਖੇਪ ਜਾਣਕਾਰੀ' ਤਹਿਤ ਗੁਰੂ ਸਹਿਬਾਨ ਦਾ ਜੀਵਨ-ਬਿਓਰਾ, ਗੁਰਬਾਣੀ-ਰਚਨਾ ਅਤੇ ਕੀਤੇ ਸਮਾਜਿਕ-ਧਾਰਮਿਕ ਮਹਾਨ ਕਾਰਜਾਂ ਨੂੰ ਸ਼ਾਮਲ ਕੀਤਾ ਗਿਆ ਹੈ। ਚਾਰ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ ਅਤੇ ਪੰਜਾਂ ਤਖ਼ਤਾਂ ਦੇ ਨਾਂਵਾਂ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਇਆ ਗਿਆ ਹੈ।

ਭਾਰਤੀ ਸੰਵਿਧਾਨ ਵਿੱਚ ਪੰਜਾਬੀ ਭਾਸ਼ਾ ਦੇ ਸਥਾਨ, ਇਸ ਦੇ ਖੇਤਰ ਅਤੇ ਮਹੱਤਵ ਦੀ ਬਾਤ ਪਾਉਂਦਿਆਂ 'ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ' ਸਿਰਲੇਖ ਅਧੀਨ ਪੜ੍ਹਨ/ਸਿੱਖਣ ਵਾਲ਼ਿਆਂ ਨੂੰ ਪੰਜਾਬੀ ਭਾਸ਼ਾ ਦੀ ਬਣਤਰ ਅਤੇ ਗੁਰਮੁਖੀ ਲਿਪੀ ਦੀ ਬਣਤਰ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। 'ਪੰਜਾਬੀ ਸੱਭਿਆਚਾਰ ਅਤੇ ਲੋਕ-ਧਾਰਾ' ਸਿਰਲੇਖ ਅਧੀਨ ਪੰਜਾਬ ਦੀ ਸੱਭਿਆਚਾਰਿਕ ਅਮੀਰੀ ਦੇ ਦਰਸ਼ਨ ਕਰਵਾਏ ਗਏ ਹਨ। ਇੱਕ ਪੀੜ੍ਹੀ ਦੁਆਰਾ ਅਗਲੀ ਪੀੜ੍ਹੀ ਨੂੰ ਨਿਰੋਇਆ ਜਿਊਂਣ-ਢੰਗ ਸਿਖਾਉਣ ਵਾਲ਼ੀ ਪੰਜਾਬੀ ਲੋਕ-ਧਾਰਾ ਕਾਰਨ ਹੀ ਪੰਜਾਬੀਆਂ ਦੀ ਨਵੇਕਲ਼ੀ ਅਤੇ ਵਿਲੱਖਣ ਪਛਾਣ ਕਾਇਮ ਰਹਿ ਸਕੀ ਹੈ। ਪੰਜਾਬ ਦੇ ਰੀਤੀ-ਰਿਵਾਜ, ਪੰਜਾਬ ਦੀਆਂ ਲੋਕ-ਕਲਾਵਾਂ, ਪੰਜਾਬ ਦੀਆਂ ਲੋਕ-ਖੇਡਾਂ ਅਤੇ ਪੰਜਾਬ ਦੇ ਲੋਕ-ਨਾਚ ਪੰਜਾਬੀ ਲੋਕ-ਧਾਰਾ ਦੇ ਅਜਿਹੇ ਵਾਹਕ ਹਨ ਜੋ ਪੰਜਾਬੀ ਸੱਭਿਆਚਾਰ ਨੂੰ ਸਦੀਆਂ ਤੱਕ ਅਗਾਂਹ ਤੋਰਦੇ ਆਏ ਹਨ।

ਲੋਕ-ਸਾਹਿਤ ਕਿਸੇ ਵੀ ਬੋਲੀ ਦਾ ਥੰਮ੍ਹ ਹੁੰਦਾ ਹੈ। ਲੋਕ-ਸਾਹਿਤ ਹੀ ਵਿਸ਼ਿਸ਼ਟ ਸਾਹਿਤ ਦਾ ਆਧਾਰ ਬਣਦਾ ਹੈ। ਲੋਕ-ਸਾਹਿਤ ਪੜ੍ਹਦਿਆਂ ਮਨੁੱਖ ਅੰਦਰ ਸਿਰਜਣਾਤਮਿਕ ਰੁਚੀਆਂ ਪੈਦਾ ਹੋਣਾ ਸੁਭਾਵਿਕ ਹੈ। 'ਪੰਜਾਬੀ ਲੋਕ-ਸਾਹਿਤ' ਅਧੀਨ ਪੰਜਾਬੀ ਲੋਕ-ਕਾਵਿ ਰੂਪ ਸ਼ਾਮਲ ਕੀਤੇ ਗਏ ਹਨ ਤਾਂਕਿ ਦੁਨੀਆਂ ਉੱਪਰ ਰਾਜ ਕਰ ਰਹੇ ਪੰਜਾਬੀ ਸੰਗੀਤ ਦੇ ਮੂਲ ਵਿੱਚ ਪਈ ਲੋਕ-ਧੁਨੀ ਤੋਂ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਇਆ ਜਾ ਸਕੇ।

'ਅਲੋਪ ਹੋ ਰਹੇ ਪੰਜਾਬੀ ਸ਼ਬਦ' ਰਾਹੀਂ ਸ਼ਬਦਾਂ ਨੂੰ ਸਾਂਭਣ ਅਤੇ ਅਗਲੀਆਂ ਪੀੜ੍ਹੀਆਂ ਤੱਕ ਲੈ ਜਾਣ ਦਾ ਸਾਰਥਕ ਉਪਰਾਲਾ ਹੈ। ਅਸਲ ਵਿੱਚ ਸ਼ਬਦ ਦਾ ਕੇਵਲ ਇੱਕ ਅਰਥ ਹੀ ਨਹੀਂ ਹੁੰਦਾ ਸਗੋਂ ਇੱਕ ਪੂਰਾ ਸੱਭਿਆਚਾਰਿਕ ਸੰਦਰਭ ਵੀ ਹੁੰਦਾ ਹੈ। 'ਗਿਣਤੀ, ਦੇਸੀ/ਅੰਗਰੇਜ਼ੀ ਮਹੀਨਿਆਂ ਦੇ ਨਾਮ' ਰਾਹੀਂ ਅਜੋਕੇ ਸਮੇਂ ਵਿੱਚ ਗੁਰਮੁਖੀ ਹਿੰਦਸਿਆਂ ਤੋਂ ਅਨਜਾਣ ਬਹੁਤਾਤ ਪੰਜਾਬੀਆਂ ਨੂੰ ਗੁਰਮੁਖੀ ਹਿੰਦਸੇ ਲਿਖਣ ਲਈ ਉਤਸ਼ਾਹਿਤ ਕੀਤਾ ਗਿਆ ਹੈ। ਦੇਸੀ ਮਹੀਨਿਆਂ ਦੇ ਨਾਵਾਂ ਨੂੰ ਭੁੱਲਦੇ ਜਾ ਰਹੇ ਪੰਜਾਬੀਆਂ ਨੂੰ ਅੰਗਰੇਜ਼ੀ ਮਹੀਨਿਆਂ ਦੇ ਬਰਾਬਰ ਦੇਸੀ ਮਹੀਨਿਆਂ ਨੂੰ ਰੱਖ ਕੇ ਜਾਣਕਾਰੀ ਦਿੱਤੀ ਗਈ ਹੈ।

ਭਾਸ਼ਾ ਅਤੇ ਵਿਆਕਰਨ ਦੇ ਗੂੜ੍ਹੇ ਰਿਸ਼ਤੇ ਨੂੰ ਸਮਝਦਿਆਂ ਇਸ ਪੜ੍ਹਨ-ਸਮਗਰੀ ਵਿੱਚ ਵਿਆਕਰਨਿਕ ਬਰੀਕੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਤਾਂਕਿ ਪੜ੍ਹਨ/ਸਿੱਖਣ ਵਾਲ਼ੇ ਭਾਸ਼ਾ ਵਿੱਚ ਮੁਹਾਰਤ ਹਾਸਲ ਕਰ ਸਕਣ।

ਇਸ ਪੜ੍ਹਨ-ਸਮਗਰੀ ਨੂੰ ਤਿਆਰ ਕਰਦਿਆਂ ਇਸ ਗੱਲ ਦਾ ਉਚੇਚਾ ਧਿਆਨ ਰੱਖਿਆ ਗਿਆ ਹੈ ਕਿ ਪੰਜਾਬੀ ਬੋਲੀ ਦੇ ਹਰ ਪੱਖ ਦੀ ਜਾਣਕਾਰੀ ਸਰਲ ਅਤੇ ਸੌਖੇ ਢੰਗ ਨਾਲ਼ ਪਾਠਕਾਂ ਦੇ ਸਨਮੁਖ ਕੀਤਾ ਜਾਵੇ। ਮੈਨੂੰ ਆਸ ਹੈ ਕਿ ਵੱਧ ਤੋਂ ਵੱਧ ਪੰਜਾਬੀ ਇਸ ਪੜ੍ਹਨ-ਸਮਗਰੀ ਤੋਂ ਲਾਭ ਪ੍ਰਾਪਤ ਕਰਨਗੇ ਅਤੇ 'ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ' ਵਿੱਚ ਹਿੱਸਾ ਲੈਣਗੇ।

ਸ਼ੁੱਭ-ਇਛਾਵਾਂ।

ਡਾ. ਸਤਬੀਰ ਬੇਦੀ (ਸੇਵਾ-ਮੁਕਤ ਆਈ.ਏ.ਐੱਸ.)
ਚੇਅਰਪਰਸਨ
ਪੰਜਾਬ ਸਕੂਲ ਸਿੱਖਿਆ ਬੋਰਡ

# ਦੋ ਸ਼ਬਦ

ਪੰਜਾਬੀ ਭਾਸ਼ਾ ਨੂੰ ਇਹ ਮਾਣ ਹਾਸਲ ਹੈ ਕਿ ਗੁਰੂਆਂ, ਪੀਰਾਂ-ਪੈਗ਼ੰਬਰਾਂ ਨੇ ਆਪਣੇ ਇਲਾਹੀ ਵਿਚਾਰਾਂ ਨੂੰ ਰੂਪਮਾਨ ਕਰਨ ਲਈ ਪੰਜਬੀ ਭਾਸ਼ਾ ਨੂੰ ਚੁਣਿਆ ਹੈ। ਇਸ ਲਈ ਮਾਂ-ਬੋਲੀ ਨੂੰ ਸਿੱਖਣਾ/ ਪੜ੍ਹਨਾ ਆਪਣੇ ਗੁਰੂਆਂ-ਪੀਰਾਂ ਦੁਆਰਾ ਦਿੱਤੀ ਸੁਚੱਜੀ ਜੀਵਨ-ਜਾਚ ਨੂੰ ਅਪਣਾਉਣ ਦੇ ਬਰਾਬਰ ਹੈ। 'ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ' ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਦੇ ਬੁਨਿਆਦੀ ਪੱਖਾਂ ਨੂੰ ਦੁਨੀਆਂ ਭਰ ਵਿੱਚ ਫੈਲੇ ਪੰਜਾਬੀ ਜਨ-ਮਾਣਸ ਤੱਕ ਪਹੁੰਚਾਉਣ ਦਾ ਉਪਰਾਲਾ ਹੈ। ਨਵੀਂ ਪੀੜ੍ਹੀ ਨੂੰ ਪੰਜਾਬੀ ਮਾਂ-ਬੋਲੀ ਦਾ ਸੰਦੇਸਵਾਹਕ ਬਣਾ ਕੇ ਮਾਂ-ਬੋਲੀ ਪੰਜਾਬੀ ਦੀ ਉਮਰ ਲੰਬੀ ਕਰਨ ਵੱਲ ਇੱਕ ਸਾਰਥਕ ਕਦਮ ਹੈ। ਇਹ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ ਪਰੰਪਰਾਗਤ ਮੁਕਾਬਲਿਆਂ ਨਾਲੋਂ ਆਪਣੀ ਵਿੱਥ ਸਥਾਪਿਤ ਕਰਦਾ ਹੈ। ਇਸ ਦਾ ਮਨੋਰਥ ਮੁਕਾਬਲੇਬਾਜ਼ੀ ਨਹੀਂ ਸਗੋਂ ਹਰੇਕ ਪੰਜਾਬੀ ਨੂੰ ਆਪਣੀ ਮਾਂ-ਬੋਲੀ ਉੱਪਰ ਮਾਣ ਕਰਨ ਦਾ ਮੌਕਾ ਪ੍ਰਦਾਨ ਕਰਵਾਉਣਾ ਹੈ। ਨਵੇਕਲਾ ਸੰਕਲਪ ਲੈ ਕੇ ਤੁਰਿਆ ਇਹ ਉਲੰਪਿਆਡ ਪੜ੍ਹਾਅ-ਦਰ-ਪੜ੍ਹਾਅ ਸਮੁੱਚੇ ਪੰਜਾਬੀਆਂ ਨੂੰ ਆਪਣੇ ਨਾਲ਼ ਲੈ ਕੇ ਆਪਣੀ ਮੰਜ਼ਲ ਵੱਲ ਵਧੇਗਾ।

ਇਸ ਵਿੱਚ ਮਾਂ-ਬੋਲੀ ਦੇ ਜਗਿਆਸੂਆਂ ਦੀ ਤ੍ਰਿਪਤੀ ਲਈ ਪੜ੍ਹਨ-ਸਮਗਰੀ ਤਿਆਰ ਕੀਤੀ ਗਈ ਹੈ। ਇਸ ਤੋਂ ਅਗਲੇਰਾ ਪੜ੍ਹਾਅ ਮੌਕ-ਟੈਸਟ (MOCK TEST) ਦਾ ਹੋਵੇਗਾ। ਮੌਕ-ਟੈੱਸਟ ਰਾਹੀਂ ਇਸ ਉਲੰਪਿਆਡ ਦੀ ਚਰਚਾ ਹਰ ਥਾਂ ਤੇ ਹੋਣ ਲੱਗੇਗੀ ਅਤੇ ਮਾਂ-ਬੋਲੀ ਪ੍ਰਤਿ ਪਿਆਰ ਦੀ ਇੱਕ ਲਹਿਰ ਫ਼ਿਜ਼ਾ ਵਿਚ ਫੈਲ ਜਾਵੇਗੀ। ਹਰ ਪੰਜਾਬੀ ਇਸ ਉਲੰਪਿਆਡ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਹੋਵੇਗਾ। ਆਸ ਹੈ ਕਿ ਇਹ ਨਵਾਂ ਇਤਿਹਾਸ ਸਿਰਜਣ ਦੀ ਦਹਿਲੀਜ਼ ਉੱਪਰ ਖੜ੍ਹੇ ਪੰਜਾਬੀ ਮੁਲਾਂਕਣ ਦੇ ਅਗਲੇ ਪੜ੍ਹਾਅ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣਗੇ।

ਮੁਲਾਂਕਣ ਵਿੱਚ ਭਾਗ ਲੈਣ ਵਾਲ਼ਾ ਹਰੇਕ ਵਿਅਕਤੀ ਵਿਸ਼ੇਸ਼ ਹੋਵੇਗਾ। ਭਾਗ ਲੈਣ ਵਾਲ਼ੇ ਹਰੇਕ ਭਾਗੀਦਾਰ ਨੂੰ ਪ੍ਰਮਾਣ-ਪੱਤਰ (ਸਰਟੀਫ਼ਿਕੇਟ) ਜਾਰੀ ਕੀਤਾ ਜਾਵੇਗਾ। ਮੁਲਾਕਣ ਵਿੱਚ ਉੱਤਮ ਪ੍ਰਦਰਸ਼ਨ ਕਰਨ ਵਾਲ਼ਿਆਂ ਨੂੰ ਦਰਜਾ ਪ੍ਰਮਾਣ-ਪੱਤਰ/ਸਰਟੀਫ਼ਿਕੇਟ ਵੀ ਜਾਰੀ ਕੀਤੇ ਜਾਣਗੇ। 'ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ' ਵਿੱਚ ਭਾਗ ਲੈਣ ਵਾਲ਼ਾ ਹਰੇਕ ਭਾਗੀਦਾਰ ਜੇਤੂ ਹੋਵੇਗਾ, ਕਿਉਂਕਿ ਸਮੁੱਚੇ ਰੂਪ ਵਿੱਚ ਮਾਂ-ਬੋਲੀ ਪੰਜਾਬੀ ਦੀ ਜਿੱਤ ਹੋਵੇਗੀ।

ਸ਼ੁੱਭ-ਇਛਾਵਾਂ।

ਅਵਿਕੇਸ਼ ਗੁਪਤਾ (ਪੀ.ਸੀ.ਐਸ.)

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ

**ਅਗਵਾਈ ਕਰਤਾ:**

- ਡਾ. ਸਤਬੀਰ ਬੇਦੀ (ਆਈ.ਏ.ਐੱਸ. ਰਿਟਾ.) ਚੇਅਰਪਰਸਨ (ਪੰਜਾਬ ਸਕੂਲ ਸਿੱਖਿਆ ਬੋਰਡ)।
- ਸ੍ਰੀ ਅਵਿਕੇਸ਼ ਗੁਪਤਾ, (ਪੀ.ਸੀ.ਐੱਸ.) ਸਕੱਤਰ (ਪੰਜਾਬ ਸਕੂਲ ਸਿੱਖਿਆ ਬੋਰਡ)।
- ਸ੍ਰੀ ਗੁਰਤੇਜ ਸਿੰਘ, ਉਪ ਸਕੱਤਰ (ਪੰਜਾਬ ਸਕੂਲ ਸਿੱਖਿਆ ਬੋਰਡ)।
- ਡਾ. ਗੁਰਮੀਤ ਕੌਰ, ਉਪ ਸਕੱਤਰ (ਪੰਜਾਬ ਸਕੂਲ ਸਿੱਖਿਆ ਬੋਰਡ)।

**ਸਲਾਹਕਾਰ ਕਮੇਟੀ:**

- ਡਾ. ਰਵੇਲ ਸਿੰਘ, ਸਾਬਕਾ ਪ੍ਰੋ. ਅਤੇ ਮੁਖੀ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।
- ਡਾ. ਪਰਵੀਨ ਕੁਮਾਰ, ਕੋਆਰਡੀਨੇਟਰ, ਪੰਜਾਬੀ ਵਿਭਾਗ, USOL ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
- ਪ੍ਰੋ. ਪੁਸ਼ਪਿੰਦਰ ਸਿਆਲ, ਸਾਬਕਾ ਮੁਖੀ ਅੰਗਰੇਜ਼ੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

**ਸੰਪਾਦਕ:**

- ਸ੍ਰੀਮਤੀ ਪਰਮਿੰਦਰ ਕੌਰ, ਵਿਸ਼ਾ-ਮਾਹਰ (ਪੰਜਾਬੀ), ਪੰਜਾਬ ਸਕੂਲ ਸਿੱਖਿਆ ਬੋਰਡ।

**ਤਿਆਰ ਕਰਤਾ:**

- ਸ. ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਅਧਿਆਪਕ, ਸ.ਮਿ.ਸ. ਪੱਖੀ ਖੁਰਦ, ਫ਼ਰੀਦਕੋਟ।
- ਸ੍ਰੀ ਸੁਰਿੰਦਰ ਮੋਹਨ, ਪੰਜਾਬੀ ਅਧਿਆਪਕ, ਚੌਧਰੀ ਜੈ ਮੁਨੀ ਮੈਮੋ. ਸ.(ਕੰ)ਸ.ਸ.ਸ. ਦੀਨਾਨਗਰ, ਗੁਰਦਾਸਪੁਰ।
- ਸ. ਚਰਨਜੀਤ ਸਿੰਘ, ਪੰਜਾਬੀ ਅਧਿਆਪਕ, ਸ.ਸ.ਸ.ਸ. ਮਹਿਤਾ ਨੰਗਲ, ਸ੍ਰੀ ਅੰਮ੍ਰਿਤਸਰ ਸਾਹਿਬ।
- ਸ੍ਰੀ ਅਜੈ ਕੁਮਾਰ ਖਟਕੜ, ਪੰਜਾਬੀ ਅਧਿਆਪਕ, ਸ.ਸ.ਸ.ਸ. ਕਾਹਮਾ, ਨਵਾਂਸ਼ਹਿਰ।
- ਸ. ਰੰਗ ਹਰਜਿੰਦਰ ਸਿੰਘ, ਪੰਜਾਬੀ ਅਧਿਆਪਕ, ਸ.ਸ.ਸ.ਸ. ਕੋਟਸੁਖੀਆ, ਫ਼ਰੀਦਕੋਟ।
- ਸ. ਗੁਰਪਾਲ ਸਿੰਘ, ਪੰਜਾਬੀ ਅਧਿਆਪਕ, ਸ.ਹ.ਸ. ਸੰਘੇੜਾ, ਬਰਨਾਲਾ।
- ਸ. ਜਸਪ੍ਰੀਤ ਸਿੰਘ, ਪੰਜਾਬੀ ਅਧਿਆਪਕ, ਸ.ਹ.ਸ. ਕਰੀਰਵਾਲੀ, ਫ਼ਰੀਦਕੋਟ।
- ਡਾ. ਹਰਿੰਦਰ ਸਿੰਘ, ਪੰਜਾਬੀ ਅਧਿਆਪਕ, ਸ.ਮਿ.ਸ. ਦੇਹਕਲਾਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
- ਸ੍ਰੀ ਦੇਸ ਰਾਜ, ਪੰਜਾਬੀ ਅਧਿਆਪਕ, ਸ.ਸ.ਸ.ਸ. ਘਨੌਰ, ਪਟਿਆਲਾ।

**ਸਰਵਰਕ ਪੰਨਾ:**

- ਸ੍ਰੀ ਮੁਨੀਸ਼ ਕੁਮਾਰ, ਵੋਕੇਸ਼ਨਲ ਟ੍ਰੇਨਰ (ਆਈ.ਟੀ.), ਸ.ਸ.ਸ.ਸ. ਮੁੱਲਾਂਪੁਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

**ਸੋਧ ਕਰਤਾ:**

- ਸ. ਗੁਰਪ੍ਰੀਤ ਸਿੰਘ ਗਰੇਵਾਲ, ਪੰਜਾਬੀ ਲੈਕਚਰਾਰ, ਸ.ਸ.ਸ.ਸ. ਕਿਲ੍ਹਾ ਰਾਏਪੁਰ, ਲੁਧਿਆਣਾ।
- ਡਾ. ਪਰਮਜੀਤ ਸਿੰਘ ਕਲਸੀ, ਜ਼ਿਲ੍ਹਾ ਭਾਸ਼ਾ ਅਫ਼ਸਰ, ਗੁਰਦਾਸਪੁਰ।
- ਸ. ਜਸਵੀਰ ਸਿੰਘ ਲੰਗੜੋਆ, ਪੰਜਾਬੀ ਅਧਿਆਪਕ (ਸੇਵਾ-ਮੁਕਤ), ਨਵਾਂਸ਼ਹਿਰ।
- ਸ. ਕੁਲਵੰਤ ਸਿੰਘ ਢੰਡ, ਪੰਜਾਬੀ ਲੈਕਚਰਾਰ (ਸੇਵਾ-ਮੁਕਤ), ਚੰਡੀਗੜ੍ਹ।
- ਸ੍ਰੀਮਤੀ ਅੰਮ੍ਰਿਤ ਕੌਰ, ਪੰਜਾਬੀ ਅਧਿਆਪਕਾ, ਸ.ਕੋ-ਐਡ.ਸ.ਸ.ਸ. ਐਨੱ.ਟੀ.ਸੀ. ਰਾਜਪੁਰਾ, ਪਟਿਆਲ਼ਾ।

**ਵਿਸ਼ੇਸ਼ ਧੰਨਵਾਦ:**

- ਡਾ. ਮਨਿੰਦਰ ਸਿੰਘ ਸਰਕਾਰੀਆ (ਅਸਿਸਟੈਂਟ, ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ)।

# ਪੰਜਾਬ ਸੰਬੰਧੀ ਸੰਖੇਪ ਜਾਣਕਾਰੀ

## ਆਮ ਜਾਣਕਾਰੀ

| | | |
|---|---|---|
| ❖ ਮੌਜੂਦਾ ਪੰਜਾਬ ਦੀ ਉਤਪਤੀ | : | 1 ਨਵੰਬਰ, 1966 |
| ❖ ਰਾਜਧਾਨੀ | : | ਚੰਡੀਗੜ੍ਹ |
| ❖ ਰਾਜ-ਪਸ਼ੂ | : | ਕਾਲ਼ਾ ਹਰਨ |
| ❖ ਰਾਜ-ਪੰਛੀ | : | ਬਾਜ਼ |
| ❖ ਰਾਜ-ਦਰਖ਼ਤ | : | ਬੋਹੜ |
| ❖ ਰਾਜ-ਭਾਸ਼ਾ | : | ਪੰਜਾਬੀ |
| ❖ ਸਕੱਤਰੇਤ | : | ਚੰਡੀਗੜ੍ਹ |
| ❖ ਉੱਚ ਅਦਾਲਤ | : | ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ |
| ❖ ਪੰਜਾਬ ਦਾ ਪਹਿਲਾ ਮੁੱਖ ਮੰਤਰੀ | : | ਡਾ. ਗੋਪੀ ਚੰਦ ਭਾਰਗਵ |

## ਜਾਣ-ਪਛਾਣ

ਪੰਜਾਬ ਦਾ ਜ਼ਿਕਰ ਕਰਦਿਆਂ ਵਿਰਾਸਤੀ ਵਿਸ਼ੇਸ਼ਤਾਵਾਂ ਅੱਖਾਂ ਅੱਗੇ ਘੁੰਮਣ ਲੱਗਦੀਆਂ ਹਨ। ਗੱਲ ਚਾਹੇ ਪੰਜਾਬੀ ਭਾਸ਼ਾ ਦੀ ਹੋਵੇ, ਪਹਿਰਾਵੇ ਦੀ, ਖਾਣ-ਪੀਣ ਦੀ, ਮੇਲਿਆਂ-ਤਿਉਹਾਰਾਂ ਦੀ, ਰੁੱਤਾਂ ਦੀ, ਸ਼ਹਾਦਤਾਂ ਦੀ, ਗੁਰੂਆਂ ਦੁਆਰਾ ਬਖ਼ਸ਼ੀ ਜੀਵਨ-ਜਾਚ ਦੀ, ਇਸ ਸਾਰੇ ਕੁਝ ਨੂੰ ਪੰਜਾਬ ਦਾ ਸੱਭਿਆਚਾਰ ਆਪਣੇ ਅੰਦਰ ਸਮੋਈ ਬੈਠਾ ਹੈ।

ਪੰਜਾਬ ਸ਼ਬਦ ਫ਼ਾਰਸੀ ਭਾਸ਼ਾ ਦੇ ਸ਼ਬਦ 'ਪੰਜ' ਅਤੇ 'ਆਬ' ਦੇ ਸੁਮੇਲ ਤੋਂ ਬਣਿਆ ਹੈ, ਜਿਸ ਵਿੱਚੋਂ ਪੰਜ ਦਾ ਅਰਥ 'ਪੰਜ' ਅਤੇ ਆਬ ਦਾ ਅਰਥ 'ਪਾਣੀ' ਹੈ, ਇਸ ਤਰ੍ਹਾਂ ਪੰਜ+ਆਬ ਦਾ ਅਰਥ ਹੋਇਆ : ਪੰਜ ਪਾਣੀਆਂ ਦੀ ਧਰਤੀ (ਪੰਜ ਦਰਿਆਵਾਂ ਦੀ ਧਰਤੀ)। ਇਸ ਸ਼ਬਦ ਦੀ ਸਭ ਤੋਂ ਪਹਿਲੀ ਵਰਤੋਂ 'ਇਬਨ ਬਤੂਤਾ' ਦੀਆਂ ਲਿਖਤਾਂ ਵਿੱਚ ਮਿਲ਼ਦੀ ਹੈ ਜੋ 14 ਵੀਂ ਸਦੀ ਵਿੱਚ ਇਸ ਇਲਾਕੇ ਵਿੱਚ ਆਇਆ ਸੀ। ਇਸ ਦੀ ਵੱਡੇ ਪੱਧਰ ਉੱਤੇ ਵਰਤੋਂ 16 ਵੀਂ ਸਦੀ ਦੇ ਦੂਜੇ ਹਿੱਸੇ ਦੀ ਕਿਤਾਬ "ਤਵਾਰੀਖ਼ ਸ਼ੇਰਸ਼ਾਹ ਸੂਰੀ" ਵਿੱਚ ਮਿਲ਼ਦੀ ਹੈ, ਜਿਸ ਵਿੱਚ 'ਪੰਜਾਬ' ਸ਼ਬਦ ਸ਼ੇਰਖ਼ਾਨ ਦੇ ਕਿਲ੍ਹੇ ਦੀ ਉਸਾਰੀ ਦੇ ਹਵਾਲੇ ਨਾਲ਼ ਆਉਂਦਾ ਹੈ। ਇਸ ਤੋਂ ਪਹਿਲਾਂ ਪੰਜਾਬ ਦਾ ਜ਼ਿਕਰ ਮਹਾਂਭਾਰਤ ਦੇ ਕਿੱਸੇ-ਕਹਾਣੀਆਂ ਵਿੱਚ ਵੀ ਹੈ ਜੋ ਪੰਚ-ਨਦ (ਪੰਜ ਨਦੀਆਂ) ਦੇ ਹਵਾਲੇ ਨਾਲ਼ ਹੈ। ਇਸ ਦੇ ਮਗਰੋਂ ਆਈਨ-ਏ-ਅਕਬਰੀ ਵਿੱਚ ਅਬੁਲ ਫ਼ਜ਼ਲ ਨੇ ਲਿਖਿਆ ਹੈ ਕਿ ਇਹ ਇਲਾਕਾ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ, ਲਾਹੌਰ ਤੇ ਮੁਲਤਾਨ। ਇਸ ਆਈਨ-ਏ-ਅਕਬਰੀ ਦੇ ਦੂਜੇ ਹਿੱਸੇ ਵਿੱਚ ਅਬੁਲ ਫ਼ਜ਼ਲ ਨੇ ਪੰਜਾਬ ਨੂੰ 'ਪੰਜ-ਨਦ' ਲਿਖਿਆ ਹੈ। ਪੰਜਾਬ ਫ਼ਾਰਸੀ ਦੇ ਪੰਜ ਯਾਅਨੀ 'ਪੰਚ' ਅਤੇ ਆਬ ਯਾਅਨੀ

'ਪਾਣੀ' ਤੋਂ ਲਿਆ ਹੈ, ਜਿਸ ਦਾ ਮਤਲਬ ਪੰਜ ਦਰਿਆਵਾਂ ਦੀ ਧਰਤੀ ਬਣਦਾ ਹੈ। ਇਹ ਉਹ ਪੰਜ ਦਰਿਆ ਹਨ ਜਿਹੜੇ ਇਸ ਇਲਾਕੇ ਵਿੱਚ ਵਗਦੇ ਸਨ। ਅੱਜ-ਕੱਲ੍ਹ ਦੋ ਦਰਿਆ (ਚਨਾਬ ਅਤੇ ਜਿਹਲਮ) ਪਾਕਿਸਤਾਨ ਵਿੱਚ ਹੀ ਵਗਦੇ ਹਨ। ਭਾਰਤੀ ਪੰਜਾਬ ਵਿੱਚ ਬਾਕੀ ਤਿੰਨ ਦਰਿਆਵਾਂ (ਸਤਲੁਜ, ਬਿਆਸ ਅਤੇ ਰਾਵੀ) ਦਾ ਪਾਣੀ ਵਗਦਾ ਹੈ ਜਿਹੜੇ ਭਾਰਤ ਵਿੱਚੋਂ ਹੁੰਦੇ ਹੋਏ ਪਾਕਿਸਤਾਨ ਵਿੱਚ ਪ੍ਰਵੇਸ਼ ਕਰਦੇ ਹਨ।

ਸੱਭਿਅਤਾਵਾਂ ਦੇ ਵਿਕਸਿਤ ਹੋਣ ਦੀ ਗੱਲ ਕਰੀਏ ਤਾਂ ਸਭ ਤੋਂ ਪੁਰਾਣੀ ਸੱਭਿਅਤਾ ਸਿੰਧੂ ਘਾਟੀ ਦੀ ਸੱਭਿਅਤਾ ਹੈ। ਇਸ ਦੇ ਖ਼ਤਮ ਹੋਣ ਨਾਲ਼ ਪੰਜਾਬ ਦੀ ਧਰਤੀ 'ਤੇ ਵੈਦਿਕ ਸੱਭਿਅਤਾ ਦਾ ਨਾਮ ਲਿਆ ਜਾ ਸਕਦਾ ਹੈ। ਉਸ ਉਪਰੰਤ ਪੰਜਾਬ 'ਤੇ ਅਨੇਕਾਂ ਹਮਲਾਵਰਾਂ ਦੇ ਕਾਰਨ ਤੁਰਕ, ਸ਼ੱਕ, ਮੁਗ਼ਲ, ਹੂਣ, ਕੁਸ਼ਾਨ ਅਤੇ ਗੁਪਤ ਰਾਜ ਦੀਆਂ ਸੱਭਿਅਤਾਵਾਂ ਵੀ ਵਿਕਸਿਤ ਹੋਈਆਂ। ਸਭ ਤੋਂ ਪਿੱਛੋਂ ਪੰਜਾਬ 'ਤੇ ਅੰਗਰੇਜ਼ਾਂ ਨੇ ਰਾਜ ਕੀਤਾ। ਇਸ ਤਰ੍ਹਾਂ ਇਹ ਸਾਰੀਆਂ ਸੱਭਿਅਤਾਵਾਂ ਆਪਣੇ ਅਮੀਰ ਵਿਰਸੇ ਦੀ ਛਾਪ ਪੰਜਾਬ 'ਤੇ ਛੱਡਦੀਆਂ ਰਹੀਆਂ। ਇਹੀ ਕਾਰਨ ਹੈ ਕਿ ਪੰਜਾਬ ਦਾ ਸੱਭਿਆਚਾਰ ਇੱਕ ਮਿਸ਼ਰਿਤ ਸੱਭਿਆਚਾਰ ਬਣਿਆ। ਇਹਨਾਂ ਪਰੰਪਰਾਵਾਂ ਦੀ ਪੁਣ-ਛਾਣ ਵਿੱਚ ਸਾਰੇ ਗੁਰੂਆਂ, ਭਗਤਾਂ, ਯੋਧਿਆਂ, ਲਿਖਾਰੀਆਂ, ਖਿਡਾਰੀਆਂ ਅਤੇ ਸ਼ਹੀਦਾਂ ਨੇ ਅਹਿਮ ਹਿੱਸਾ ਪਾਇਆ।

## ਪੰਜਾਬੀਆਂ ਦੇ ਮਨੋਰੰਜਨ

ਪੁਰਾਣੇ ਸਮੇਂ ਮਨੋਰੰਜਨ ਦੇ ਸਾਧਨ ਘੱਟ ਹੀ ਹੁੰਦੇ ਸਨ। ਜਦੋਂ ਮੇਲੇ ਲੱਗਦੇ ਤਾਂ ਸਾਰਾ ਪਿੰਡ ਹੀ ਉੱਧਰ ਨੂੰ ਮੁਹਾਰਾਂ ਘੱਤ ਦਿੰਦਾ। ਕਈ-ਕਈ ਦਿਨਾਂ ਤੋਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ, ਨਵੇਂ ਕੱਪੜੇ ਸਿਊਂਣ ਨੂੰ ਦੇ ਦਿੱਤੇ ਜਾਂਦੇ ਸਨ। ਹਰੇਕ ਲਈ ਅੰਦਰੋਂ-ਅੰਦਰੀ ਚਾਅ ਹੁੰਦਾ ਸੀ। ਕਿਸੇ ਇੱਕ ਪਿੰਡ ਗੀਤਾਂ ਦਾ ਅਖਾੜਾ ਲੱਗਣਾ ਤਾਂ ਕਈ-ਕਈ ਪਿੰਡ ਉਸ ਨੂੰ ਸੁਣਨ ਲਈ ਜਾਂਦੇ ਸਨ। ਤੁਰਲੇ ਵਾਲ਼ੀ ਪੱਗ ਤੇ ਫੱਬਵੇਂ ਕੁੜਤੇ-ਚਾਦਰੇ ਨਾਲ਼ ਮੇਲਾ ਵੇਖਣਾ। ਕੁੜੀਆਂ ਨੇ ਵੀ ਫੁਲਕਾਰੀਆਂ ਲੈ ਕੇ ਹੇੜ੍ਹਾਂ ਦੀਆਂ ਹੇੜ੍ਹਾਂ 'ਚ ਮੇਲਾ ਦੇਖਣ ਆਉਣਾ। ਲੋਕ ਮਦਾਰੀ ਦਾ ਤਮਾਸ਼ਾ ਅਤੇ ਭਲਵਾਨਾਂ ਦੇ ਘੋਲ਼ ਦੇਖਦੇ ਸਨ। ਲੋਕਾਂ ਦੇ ਹਾਜ਼ਮੇ ਚੰਗੇ ਸਨ ਤੇ ਉਹਨਾਂ ਦਾ ਜੁੱਸਾ ਵੀ ਬਹੁਤ ਵਧੀਆ ਹੁੰਦਾ ਸੀ। ਸੌ ਸਾਲ ਦਾ ਬਾਬਾ ਵੀ ਖੇਤਾਂ 'ਚ ਗੇੜਾ ਲਾ ਆਉਂਦਾ ਸੀ। ਉਹ ਸੇਰ ਦੋ ਸੇਰ ਦੁੱਧ ਡੀਕ ਲਾ ਕੇ ਪੀ ਜਾਂਦੇ ਸਨ। ਕਿੱਲੋ-ਕਿੱਲੋ ਵੇਸਣ ਖਾ ਜਾਂਦੇ ਅਤੇ ਦੁੱਧ 'ਚ ਘਿਓ ਪਾ ਕੇ ਪੀਂਦੇ ਸਨ।

## ਪੰਜਾਬ ਦਾ ਪੌਣ-ਪਾਣੀ

ਪੰਜਾਬ ਦੇ ਮੌਸਮੀ ਲੱਛਣ ਅੱਤ ਦੀ ਗਰਮੀ ਅਤੇ ਕੜਾਕੇ ਦੀ ਠੰਢ ਵਾਲ਼ੀਆਂ ਹਾਲਤਾਂ ਵਾਲ਼ੇ ਮੰਨੇ ਗਏ ਹਨ। ਸਲਾਨਾ ਤਾਪਮਾਨ – 4 ਤੋਂ 47 ਡਿਗਰੀ ਸੈਲਸੀਅਸ ਤੱਕ ਜਾਂਦੇ ਹਨ। ਹਿਮਾਲਾ ਦੇ ਪੈਰਾਂ 'ਚ ਵੱਸੇ ਉੱਤਰ-ਪੂਰਬੀ ਇਲਾਕੇ 'ਚ ਭਾਰੀ ਵਰਖਾ ਹੁੰਦੀ ਹੈ ਜਦਕਿ ਹੋਰ ਦੱਖਣ ਅਤੇ ਪੱਛਮ ਵੱਲ ਪੈਂਦੇ ਇਲਾਕਿਆਂ ਵਿੱਚ ਮੀਂਹ ਘੱਟ ਪੈਂਦੇ ਹਨ ਅਤੇ ਤਾਪਮਾਨ ਵੱਧ ਹੁੰਦਾ ਹੈ।

## ਪੰਜਾਬ ਦਾ ਜਲ-ਵਾਯੂ

ਕਿਸੇ ਸਥਾਨ ਦੇ ਲੰਮੇ ਸਮੇਂ ਤੋਂ ਸਥਾਈ, ਔਸਤਨ ਵਾਤਾਵਰਨ ਹਾਲਾਤ ਨੂੰ ਉੱਥੋਂ ਦਾ ਜਲ-ਵਾਯੂ ਕਿਹਾ ਜਾਂਦਾ ਹੈ। ਮੁੱਖ ਜਲ-ਵਾਯੂ ਤੱਤ ਜੋ ਕਿਸੇ ਸਥਾਨ ਦੇ ਵਾਤਾਵਰਨ ਨੂੰ ਪ੍ਰਭਾਵਿਤ ਕਰਦੇ ਹਨ, ਇਸ ਪ੍ਰਕਾਰ ਹਨ- ਵਰਖਾ,

ਤਾਪਮਾਨ, ਨਮੀ, ਵਾਯੂ ਦਬਾਅ, ਹਵਾ, ਬੱਦਲ਼ ਅਤੇ ਧੁੱਪ। ਰੁੱਤਾਂ ਵਿੱਚ ਤਬਦੀਲੀ ਨਾਲ਼ ਹੀ ਵਾਤਾਵਰਨ ਵਿੱਚ ਤਬਦੀਲੀ ਨਜ਼ਰ ਆਉਂਦੀ ਹੈ। ਮੌਸਮ ਅਤੇ ਭੂਗੋਲ-ਵਿਗਿਆਨੀ ਮੁੱਖ ਤੌਰ 'ਤੇ ਤਿੰਨ ਰੁੱਤਾਂ ਅਤੇ ਪਰਿਵਰਤਨ-ਕਾਲ ਸੰਬੰਧੀ ਪੰਜਾਬ ਵਿੱਚ ਦੋ ਰੁੱਤਾਂ ਮੰਨਦੇ ਹਨ।

**ਮੁੱਖ ਰੁੱਤਾਂ**

1. ਗਰਮੀ ਰੁੱਤ (ਮੱਧ ਅਪਰੈਲ ਤੋਂ ਜੂਨ ਦੇ ਅੰਤ ਤੱਕ)
2. ਵਰਖਾ ਰੁੱਤ (ਜੁਲਾਈ ਦੇ ਅਰੰਭ ਤੋਂ ਸਤੰਬਰ ਦੇ ਅੰਤ ਤੱਕ)
3. ਸਰਦ ਰੁੱਤ (ਦਸੰਬਰ ਦੇ ਅਰੰਭ ਤੋਂ ਫ਼ਰਵਰੀ ਦੇ ਅੰਤ ਤੱਕ)

**ਪਰਿਵਰਤਨ-ਕਾਲੀਨ ਰੁੱਤਾਂ**

4. ਪਤਝੜ (ਅਕਤੂਬਰ ਤੋਂ ਨਵੰਬਰ ਦੇ ਅੰਤ ਤੱਕ)
5. ਬਸੰਤ (ਮਾਰਚ ਤੋਂ ਅਪਰੈਲ ਦੇ ਮੱਧ ਤੱਕ)

## ਅਭਿਆਸ

**1. ਪੰਜਾਬ ਦਾ ਰਾਜ-ਪੰਛੀ ਹੈ:**

(ੳ) ਤੋਤਾ (ਅ) ਬਾਜ਼ (ੲ) ਕੋਇਲ (ਸ) ਚਿੜੀ

**2. 'ਆਬ' ਦਾ ਅਰਥ ਹੈ:**

(ੳ) ਰੋਟੀ (ਅ) ਪਾਣੀ (ੲ) ਮਿੱਟੀ (ਸ) ਕਣਕ

**3. 'ਆਈਨ-ਏ-ਅਕਬਰੀ' ਦਾ ਲੇਖਕ ਕੌਣ ਹੈ:**

(ੳ) ਅਬੁਲ ਕਰੀਮ (ਅ) ਅਬੁਲ ਫ਼ਜ਼ਲ (ੲ) ਅਬੁਲ ਹੁਸੈਨ (ਸ) ਅਯੁਲ ਮੁਨੀਰ

**4. ਪੰਜਾਬ ਵਿੱਚ ਵਰਖਾ ਰੁੱਤ ਦੇ ਮਹੀਨੇ ਕਿਹੜੇ ਹਨ:**

(ੳ) ਅਪਰੈਲ ਤੋਂ ਜੂਨ (ਅ) ਜੁਲਾਈ ਤੋਂ ਸਤੰਬਰ
(ੲ) ਦਸੰਬਰ ਤੋਂ ਫ਼ਰਵਰੀ (ਸ) ਫ਼ਰਵਰੀ ਤੋਂ ਮਾਰਚ

**5. ਸਭ ਤੋਂ ਪੁਰਾਣੀ ਸੱਭਿਅਤਾ ਕਿਹੜੀ ਹੈ:**

(ੳ) ਤੁਰਕ-ਸੱਭਿਅਤਾ (ਅ) ਕੁਸ਼ਾਨ-ਸੱਭਿਅਤਾ
(ੲ) ਵੈਦਿਕ ਸੱਭਿਅਤਾ (ਸ) ਸਿੰਧੂ ਘਾਟੀ ਦੀ ਸੱਭਿਅਤਾ

# ਗੁਰੂ ਸਾਹਿਬਾਨ ਅਤੇ ਸਿੱਖ ਰਾਜ ਸੰਬੰਧੀ ਸੰਖੇਪ ਜਾਣਕਾਰੀ

## ਗੁਰੂ ਸ਼ਬਦ ਦਾ ਅਰਥ

ਗੁਰੂ ਸ਼ਬਦ ਸੰਸਕ੍ਰਿਤ ਵਿੱਚ ਕਿਸੇ ਗਿਆਨ ਜਾਂ ਖੇਤਰ ਦੇ ਕਿਸੇ ਅਧਿਆਪਕ, ਮਾਹਰ ਜਾਂ ਵਿਸ਼ੇਸ਼ੱਗ ਲਈ ਹੁੰਦਾ ਹੈ। ਭਾਈ ਵੀਰ ਸਿੰਘ ਗੁਰੂ ਗ੍ਰੰਥ ਸਾਹਿਬ ਕੋਸ਼ ਵਿੱਚ ਦੱਸਦੇ ਹਨ ਕਿ ਗੁਰੂ ਦੋ ਵੱਖਰੇ ਹਿੱਸਿਆਂ- 'ਗੁ' ਅਤੇ 'ਰੂ' ਦਾ ਸੁਮੇਲ ਹੈ। 'ਗੁ' ਦਾ ਭਾਵ ਹੈ 'ਹਨੇਰਾ' ਅਤੇ 'ਰੂ' ਦਾ ਅਰਥ ਹੈ 'ਚਾਨਣ'। ਇਹਨਾਂ ਦੋਂਹਾਂ ਦੇ ਜੋੜ ਤੋਂ ਬਣਿਆ ਸ਼ਬਦ 'ਗੁਰੂ' ਅਖਵਾਉਂਦਾ ਹੈ: ਉਹ ਸ਼ਖ਼ਸੀਅਤ ਜੋ ਹਨੇਰੇ ਵਿੱਚ ਚਾਨਣ ਕਰ ਦੇਵੇ ਭਾਵ ਜੋ ਪ੍ਰਕਾਸ਼ਮਾਨ ਹੈ।

## ਸਿੱਖ ਸ਼ਬਦ ਦਾ ਅਰਥ

ਸਿੱਖ ਸ਼ਬਦ ਸੰਸਕ੍ਰਿਤ ਸ਼ਬਦ 'ਸ਼ਿਸ਼ਯ' ਅਰਥਾਤ ਵਿਦਿਆਰਥੀ ਜਾਂ ਸ਼ਿਖਸ਼ਾ ਅਰਥਾਤ ਸਿੱਖਿਆ ਦਾ ਬਦਲਵਾਂ ਰੂਪ ਹੈ। ਪੰਜਾਬੀ ਭਾਸ਼ਾ ਵਿੱਚ 'ਸਿੱਖ' ਸ਼ਬਦ ਦੇ ਅਰਥ ਸੱਚੇ ਧਰਮ ਨੂੰ ਮੰਨਣ ਵਾਲ਼ੇ ਤੋਂ ਹੈ। 1925 ਦੇ ਸਿੱਖ ਗੁਰਦੁਆਰਾ ਐਕਟ ਅਨੁਸਾਰ, ਸਿੱਖ ਦਾ ਅਰਥ ਹੈ : ਸਿੱਖ ਧਰਮ ਨੂੰ ਮੰਨਣ ਵਾਲ਼ਾ।

## ਸਿੱਖ ਧਰਮ ਦਾ ਇਤਿਹਾਸ

ਸਿੱਖ ਧਰਮ 1469 ਈਸਵੀ ਵਿੱਚ ਹੋਂਦ ਵਿੱਚ ਆਇਆ। ਇਸ ਸਾਲ ਸਿੱਖ ਧਰਮ ਦੇ ਮੋਢੀ, ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਗੁਰੂ ਨਾਨਕ ਦੇਵ ਜੀ ਦਾ ਜਨਮ-ਕਾਲ, ਸਿੱਖ ਧਰਮ ਅਤੇ ਮਾਨਵਤਾ ਦੇ ਧਾਰਮਿਕ ਇਤਿਹਾਸ ਵਿੱਚ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ। ਭਾਰਤ ਵਿੱਚ ਇਹ ਭਗਤੀ ਅਤੇ ਪੰਜਾਬ ਵਿੱਚ ਸੂਫ਼ੀ ਲਹਿਰ ਦਾ ਦੌਰ ਸੀ। ਭਗਤੀ ਅਤੇ ਸੂਫ਼ੀ ਲਹਿਰ ਨੇ ਦੇਸ ਵਿੱਚ ਇੱਕ ਨਵੇਂ ਧਾਰਮਿਕ ਮਾਹੌਲ ਦੀ ਸਿਰਜਣਾ ਕੀਤੀ। ਭਗਤਾਂ ਅਤੇ ਸੂਫ਼ੀਆਂ ਵਾਂਗੂੰ, ਗੁਰੂ ਜੀ ਨੇ ਵੀ ਧਰਮ ਦਾ ਆਧਾਰ ਪਰਮਾਤਮਾ ਪ੍ਰਤਿ ਪਿਆਰ ਦੱਸਿਆ। ਭਗਤੀ ਮਤ ਦੇ ਸੰਤਾਂ ਵਾਂਗੂੰ ਉਹਨਾਂ ਨੇ ਵੀ ਜਾਤੀ ਅਤੇ ਬੇਲੋੜੇ ਰਿਵਾਜਾਂ ਦਾ ਵਿਰੋਧ ਕੀਤਾ। ਸੂਫ਼ੀ ਸੰਤਾਂ ਵਾਂਗੂੰ ਉਹਨਾਂ ਨੇ ਪਰਮਾਤਮਾ ਨੂੰ ਪਾਉਣ ਲਈ ਪਰਮਾਤਮਾ ਦੇ ਭਾਣੇ ਵਿੱਚ ਰਹਿਣਾ ਦੱਸਿਆ। ਦੋਵੇਂ ਮਤਾਂ ਨੇ ਪ੍ਰਭੂ-ਮਹਿਮਾ ਦਾ ਗੁਣਗਾਨ ਕੀਤਾ ਅਤੇ ਹਿੰਦੂ-ਮੁਸਲਮਾਨਾਂ ਨੂੰ ਇੱਕ ਡੋਰ ਵਿੱਚ ਪਰੋਣ ਦੀ ਕੋਸ਼ਸ਼ ਜਾਰੀ ਰੱਖੀ। ਭਗਤੀ ਅਤੇ ਸੂਫ਼ੀ ਸੰਤਾਂ ਦਾ ਮੰਤਵ ਕੇਵਲ ਆਤਮ- ਚਿੰਤਨ ਸੀ। ਪਰ ਗੁਰੂ ਸਾਹਿਬ ਨੂੰ ਉਸ ਸਮੇਂ ਸਮਾਜ ਵਿੱਚ ਪ੍ਰਚਲਿਤ ਕੁਰੀਤੀਆਂ ਦਾ ਵੀ ਗਿਆਨ ਸੀ। ਉਹਨਾਂ ਨੇ ਕਿਹਾ ਕਿ ਇੱਕ ਸੱਚੇ ਧਰਮ ਦਾ ਮਕਸਦ ਇਹਨਾਂ ਕੁਰੀਤੀਆਂ ਤੋਂ ਛੁਟਕਾਰਾ ਪਾਉਣਾ ਹੁੰਦਾ ਹੈ। ਭਗਤੀ ਅਤੇ ਸੂਫ਼ੀ ਸੰਤਾਂ ਨਾਲ਼ੋਂ ਗੁਰੂ ਸਾਹਿਬ ਦੇ ਸਿਧਾਂਤਾਂ ਵਿੱਚ ਕਾਫ਼ੀ ਮੱਤ-ਭੇਦ ਵੀ ਸਨ। ਉਹਨਾਂ ਨੇ ਉਸ ਸਰਬ-ਸ਼ਕਤੀਮਾਨ ਦੀ ਮਹਿਮਾ ਦਾ ਗੁਣਗਾਨ ਕੀਤਾ, ਮੂਰਤੀ-ਪੂਜਾ ਦਾ ਵਿਰੋਧ ਕੀਤਾ ਅਤੇ ਨੈਤਿਕ ਆਚਾਰ ਨੂੰ ਹੋਰ ਸਭ ਰੂਪਾਂ ਨਾਲ਼ੋਂ ਪਹਿਲ ਦਿੱਤੀ। ਇਸ ਸਧਾਰਨ ਸਿੱਖਿਆ ਰਾਹੀਂ ਹੀ ਉਹਨਾਂ ਨੇ ਭਾਰਤ ਵਿੱਚ ਇੱਕ ਮੁੱਖ ਧਾਰਮਿਕ ਸੋਚ ਦਾ ਬੀਜ ਬੀਜਿਆ ਜਿਸ ਨੂੰ ਸਿੱਖੀ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ

- ਜਨਮ : 1469 ਈ: ਨੂੰ ਰਾਏ ਭੋਇ ਦੀ ਤਲਵੰਡੀ (ਅੱਜ-ਕੱਲ੍ਹ ਨਨਕਾਣਾ ਸਾਹਿਬ)
- ਮਾਤਾ/ਪਿਤਾ : ਮਾਤਾ ਤ੍ਰਿਪਤਾ ਜੀ/ਪਿਤਾ ਮਹਿਤਾ ਕਾਲੂ ਜੀ (ਕਲਿਆਣ ਦਾਸ ਜੀ)
- ਪਤਨੀ : ਬੀਬੀ ਸੁਲੱਖਣੀ ਜੀ
- ਸਪੁੱਤਰ : ਬਾਬਾ ਸ੍ਰੀ ਚੰਦ ਜੀ, ਬਾਬਾ ਲੱਖਮੀ ਦਾਸ ਜੀ
- ਰਚਨਾ : ਜਪੁਜੀ ਸਾਹਿਬ, ਆਸਾ ਦੀ ਵਾਰ, ਦੱਖਣੀ ਓਅੰਕਾਰ, ਸਿੱਧ ਗੋਸਟਿ, ਬਾਰਾਂਮਾਹ, 974 ਸ਼ਬਦ
- ਗਿਆਨ-ਪ੍ਰਾਪਤੀ : ਵੇਈਂ ਨਦੀ 'ਤੇ
- ਸ਼ਹਿਰ ਦੀ ਸਥਾਪਨਾ : ਕਰਤਾਰਪੁਰ ਸਾਹਿਬ (ਲਾਹੌਰ, ਪਾਕਿਸਤਾਨ)
- ਅਰੰਭ ਕੀਤੀ : ਲੰਗਰ-ਪ੍ਰਥਾ
- ਸਮੇਂ ਦੇ ਮੁਗ਼ਲ ਬਾਦਸ਼ਾਹ : ਬਾਬਰ (ਪਹਿਲਾ ਮੁਗ਼ਲ ਬਾਦਸ਼ਾਹ) ਅਤੇ ਸ਼ੇਰਸ਼ਾਹ ਸੂਰੀ
- ਉੱਤਰਾਧਿਕਾਰੀ : ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ)
- ਜੋਤੀ-ਜੋਤ : ਕਰਤਾਰਪੁਰ ਵਿਖੇ 1539 ਈਸਵੀ ਵਿੱਚ

## ਸ੍ਰੀ ਗੁਰੂ ਅੰਗਦ ਦੇਵ ਜੀ

- ਜਨਮ : 1504 ਈ: ਨੂੰ ਮੱਤੇ ਦੀ ਸਰਾਂ (ਸਰਾਇ ਨਾਗਾ), ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ
- ਮਾਤਾ-ਪਿਤਾ : ਮਾਤਾ ਦਇਆ ਜੀ/ ਪਿਤਾ ਭਾਈ ਫੇਰੂਮੱਲ ਜੀ
- ਪਤਨੀ : ਮਾਤਾ ਖੀਵੀ ਜੀ
- ਸਪੁੱਤਰ-ਸਪੁੱਤਰੀ : ਸ੍ਰੀ ਦਾਤੂ ਜੀ, ਸ੍ਰੀ ਦਾਸੂ ਜੀ<br>ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ
- ਗੁਰਗੱਦੀ : 1539-1552 ਈ:
- ਖੋਜ : ਗੁਰਮੁਖੀ ਲਿਪੀ (ਪੰਜਾਬੀ ਵਰਨ-ਮਾਲਾ ਨੂੰ ਸਹੀ ਤਰਤੀਬ ਦਿੱਤੀ)
- ਪਰੰਪਰਾ ਸ਼ੁਰੂ ਕੀਤੀ : ਮੱਲ-ਅਖਾੜਾ
- ਰਚਨਾ : 63 ਸਲੋਕ

❖ ਸ਼ਹਿਰ ਸਥਾਪਿਤ ਕੀਤਾ : ਖਡੂਰ ਸਾਹਿਬ (ਅੱਜ-ਕੱਲ੍ਹ ਜ਼ਿਲ੍ਹਾ ਤਰਨਤਾਰਨ ਵਿੱਚ)
❖ ਸਮੇਂ ਦੇ ਮੁਗ਼ਲ ਬਾਦਸ਼ਾਹ : ਹਮਾਯੂੰ ਅਤੇ ਸ਼ੇਰਸ਼ਾਹ ਸੂਰੀ
❖ ਉੱਤਰਾਧਿਕਾਰੀ : ਗੁਰੂ ਅਮਰਦਾਸ ਜੀ
❖ ਜੋਤੀ-ਜੋਤ : ਖਡੂਰ ਸਾਹਿਬ ਵਿਖੇ 1552 ਈ: ਵਿੱਚ

## ਸ੍ਰੀ ਗੁਰੂ ਅਮਰਦਾਸ ਜੀ

❖ ਜਨਮ : 1479 ਨੂੰ ਬਾਸਰਕੇ (ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ)
❖ ਮਾਤਾ/ਪਿਤਾ : ਮਾਤਾ ਸੁਲੱਖਣੀ ਜੀ/ਪਿਤਾ ਸ੍ਰੀ ਤੇਜ ਭਾਨ ਜੀ
❖ ਪਤਨੀ : ਮਨਸਾ ਦੇਵੀ ਜੀ
❖ ਸਪੁੱਤਰ/ ਸਪੁੱਤਰੀ : ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ
ਬੀਬੀ ਦਾਨੀ ਜੀ, ਬੀਬੀ ਭਾਨੀ ਜੀ
❖ ਗੁਰਗੱਦੀ : 1552-1574 ਈ:
❖ ਸ਼ੁਰੂ ਕੀਤੀ : ਮੰਜੀ-ਪ੍ਰਥਾ
❖ ਰਚਨਾ : ਅਨੰਦੁ ਸਾਹਿਬ, 907 ਸ਼ਬਦ
❖ ਸ਼ਹਿਰ ਵਸਾਇਆ : ਗੋਇੰਦਵਾਲ ਸਾਹਿਬ (ਅੱਜ-ਕੱਲ੍ਹ ਜ਼ਿਲ੍ਹਾ ਤਰਨਤਾਰਨ ਵਿਖੇ)
❖ ਨਿਰਮਾਣ ਕੀਤਾ : ਬਾਉਲ਼ੀ ਸਾਹਿਬ (ਗੋਇੰਦਵਾਲ ਸਾਹਿਬ ਵਿਖੇ)
❖ ਪ੍ਰਚਾਰ ਕੀਤਾ : 'ਪਹਿਲੇ ਪੰਗਤ ਪਾਛੈ ਸੰਗਤ' (ਸੰਗਤ ਤੋਂ ਪਹਿਲਾਂ ਪੰਗਤ)
❖ ਸਮੇਂ ਦੇ ਮੁਗ਼ਲ ਬਾਦਸ਼ਾਹ : ਅਕਬਰ
❖ ਉੱਤਰਾਧਿਕਾਰੀ : ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ)
❖ ਜੋਤੀ-ਜੋਤ ਸਮਾਉਣਾ : ਗੋਇੰਦਵਾਲ ਸਾਹਿਬ ਵਿਖੇ 1574 ਈ: ਨੂੰ

## ਸ੍ਰੀ ਗੁਰੂ ਰਾਮਦਾਸ ਜੀ

❖ ਜਨਮ : 1534 ਈ: ਨੂੰ ਚੂਨਾ ਮੰਡੀ, ਲਾਹੌਰ
❖ ਮਾਤਾ/ਪਿਤਾ : ਮਾਤਾ ਦਇਆ ਕੌਰ ਜੀ/ਪਿਤਾ ਸ੍ਰੀ ਹਰੀਦਾਸ ਜੀ
❖ ਪਤਨੀ : ਬੀਬੀ ਭਾਨੀ ਜੀ

- ❖ ਸਪੁੱਤਰ : ਪ੍ਰਿਥੀ ਚੰਦ, ਮਹਾਂਦੇਵ, (ਸ੍ਰੀ ਗੁਰੂ) ਅਰਜਨ ਦੇਵ ਜੀ
- ❖ ਗੁਰਗੱਦੀ : 1574-1581 ਈ:
- ❖ ਅਰੰਭ ਕੀਤੀ : ਮਸੰਦ-ਪ੍ਰਥਾ
- ❖ ਰਚਨਾ : 30 ਰਾਗਾਂ ਵਿੱਚ 679 ਸ਼ਬਦ
- ❖ ਸ਼ਹਿਰ ਵਸਾਇਆ : ਅੰਮ੍ਰਿਤਸਰ (ਰਾਮਦਾਸਪੁਰ,ਗੁਰੂ ਕਾ ਚੱਕ)
- ❖ ਸਮੇਂ ਦੇ ਮੁਗ਼ਲ ਬਾਦਸ਼ਾਹ : ਅਕਬਰ
- ❖ ਉੱਤਰਾਧਿਕਾਰੀ : ਗੁਰੂ ਅਰਜਨ ਦੇਵ ਜੀ
- ❖ ਜੋਤੀ-ਜੋਤ ਸਮਾਉਣਾ : ਗੋਇੰਦਵਾਲ ਸਾਹਿਬ ਵਿਖੇ 1581 ਈ: ਨੂੰ

## ਸ੍ਰੀ ਗੁਰੂ ਅਰਜਨ ਦੇਵ ਜੀ

- ❖ ਜਨਮ : 1563 ਈ: ਵਿੱਚ ਗੋਇੰਦਵਾਲ ਸਾਹਿਬ ਵਿਖੇ
- ❖ ਮਾਤਾ/ਪਿਤਾ : ਮਾਤਾ ਬੀਬੀ ਭਾਨੀ ਜੀ/ਪਿਤਾ ਸ੍ਰੀ ਗੁਰੂ ਰਾਮਦਾਸ ਜੀ
- ❖ ਪਤਨੀ : ਮਾਤਾ ਗੰਗਾ ਜੀ
- ❖ ਸਪੁੱਤਰ : ਸ੍ਰੀ ਗੁਰੂ ਹਰਿਗੋਬਿੰਦ ਜੀ
- ❖ ਗੁਰਗੱਦੀ : 1581-1606 ਈ:
- ❖ ਸੰਪੂਰਨ ਕਰਵਾਇਆ : ਅੰਮ੍ਰਿਤਸਰ ਸਰੋਵਰ, ਸੰਤੋਖਸਰ ਅਤੇ ਰਾਮਸਰ ਸਰੋਵਰ
- ❖ ਉਸਾਰੀ ਕਰਵਾਈ : ਸ੍ਰੀ ਹਰਿਮੰਦਰ ਸਾਹਿਬ
- ❖ ਸੱਦਾ ਭੇਜਿਆ : ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਲਈ ਮੁਸਲਿਮ ਸੂਫ਼ੀ ਸਾਂਈਂ ਸੰਤ ਮੀਆਂ ਮੀਰ ਜੀ ਨੂੰ
- ❖ ਰਚਨਾ : 30 ਰਾਗਾਂ ਵਿਚ 2218 ਸ਼ਬਦ<br>ਪ੍ਰਸਿੱਧ ਰਚਨਾਵਾਂ: ਸ੍ਰੀ ਸੁਖਮਨੀ ਸਾਹਿਬ, ਬਾਵਨ ਅੱਖਰੀ, ਬਾਰਹ ਮਾਹਾ
- ❖ ਸ਼ਹਿਰ ਵਸਾਇਆ : ਕਰਤਾਰਪੁਰ ਅਤੇ ਸ੍ਰੀ ਹਰਿਗੋਬਿੰਦਪੁਰ
- ❖ ਸੰਪਾਦਨ-ਕਾਰਜ : ਆਦਿ ਗ੍ਰੰਥ, 1604 ਈ:
- ❖ ਪਰੰਪਰਾ ਸ਼ੁਰੂ ਕੀਤੀ : ਦਸਵੰਧ (ਆਮਦਨ ਦਾ ਦਸਵਾਂ ਹਿੱਸਾ ਲੋੜਵੰਦਾਂ ਨੂੰ ਦਾਨ ਦੇਣਾ)
- ❖ ਸਮੇਂ ਦੇ ਮੁਗ਼ਲ ਬਾਦਸ਼ਾਹ : ਅਕਬਰ, ਜਹਾਂਗੀਰ

❖ ਉੱਤਰਾਧਿਕਾਰੀ : ਗੁਰੂ ਹਰਿਗੋਬਿੰਦ ਜੀ

❖ ਜੋਤੀ-ਜੋਤ : 1606 ਵਿੱਚ ਲਾਹੌਰ ਵਿਖੇ

❖ ਵਿਸ਼ੇਸ਼ : ਸ਼ਹੀਦੀ ਪਾਉਣ ਵਾਲ਼ੇ ਪਹਿਲੇ ਸਿੱਖ ਗੁਰੂ, 'ਸ਼ਹੀਦਾਂ ਦੇ ਸਰਤਾਜ'।

## ਸ੍ਰੀ ਗੁਰੂ ਹਰਿਗੋਬਿੰਦ ਜੀ

❖ ਜਨਮ : 1595 ਈ: ਵਿੱਚ ਅੰਮ੍ਰਿਤਸਰ ਨੇੜੇ ਪਿੰਡ ਵਡਾਲ਼ੀ ਵਿਖੇ

❖ ਮਾਤਾ/ਪਿਤਾ : ਮਾਤਾ ਗੰਗਾ ਜੀ / ਪਿਤਾ ਗੁਰੂ ਅਰਜਨ ਦੇਵ ਜੀ

❖ ਪਤਨੀ : ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ, ਮਾਤਾ ਮਹਾਂਦੇਵੀ ਜੀ

❖ ਸਪੁੱਤਰ : ਬਾਬਾ ਗੁਰਦਿੱਤਾ ਜੀ, ਬਾਬਾ ਅਣੀਰਾਏ, ਬਾਬਾ ਸੂਰਜਮੱਲ, ਸ੍ਰੀ ਅਟੱਲ ਰਾਏ ਅਤੇ (ਸ੍ਰੀ ਗੁਰੂ) ਤੇਗ਼ ਬਹਾਦਰ ਜੀ

❖ ਸਪੁੱਤਰੀ : ਬੀਬੀ ਵੀਰੋ ਜੀ

❖ ਗੁਰਗੱਦੀ : 1606-1644 ਈ:

❖ ਬਖ਼ਸ਼ਸ਼ ਕੀਤੀ : ਮੀਰੀ ਅਤੇ ਪੀਰੀ

❖ ਪਛਾਣ : ਬੰਦੀਛੋੜ

❖ ਉਸਾਰੀ ਕਰਵਾਈ : ਸ੍ਰੀ ਅਕਾਲ ਤਖ਼ਤ (ਸ੍ਰੀ ਹਰਿਮੰਦਰ ਸਾਹਿਬ ਦੇ ਸਾਮ੍ਹਣੇ), ਕੌਲਸਰ ਤੇ ਬਿਬੇਕਸਰ, ਅੰਮ੍ਰਿਤਸਰ ਵਿਖੇ ਲੋਹਗੜ੍ਹ ਕਿਲ੍ਹੇ ਦਾ ਨਿਰਮਾਣ ਕਰਵਾਇਆ।

❖ ਸ਼ਹਿਰ ਵਸਾਇਆ : ਕੀਰਤਪੁਰ ਸਾਹਿਬ

❖ ਸਮਕਾਲੀ ਮੁਗ਼ਲ ਬਾਦਸ਼ਾਹ : ਜਹਾਂਗੀਰ ਅਤੇ ਸ਼ਾਹਜਹਾਂ

❖ ਉੱਤਰਾਧਿਕਾਰੀ : ਗੁਰੂ ਹਰਿਰਾਇ ਜੀ

❖ ਜੋਤੀ-ਜੋਤ : 1644 ਈ: ਵਿੱਚ ਕੀਰਤਪੁਰ ਸਾਹਿਬ ਵਿਖੇ

## ਸ੍ਰੀ ਗੁਰੂ ਹਰਿਰਾਇ ਜੀ

❖ ਜਨਮ : 1630 ਈ: ਵਿੱਚ ਕੀਰਤਪੁਰ ਸਾਹਿਬ ਵਿਖੇ

❖ ਮਾਤਾ/ਪਿਤਾ : ਨਿਹਾਲ ਕੌਰ ਜੀ/ਬਾਬਾ ਗੁਰਦਿੱਤਾ ਜੀ

❖ ਪਤਨੀ : ਮਾਤਾ ਕ੍ਰਿਸ਼ਨ ਕੌਰ ਜੀ

- ❖ ਸਪੁੱਤਰ : ਸ੍ਰੀ ਰਾਮਰਾਏ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ
- ❖ ਗੁਰਗੱਦੀ : 1644-1661 ਈ:
- ❖ ਅਸ਼ੀਰਵਾਦ ਦਿੱਤਾ : ਦਾਰਾ ਸ਼ਿਕੋਹ (ਸ਼ਾਹਜਹਾਂ ਦਾ ਵੱਡਾ ਪੁੱਤਰ)
- ❖ ਸਮਕਾਲੀ ਮੁਗ਼ਲ ਬਾਦਸ਼ਾਹ : ਸ਼ਾਹਜਹਾਂ ਅਤੇ ਔਰੰਗਜ਼ੇਬ
- ❖ ਉੱਤਰਾਧਿਕਾਰੀ : ਗੁਰੂ ਹਰਿਕ੍ਰਿਸ਼ਨ ਜੀ
- ❖ ਜੋਤੀ-ਜੋਤ ਸਮਾਉਣਾ : 1661 ਈ: ਵਿੱਚ ਕੀਰਤਪੁਰ ਸਾਹਿਬ ਵਿਖੇ
- ❖ ਮਹਾਨ ਕਾਰਜ : ਕੀਰਤਪੁਰ ਵਿਖੇ ਰੋਗੀਆਂ ਲਈ ਦਵਾਖ਼ਾਨਾ ਬਣਾਇਆ। ਕਾਲ-ਪੀੜਿਤਾਂ ਦੀ ਸਹਾਇਤਾ ਕੀਤੀ।

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

- ❖ ਜਨਮ : 1656 ਈ: ਵਿੱਚ ਕੀਰਤਪੁਰ ਵਿਖੇ
- ❖ ਮਾਤਾ/ਪਿਤਾ : ਮਾਤਾ ਕ੍ਰਿਸ਼ਨ ਕੌਰ ਜੀ/ ਪਿਤਾ ਗੁਰੂ ਹਰਿਰਾਇ ਜੀ
- ❖ ਮਹਾਨ ਕਾਰਜ : ਚੇਚਕ ਪੀੜਿਤਾਂ ਦੀ ਸੇਵਾ ਕਰਦਿਆਂ ਪ੍ਰਾਣ ਤਿਆਗੇ।
- ❖ ਗੁਰਗੱਦੀ : 1661-1664 ਈ:
- ❖ ਪਛਾਣ/ਮੰਨਿਆ ਜਾਂਦਾ ਹੈ : ਬਾਲਾ ਪ੍ਰੀਤਮ
- ❖ ਦਿੱਲੀ ਵਿਖੇ ਜਿੱਥੇ ਰੁਕੇ : ਮਿਰਜ਼ਾ ਜੈ ਸਿੰਘ ਰਾਏ ਸਿੰਨ੍ਹਾ ਦੇ ਘਰ ਰੁਕੇ (ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ)
- ❖ ਸਮਕਾਲੀ ਮੁਗ਼ਲ ਬਾਦਸ਼ਾਹ : ਔਰੰਗਜ਼ੇਬ
- ❖ ਉੱਤਰਾਧਿਕਾਰੀ : ਗੁਰੂ ਤੇਗ਼ ਬਹਾਦਰ ਜੀ
- ❖ ਜੋਤੀ-ਜੋਤ ਸਮਾਉਣਾ : 1664 ਈ: ਵਿੱਚ ਦਿੱਲੀ ਵਿਖੇ

## ਸ੍ਰੀ ਗੁਰੂ ਤੇਗ਼ ਬਹਾਦਰ ਜੀ

- ❖ ਜਨਮ : 1621 ਈ: ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ
- ❖ ਮਾਤਾ/ਪਿਤਾ : ਮਾਤਾ ਨਾਨਕੀ ਜੀ / ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
- ❖ ਪਤਨੀ : ਮਾਤਾ ਗੁਜਰੀ ਜੀ
- ❖ ਸਪੁੱਤਰ : ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ)

- ❖ ਗੁਰਗੱਦੀ : 1664-1675 ਈ:
- ❖ ਰਚਨਾ : ਸਲੋਕ ਮਹਲਾ 9, 15 ਰਾਗ
- ❖ ਸਥਾਪਿਤ ਕੀਤਾ : ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ)
- ❖ ਸਮੇਂ ਦੇ ਮੁਗ਼ਲ ਬਾਦਸ਼ਾਹ : ਔਰੰਗਜ਼ੇਬ
- ❖ ਸ਼ਹਾਦਤ : ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ 'ਤੇ ਚਾਂਦਨੀ ਚੌਂਕ, ਦਿੱਲੀ ਵਿਖੇ ਧੜ ਨਾਲ਼ੋਂ ਸੀਸ ਅਲੱਗ ਕਰ ਦਿੱਤਾ ਗਿਆ।
- ❖ ਯਾਦ ਵਿੱਚ ਬਣੇ ਗੁਰਦੁਆਰੇ : ਗੁਰਦੁਆਰਾ ਸੀਸਗੰਜ ਸਾਹਿਬ, ਗੁਰਦੁਆਰਾ ਰਕਾਬਗੰਜ ਸਾਹਿਬ
- ❖ ਸੀਸ ਨੂੰ ਲੈ ਕੇ ਆਏ : ਭਾਈ ਜੈਤਾ ਜੀ
- ❖ ਸੀਸ ਦਾ ਸਸਕਾਰ ਕੀਤਾ : ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰਦੁਆਰਾ ਸੀਸਗੰਜ, ਸ੍ਰੀ ਅਨੰਦਪੁਰ ਸਾਹਿਬ ਵਿਖੇ।
- ❖ ਜੋਤੀ-ਜੋਤ ਸਮਾਉਣਾ : 1675 ਈ. ਵਿੱਚ ਚਾਂਦਨੀ ਚੌਂਕ, ਦਿੱਲੀ ਵਿਖੇ
- ❖ ਉੱਤਰਾਧਿਕਾਰੀ : ਗੋਬਿੰਦ ਰਾਏ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ)

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

- ❖ ਜਨਮ : 1666 ਈ: ਵਿੱਚ ਪਟਨਾ ਸਾਹਿਬ ਵਿਖੇ
- ❖ ਮਾਤਾ/ਪਿਤਾ : ਮਾਤਾ ਗੁਜਰੀ ਜੀ/ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ
- ❖ ਪਤਨੀ : ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ
- ❖ ਸਪੁੱਤਰ : ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਜੀ
- ❖ ਗੁਰਗੱਦੀ : 1675-1708 ਈ:
- ❖ ਮਹਾਨ ਕਾਰਜ : 1699 ਈ: ਵਿਚ ਖ਼ਾਲਸਾ ਪੰਥ ਦੀ ਸਥਾਪਨਾ (ਸ੍ਰੀ ਅਨੰਦਪੁਰ ਸਾਹਿਬ ਵਿਖੇ)
- ❖ ਸ਼ਹਿਰ ਵਸਾਇਆ : ਪਾਉਂਟਾ ਸਾਹਿਬ
- ❖ ਰਚਨਾਵਾਂ : ਦਸਮ ਗ੍ਰੰਥ, ਵਾਰ ਸ੍ਰੀ ਭਗਉਤੀ ਜੀ ਕੀ, ਬਚਿਤ੍ਰ ਨਾਟਕ, ਅਕਾਲ ਉਸਤਤਿ, ਚੰਡੀ ਦੀ ਵਾਰ, ਜਾਪੁ ਸਾਹਿਬ, ਸਵਯੇ ਅਤੇ ਜ਼ਫ਼ਰਨਾਮਾ
- ❖ ਉੱਤਰਾਧਿਕਾਰੀ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
- ❖ ਜੋਤੀ-ਜੋਤ ਸਮਾਉਣਾ : 1708 ਈ: ਵਿੱਚ ਨਾਂਦੇੜ (ਮਹਾਂਰਾਸ਼ਟਰ) ਵਿਖੇ

## ਚਾਰ ਸਾਹਿਬਜ਼ਾਦੇ

1. ਬਾਬਾ ਅਜੀਤ ਸਿੰਘ ਜੀ
2. ਬਾਬਾ ਜੁਝਾਰ ਸਿੰਘ ਜੀ
3. ਬਾਬਾ ਜ਼ੋਰਾਵਰ ਸਿੰਘ ਜੀ
4. ਬਾਬਾ ਫ਼ਤਿਹ ਸਿੰਘ ਜੀ

## ਪੰਜ ਪਿਆਰੇ

1. ਭਾਈ ਦਇਆ ਸਿੰਘ ਜੀ : ਲਾਹੌਰ (ਪੰਜਾਬ)
2. ਭਾਈ ਧਰਮ ਸਿੰਘ ਜੀ : ਹਸਤਨਾਪੁਰ, ਉੱਤਰ ਪ੍ਰਦੇਸ਼
3. ਭਾਈ ਹਿੰਮਤ ਸਿੰਘ ਜੀ : ਪੁਰੀ, ਉੜੀਸਾ
4. ਭਾਈ ਮੋਹਕਮ ਸਿੰਘ ਜੀ : ਦਵਾਰਕਾ, ਗੁਜਰਾਤ
5. ਭਾਈ ਸਾਹਿਬ ਸਿੰਘ ਜੀ : ਬਿਦਰ, ਕਰਨਾਟਕ

## ਸਿੱਖ ਧਰਮ ਦੇ ਪੰਜ ਤਖ਼ਤ

1. ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
2. ਸ੍ਰੀ ਪਟਨਾ ਸਾਹਿਬ, ਬਿਹਾਰ
3. ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ
4. ਸ੍ਰੀ ਦਮਦਮਾ ਸਾਹਿਬ, ਬਠਿੰਡਾ
5. ਸ੍ਰੀ ਹਜ਼ੂਰ ਸਾਹਿਬ, ਮਹਾਂਰਾਸ਼ਟਰ

## ਮਹਾਰਾਜਾ ਰਣਜੀਤ ਸਿੰਘ

- ਜਨਮ : 1780 ਈ: ਵਿੱਚ ਗੁਜਰਾਂਵਾਲ਼ਾ ਵਿਖੇ (ਹੁਣ ਪਾਕਿਸਤਾਨ ਵਿੱਚ)
- ਦਿਹਾਂਤ : 1839 ਈ:
- ਮਾਤਾ/ਪਿਤਾ : ਸਰਦਾਰਨੀ ਰਾਜ ਕੌਰ/ਸਰਦਾਰ ਮਹਾਂ ਸਿੰਘ
- ਪਛਾਣ : ਸ਼ੇਰ-ਏ-ਪੰਜਾਬ
- ਮਿਸਲ : ਸ਼ੁਕਰਚੱਕੀਆ

❖ ਪਤਨੀ : ਮਹਿਤਾਬ ਕੌਰ

❖ ਰਾਜਧਾਨੀ : ਲਾਹੌਰ

❖ ਜਾਰੀ ਕੀਤਾ : ਨਾਨਕਸ਼ਾਹੀ ਸਿੱਕੇ

❖ ਬਣਵਾਇਆ : ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ

❖ ਸੋਨੇ ਦੀਆਂ ਪਲੇਟਾਂ ਦਾਨ ਕੀਤੀਆਂ : ਸ੍ਰੀ ਹਰਿਮੰਦਰ ਸਾਹਿਬ ਦੀਆਂ ਕੰਧਾਂ ਲਈ

## ਅਭਿਆਸ

**1. ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਕਦੋਂ ਹੋਇਆ:**

(ੳ) 1620 ਈ: (ਅ) 1621 ਈ: (ੲ) 1622 ਈ: (ਸ) 1623 ਈ:

**2. 'ਆਦਿ ਗ੍ਰੰਥ' ਦੀ ਸੰਪਾਦਨਾ ਕਦੋਂ ਹੋਈ:**

(ੳ) 1603 ਈ: (ਅ) 1604 ਈ: (ੲ) 1605 ਈ: (ਸ) 1606 ਈ:

**3. ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹਨ:**

(ੳ) ਪਹਿਲੇ ਗੁਰੂ (ਅ) ਦੂਜੇ ਗੁਰੂ (ੲ) ਤੀਜੇ ਗੁਰੂ (ਸ) ਚੌਥੇ ਗੁਰੂ

**4. ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਕਿਸ ਨੇ ਰੱਖਿਆ:**

(ੳ) ਪੀਰ ਬੁੱਧੂ ਸ਼ਾਹ (ਅ) ਸਾਂਈਂ ਮੀਆਂ ਮੀਰ ਜੀ
(ੲ) ਅਟੱਲ ਰਾਏ ਜੀ (ਸ) ਭਾਈ ਗੁਰਦਾਸ ਜੀ

**5. ਖ਼ਾਲਸਾ ਪੰਥ ਦੀ ਸਾਜਨਾ ਕਿਹੜੇ ਗੁਰੂ ਸਾਹਿਬ ਨੇ ਕੀਤੀ:**

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਹਰਿਗੋਬਿੰਦ ਜੀ
(ੲ) ਗੁਰੂ ਤੇਗ਼ ਬਹਾਦਰ ਜੀ (ਸ) ਗੁਰੂ ਗੋਬਿੰਦ ਸਿੰਘ ਜੀ

**ਸ੍ਰੋਤ:** ਗੁਰੂ-ਸਾਹਿਬਾਨ ਸੰਬੰਧੀ ਜਾਣਕਾਰੀ ਲਈ ਸ੍ਰੋਤ ਨਿਮਨਲਿਖਤ ਪੁਸਤਕਾਂ ਹਨ:

1. ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ (ਪ੍ਰੋ. ਸਾਹਿਬ ਸਿੰਘ)
2. ਗੁਰ-ਇਤਿਹਾਸ ਪਾਤਸ਼ਾਹੀ ਦੂਜੀ ਤੋਂ ਨੌਂਵੀਂ (ਪ੍ਰੋ. ਸਾਹਿਬ ਸਿੰਘ)
3. ਸਿੱਖ-ਇਤਿਹਾਸ ਭਾਗ-1 (ਪ੍ਰੋ. ਕਰਤਾਰ ਸਿੰਘ ਐੱਮ.ਏ.)

# ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ

ਮਨੁੱਖੀ ਬੋਲ-ਚਾਲ ਰਾਹੀਂ ਵਿਚਾਰਾਂ ਦੇ ਆਦਾਨ-ਪ੍ਰਦਾਨ ਦੇ ਸਾਧਨ ਨੂੰ ਬੋਲੀ ਜਾਂ ਭਾਸ਼ਾ ਕਿਹਾ ਜਾਂਦਾ ਹੈ। ਇਹ ਮਨੁੱਖੀ ਸੰਚਾਰ ਦਾ ਇੱਕ ਮੌਖਿਕ ਕਾਰਜ ਹੈ। ਵਿਸ਼ਵ ਦਾ ਹਰ ਸਮਾਜ ਆਪਣੇ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਹਰ ਦੇਸ ਜਾਂ ਸਮਾਜ ਦੀ ਭਾਸ਼ਾ ਵੱਖਰੀ-ਵੱਖਰੀ ਹੋ ਸਕਦੀ ਹੈ, ਜਿਵੇਂ: ਪੰਜਾਬ ਦੀ ਪੰਜਾਬੀ, ਬੰਗਾਲ ਦੀ ਬੰਗਲਾ, ਅਮਰੀਕਾ ਤੇ ਇੰਗਲੈਂਡ ਦੀ ਅੰਗਰੇਜ਼ੀ ਹੈ। ਪੰਜਾਬੀ ਭਾਸ਼ਾ ਦੇਸਾਂ ਅਤੇ ਵਿਦੇਸ਼ਾਂ ਵਿੱਚ ਵੱਸਦੇ ਸਮੂਹ ਪੰਜਾਬੀਆਂ ਦੀ ਭਾਸ਼ਾ ਹੈ। ਇਹ ਪੰਜਾਬੀ ਸਮਾਜ ਜਾਂ ਪੰਜਾਬ ਸੂਬੇ ਦੇ ਸਮੂਹ ਪੰਜਾਬੀਆਂ ਦੀ ਸਾਂਝੀ ਭਾਸ਼ਾ ਹੈ। ਅਜ਼ਾਦੀ ਉਪਰੰਤ ਭਾਰਤ ਵਿੱਚ ਭਾਰਤੀ ਸੰਵਿਧਾਨ ਅਨੁਸਾਰ ਪੰਜਾਬੀ ਭਾਸ਼ਾ ਭਾਰਤ ਦੀਆਂ 22 ਭਾਸ਼ਾਵਾਂ ਵਿੱਚ ਸ਼ਾਮਲ ਕੀਤੀ ਗਈ ਹੈ। ਇਸ ਐਕਟ ਅਨੁਸਾਰ ਪੰਜਾਬ ਰਾਜ ਵਿੱਚ ਪੰਜਾਬੀ ਭਾਸ਼ਾ ਦੇ ਦਫ਼ਤਰੀ ਤੌਰ ’ਤੇ ਲਿਖਤੀ ਰੂਪ ਲਈ ਗੁਰਮੁਖੀ ਲਿਪੀ ਨੂੰ ਮਾਨਤਾ ਦਿੱਤੀ ਗਈ। ਪੰਜਾਬ ਰਾਜ ਵਿੱਚ ਸਾਰਾ ਦਫ਼ਤਰੀ ਤੇ ਸਰਕਾਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਹੋਣਾ ਲਾਜ਼ਮੀ ਹੈ। ਅਜੋਕੇ ਦੌਰ ਵਿੱਚ ਪੰਜਾਬ ਦੇ ਕਿਸੇ ਵੀ ਵਿਭਾਗ ਵਿੱਚ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਦਸਵੀਂ ਜਮਾਤ ਤੱਕ ਪੰਜਾਬੀ ਵਿਸ਼ੇ ਦੀ ਪੜ੍ਹਾਈ ਕੀਤੀ ਹੋਈ ਹੋਣੀ ਲਾਜ਼ਮੀ ਕੀਤੀ ਗਈ ਹੈ।

### ਪੰਜਾਬੀ ਭਾਸ਼ਾ ਦਾ ਖੇਤਰ / ਦਾਇਰਾ

ਵਰਤਮਾਨ ਸਮੇਂ ਵਿੱਚ ਪੰਜਾਬੀ ਭਾਸ਼ਾ ਦਾ ਖੇਤਰ ਦਿਨ-ਬਦਿਨ ਵੱਡਾ ਹੋ ਰਿਹਾ ਹੈ। ਪੰਜਾਬ, ਪੰਜਾਬੀ ਭਾਸ਼ਾ ਦਾ ਮੁੱਖ ਖੇਤਰ ਹੈ ਅਤੇ ਇਸ ਰਾਜ ਦੀ ਇਹ ਪਹਿਲੇ ਦਰਜੇ ਦੀ ਸਰਕਾਰੀ/ਦਫ਼ਤਰੀ ਅਤੇ ਰਾਜ-ਭਾਸ਼ਾ ਹੈ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਪੰਜਾਬੀ ਭਾਸ਼ਾ ਬੋਲੀ ਜਾ ਰਹੀ ਹੈ। ਇਹ ਪੰਜਾਬੀਆਂ ਦੀ ਮਾਂ-ਬੋਲੀ ਹੈ। ਪੰਜਾਬ ਤੋਂ ਇਲਾਵਾ ਭਾਰਤ ਦੇ ਹੋਰ ਸੂਬਿਆਂ, ਜਿੱਥੇ-ਜਿੱਥੇ ਵੀ ਪੰਜਾਬੀ ਵੱਸਦੇ ਹਨ, ਜਿਵੇਂ: ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਚੰਡੀਗੜ੍ਹ, ਮਹਾਂਰਾਸ਼ਟਰ, ਕਲਕੱਤਾ, ਅਸਾਮ, ਜੰਮੂ ਤੇ ਕਸ਼ਮੀਰ, ਰਾਜਸਥਾਨ, ਗੁਜਰਾਤ, ਬਿਹਾਰ ਆਦਿ ਵਿੱਚ ਵੀ ਪੰਜਾਬੀ ਬੋਲੀ ਜਾਂਦੀ ਹੈ। ਦਿੱਲੀ ਅਤੇ ਹਰਿਆਣਾ ਸੂਬਿਆਂ ਵਿੱਚ ਵੀ ਪੰਜਾਬੀ ਭਾਸ਼ਾ ਦੂਜੇ ਦਰਜੇ ਦੀ ਭਾਸ਼ਾ ਹੈ ਜਦੋਂਕਿ ਹਿਮਾਚਲ ਪ੍ਰਦੇਸ਼ ਵਿੱਚ ਇਹ ਤੀਸਰੇ ਦਰਜੇ ਦੀ ਭਾਸ਼ਾ ਹੈ। ਭਾਰਤ ਤੋਂ ਬਾਹਰ ਦੇ ਦੇਸਾਂ, ਜਿਵੇਂ: ਕਨੇਡਾ ਵਿੱਚ ਪੰਜਾਬੀ ਭਾਸ਼ਾ ਉੱਥੋਂ ਦੀ ਤੀਜੇ ਦਰਜੇ (ਅੰਗਰੇਜ਼ੀ ਅਤੇ ਫ਼੍ਰੈਂਚ ਤੋਂ ਬਾਅਦ) ਦੀ ਹਰਮਨ-ਪਿਆਰੀ ਭਾਸ਼ਾ ਹੈ। ਵਿਸ਼ਵ ਵਿੱਚ ਸਭ ਤੋਂ ਵੱਧ ਪੰਜਾਬੀ ਬੋਲਣ ਵਾਲ਼ਿਆਂ ਦੀ ਗਿਣਤੀ ਪਾਕਿਸਤਾਨ ਵਿੱਚ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਦੇਸ-ਵਿਦੇਸ਼ ਵਿੱਚ ਜਿੱਥੇ ਵੀ ਪੰਜਾਬੀ ਵੱਸੇ ਹੋਏ ਹਨ, ਉੱਥੇ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ। ਵਿਸ਼ਵ-ਪੱਧਰ ’ਤੇ ਕੀਤੇ ਜਾਣ ਵਾਲ਼ੇ ਸਰਵੇਖਣਾਂ ਵਿੱਚ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਵਿਸ਼ਵ ਦੀਆਂ ਦਸ ਹਰਮਨ-ਪਿਆਰੀਆਂ ਭਾਸ਼ਾਵਾਂ ਵਿੱਚ ਪੰਜਾਬੀ ਦਸਵੇਂ ਸਥਾਨ ’ਤੇ ਹੈ।

ਅਜੋਕੇ ਦੌਰ ਵਿੱਚ ਪੰਜਾਬੀ ਭਾਸ਼ਾ ਵਿਸ਼ਵ ਦੀ ਕਿਸੇ ਵੀ ਭਾਸ਼ਾ ਨਾਲ਼ੋਂ ਘੱਟ ਨਹੀਂ ਹੈ। ਇਹ ਬ੍ਰਹਿਮੰਡ ਦੇ ਹਰ ਵਰਤਾਰੇ ਨੂੰ ਆਪਣੇ ਸੰਚਾਰ ਦਾ ਆਧਾਰ ਬਣਾਉਣ ਦੇ ਸਮਰੱਥ ਹੈ। ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਜਿਵੇਂ-ਜਿਵੇਂ ਪੰਜਾਬੀ, ਵਿਸ਼ਵ ਦੇ ਵੱਖ-ਵੱਖ ਕੋਨਿਆਂ ਵਿੱਚ ਵੱਸਦੇ ਜਾ ਰਹੇ ਹਨ, ਤਿਵੇਂ-ਤਿਵੇਂ ਪੰਜਾਬੀ ਭਾਸ਼ਾ ਵਿਸ਼ਵ ਦੇ ਹੋਰਨਾਂ ਖੇਤਰਾਂ ਵਿੱਚ ਵੀ ਫੈਲਦੀ ਜਾ ਰਹੀ ਹੈ। ਇਸ ਦਾ ਆਪਣਾ ਅਮੀਰ ਅਤੇ ਸੁਤੰਤਰ ਸਾਹਿਤਿਕ ਵਿਰਸਾ ਹੈ।

## ਪੰਜਾਬੀ ਭਾਸ਼ਾ ਦਾ ਸੰਖੇਪ ਇਤਿਹਾਸ

ਪੰਜਾਬੀ ਭਾਸ਼ਾ ਦਾ ਇਤਿਹਾਸ ਅੱਜ ਤੋਂ ਕਰੀਬ ਚਾਰ ਹਜ਼ਾਰ ਸਾਲ ਤੋਂ ਵੀ ਵੱਧ ਪ੍ਰਾਚੀਨ ਆਰੀਆ ਲੋਕਾਂ ਦੀ ਵੈਦਿਕ-ਸੰਸਕ੍ਰਿਤ ਭਾਸ਼ਾ ਨਾਲ਼ ਜੁੜਿਆ ਹੋਇਆ ਹੈ। ਬਾਰ੍ਹਵੀਂ-ਤੇਰ੍ਹਵੀਂ ਸਦੀ ਵਿੱਚ ਬਾਬਾ ਸ਼ੇਖ਼ ਫ਼ਰੀਦ ਦੀ ਰਚਨਾ ਵਿੱਚੋਂ ਪੰਜਾਬੀ ਭਾਸ਼ਾ ਦਾ ਅਜੋਕੇ ਮੁਹਾਂਦਰੇ ਵਾਲ਼ਾ ਪ੍ਰਮਾਣਿਕ ਰੂਪ ਸਾਮ੍ਹਣੇ ਆਇਆ। ਇਸੇ ਕਾਰਨ ਬਾਬਾ ਸ਼ੇਖ਼ ਫ਼ਰੀਦ ਨੂੰ ਪੰਜਾਬੀ ਭਾਸ਼ਾ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਵੱਖ-ਵੱਖ ਇਤਿਹਾਸਿਕ ਪੜਾਵਾਂ ਦੇ ਵਿਕਾਸ ਵਿੱਚੋਂ ਪੰਜਾਬੀ ਭਾਸ਼ਾ ਵਿੱਚ ਸੂਫ਼ੀ-ਕਾਵਿ, ਕਿੱਸਾ-ਕਾਵਿ, ਗੁਰਮਤਿ-ਕਾਵਿ, ਬੀਰ-ਕਾਵਿ, ਆਧੁਨਿਕ-ਕਾਵਿ, ਵਾਰਤਕ-ਸਾਹਿਤ, ਗ਼ਲਪ-ਸਾਹਿਤ ਅਤੇ ਸਟੇਜੀ ਸਾਹਿਤ (ਨਾਟਕ ਕਲਾ) ਰਚਿਆ ਗਿਆ। ਆਧੁਨਿਕ ਯੁੱਗ ਵਿੱਚ ਪੰਜਾਬੀ ਭਾਸ਼ਾ ਨੂੰ ਟਕਸਾਲੀ ਅਤੇ ਰਾਜ-ਭਾਸ਼ਾ ਹੋਣ ਦਾ ਮਾਣ ਪ੍ਰਾਪਤ ਹੈ।

ਪੰਜਾਬੀਆਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਪੰਜਾਬੀ ਭਾਸ਼ਾ ਵਿਸ਼ਵ-ਪੱਧਰ ’ਤੇ ਮੁੰਬਈ ਦੀ ਫ਼ਿਲਮ-ਨਗਰੀ ਦਾ ਵੀ ਅਟੁੱਟ ਹਿੱਸਾ ਹੈ ਅਤੇ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਨੇ ਵਿਸ਼ਵ-ਪੱਧਰੀ ਹਰਮਨ-ਪਿਆਰਤਾ ਵੀ ਪ੍ਰਾਪਤ ਕੀਤੀ ਹੈ। ਇਹ ਦੁਨੀਆ ਦੀ ਦਸਵੀਂ ਅਤੇ ਏਸ਼ੀਆ ਦੀ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲ਼ੀ ਭਾਸ਼ਾ ਹੈ। ਮਾਝੀ, ਮਲਵਈ, ਦੁਆਬੀ, ਪੁਆਧੀ ਪੰਜਾਬੀ ਦੀਆਂ ਪ੍ਰਮੁੱਖ ਉਪ-ਭਾਸ਼ਾਵਾਂ ਹਨ।

## ਪੰਜਾਬੀ ਭਾਸ਼ਾ ਦੀ ਬਣਤਰ

ਪੰਜਾਬੀ ਭਾਸ਼ਾ ਦੀ ਬਣਤਰ ਵਿੱਚ ਹੇਠ ਲਿਖੀਆਂ 5 ਭਾਸ਼ਾਈ ਇਕਾਈਆਂ ਅਹਿਮ ਹਨ:

**ਧੁਨੀਆਂ:** ਮਨੁੱਖੀ ਮੂੰਹ (ਗਲ਼ੇ) ਵਿੱਚੋਂ ਨਿਕਲ਼ਨ ਵਾਲ਼ੀ ਛੋਟੀ ਤੋਂ ਛੋਟੀ ਅਵਾਜ਼ ਨੂੰ ਧੁਨੀ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਦੀਆਂ ਕੁੱਲ 41 ਧੁਨੀਆਂ ਹਨ।

1. ਸ੍ਵਰ-ਧੁਨੀਆਂ:
ਪੰਜਾਬੀ ਭਾਸ਼ਾ ਦੀਆਂ 10 ਸ੍ਵਰ ਧੁਨੀਆਂ ਹਨ : ਅ, ਆ, ਇ, ਈ, ਉ, ਊ, ਏ, ਐ, ਓ, ਔ

2. ਵਿਅੰਜਨ-ਧੁਨੀਆਂ:
ਪੰਜਾਬੀ ਭਾਸ਼ਾ ਦੀਆਂ ਵਿਅੰਜਨ-ਧੁਨੀਆਂ ਦੀ ਗਿਣਤੀ 38 ਹੈ। ਇਹਨਾਂ ਵਿੱਚੋਂ ‘ਯ’ ਅਤੇ ‘ਵ’ ਅਰਧ-ਵਿਅੰਜਨ/ਅਰਧ- ਸ੍ਵਰ ਹਨ। ਪੰਜਾਬੀ ਦੀਆਂ ਵਿਅੰਜਨ-ਧੁਨੀਆਂ ਹੇਠ ਲਿਖੇ ਅਨੁਸਾਰ ਹਨ :

ਸ, ਹ, ਕ, ਖ, ਗ, ਘ, ਙ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ,

ਦ, ਧ, ਨ, ਪ, ਫ, ਬ, ਭ, ਮ, ਯ, ਰ, ਲ, ਵ, ੜ, ਸ਼, ਖ਼, ਗ਼, ਜ਼, ਫ਼, ਲ਼

ਧੁਨੀਆਂ ਦੇ ਸੁਮੇਲ ਤੋਂ ਸ਼ਬਦ, ਸ਼ਬਦ ਤੋਂ ਵਾਕਾਂਸ਼, ਉਪਵਾਕ ਅਤੇ ਵਾਕ ਦੇ ਸੰਜੋਗ ਵਿੱਚੋਂ ਪੰਜਾਬੀ ਭਾਸ਼ਾ ਹਰ ਤਰ੍ਹਾਂ ਦੇ ਸੰਚਾਰ ਕਰਨ ਦੇ ਸਮਰੱਥ ਇੱਕ ਸੁਤੰਤਰ ਸਰੂਪ ਵਾਲ਼ੀ ਭਾਸ਼ਾ ਦੇ ਰੂਪ ਵਿੱਚ ਹੋਂਦ ਵਿੱਚ ਆ ਚੁੱਕੀ ਹੈ। ਆਪਣੇ ਸੁਤੰਤਰ ਸੰਚਾਰ ਲਈ ਇਸ ਨੂੰ ਕਿਸੇ ਹੋਰ ਭਾਸ਼ਾ ’ਤੇ ਨਿਰਭਰ ਨਹੀਂ ਹੋਣਾ ਪੈਂਦਾ।

## ਗੁਰਮੁਖੀ ਲਿਪੀ

ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਚਿੰਨ੍ਹਾਂ ਦੇ ਸਮੂਹ ਰਾਹੀਂ ਕਿਸੇ ਭਾਸ਼ਾ ਨੂੰ ਲਿਖਤੀ ਰੂਪ ਦਿੱਤਾ ਜਾਂਦਾ ਹੈ, ਉਹਨਾਂ ਲਿਖਤੀ ਚਿੰਨ੍ਹਾਂ ਦੇ ਸਮੂਹ ਨੂੰ ਉਸ ਭਾਸ਼ਾ ਦੀ ਲਿਪੀ ਕਿਹਾ ਜਾਂਦਾ ਹੈ। ਹਰੇਕ ਭਾਸ਼ਾ ਦੀ ਆਪਣੀ ਲਿਪੀ ਹੁੰਦੀ ਹੈ। ਇਸ ਤਰ੍ਹਾਂ 41 ਧੁਨੀਆਂ ਵਾਲ਼ੀ ਪੰਜਾਬੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਜਿਨ੍ਹਾਂ 41 ਅੱਖਰਾਂ ਅਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹਨਾਂ ਦੇ ਸਮੂਹ ਨੂੰ ਗੁਰਮੁਖੀ ਲਿਪੀ ਕਿਹਾ ਜਾਂਦਾ ਹੈ। ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਲਈ ਫ਼ਾਰਸੀ ਲਿਪੀ ਵਿੱਚ ਲਿਖੀ ਜਾਣ ਵਾਲੀ ਸ਼ਾਹਮੁਖੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਇੱਕ ਹੀ ਭਾਸ਼ਾ ਨੂੰ ਵੱਖ-ਵੱਖ ਲਿਪੀਆਂ ਰਾਹੀਂ ਲਿਖਣਾ ਵੀ ਸੰਭਵ ਹੈ।

ਗੁਰਮੁਖੀ ਲਿਪੀ ਦਾ ਜਨਮ ਵੀ ਢਾਈ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਭਾਰਤ ਦੀ ਪ੍ਰਾਚੀਨ ਲਿਪੀ ਬ੍ਰਾਹਮੀ ਵਿੱਚੋਂ ਹੋਇਆ। ਇਹ ਲਿਪੀ ਵੀ ਗੁਰਮੁਖੀ ਲਿਪੀ ਵਾਂਗ ਖੱਬਿਓਂ ਸੱਜੇ ਲਿਖੀ ਜਾਂਦੀ ਸੀ।

ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰਮੁਖੀ ਗੁਰੂ-ਕਾਲ ਵਿੱਚ ਗੁਰੂਆਂ ਨੇ ਨਹੀਂ ਬਣਾਈ (ਘੜੀ)। ਇਸ ਦੇ ਅੱਖਰਾਂ ਦੇ ਬਹੁਤ ਸਾਰੇ ਪ੍ਰਮਾਣ ਗੁਰੂ-ਕਾਲ ਤੋਂ ਪਹਿਲਾਂ ਮੌਜੂਦ ਹੋਣ ਦੇ ਸਬੂਤ ਹਨ। ਇਹ ਜ਼ਰੂਰ ਹੈ ਕਿ ਗੁਰਮੁਖੀ ਦਾ ਨਾਮਕਰਨ, ਇਸ ਦੀ ਸੁਧਾਈ ਅਤੇ ਇਸ ਦੀ ਵਿਗਿਆਨਿਕ ਤਰਤੀਬ ਦੇ ਕੇ ਇਸ ਨੂੰ ਆਦਰਸ਼ ਰੂਪ ਦੇਣ ਵਿੱਚ ਸਿੱਖ ਗੁਰੂਆਂ, ਖ਼ਾਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵਡਮੁੱਲਾ ਯੋਗਦਾਨ ਰਿਹਾ ਹੈ।

## ਗੁਰਮੁਖੀ ਲਿਪੀ ਦੀ ਬਣਤਰ

ਗੁਰਮੁਖੀ ਲਿਪੀ ਵਿੱਚ ਵਰਨ-ਮਾਲਾ, ਲਗਾਂ-ਮਾਤਰਾਂ, ਲਗਾਖਰਾਂ, ਅੰਕਾਂ ਅਤੇ ਵਿਸਰਾਮ-ਚਿੰਨ੍ਹਾਂ ਦਾ ਸਮੁੱਚਾ ਪ੍ਰਬੰਧ ਸ਼ਾਮਲ ਹੈ। ਇਸ ਦੀ ਬਣਤਰ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ :

### ਵਰਨ-ਮਾਲਾ

ਗੁਰਮੁਖੀ ਲਿਪੀ ਦੇ ਸਾਰੇ ਵਰਨਾਂ/ਅੱਖਰਾਂ ਦੀ ਨਿਸ਼ਚਿਤ ਤਰਤੀਬ ਨੂੰ ਵਰਨ-ਮਾਲਾ ਕਿਹਾ ਜਾਂਦਾ ਹੈ। ਇਸ ਵਿੱਚ ਵਰਨਾਂ ਦੀ ਕੁੱਲ ਗਿਣਤੀ 41 (35+6 ਪੈਰ 'ਚ ਬਿੰਦੀ ਵਾਲ਼ੇ ਅੱਖਰ) ਹੈ । ਪੁਰਾਣੀ ਗੁਰਮੁਖੀ (ਪੈਰ ਵਿੱਚ ਬਿੰਦੀ ਵਾਲ਼ੇ ਅੱਖਰਾਂ ਨੂੰ ਛੱਡ ਕੇ) ਵਿੱਚ ਕੇਵਲ 35 ਅੱਖਰਾਂ ਦੀ ਤਰਤੀਬ ਹੋਣ ਕਰਕੇ ਇਸ ਨੂੰ ਪੈਂਤੀ ਵੀ ਕਿਹਾ ਜਾਂਦਾ ਸੀ। ਹਰੇਕ ਅੱਖਰ ਪੰਜਾਬੀ ਭਾਸ਼ਾ ਦੀ ਵੱਖਰੀ ਧੁਨੀ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਦਾ ਹੈ। ਇਸ ਦੀ ਵਰਨ-ਮਾਲਾ ਸਾਹਮਣੇ ਲਿਖੇ ਅਨੁਸਾਰ ਹੈ :

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

## ਲਗਾਂ-ਮਾਤਰਾਂ

ਪੰਜਾਬੀ ਭਾਸ਼ਾ ਦੀਆਂ ਸੂਰ-ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਗੁਰਮੁਖੀ ਲਿਪੀ ਵਿੱਚ ਵਰਤੇ ਜਾਣ ਵਾਲ਼ੇ ਲਿਖਤੀ ਚਿੰਨ੍ਹਾਂ ਨੂੰ ਲਗਾਂ-ਮਾਤਰਾਂ ਕਿਹਾ ਜਾਂਦਾ ਹੈ। ਇਹ ਅੱਖਰਾਂ/ਵਰਨਾਂ ਨਾਲ਼ ਲੱਗਣ ਵਾਲ਼ੇ ਗੁਰਮੁਖੀ ਦੇ ਲਿਖਤੀ ਚਿੰਨ੍ਹ ਹਨ। ਮੁਕਤਾ ਸਮੇਤ ਇਹਨਾਂ ਦੀ ਗਿਣਤੀ 10 ਹੈ ਜਾਂ ਮੁਕਤਾ ਤੋਂ ਇਲਾਵਾ ਇਹਨਾਂ ਦੀ ਗਿਣਤੀ 9 ਹੈ। ਮੁਕਤਾ, ਕੰਨਾ ( ਾ ), ਸਿਹਾਰੀ ( ਿ ), ਬਿਹਾਰੀ ( ੀ ), ਔਂਕੜ ( ੁ ), ਦੁਲੈਂਕੜ ( ੂ ), ਲਾਵਾਂ ( ੇ ), ਦੁਲਾਵਾਂ ( ੈ ), ਹੋੜਾ ( ੋ ), ਕਨੌੜਾ ( ੌ )=10

## ਲਗਾਖਰ

ਗੁਰਮੁਖੀ ਲਿਪੀ ਵਿੱਚ ਲਗਾਂ-ਮਾਤਰਾਂ ਨਾਲ਼ ਲੱਗਣ ਵਾਲ਼ੇ ਲਿਖਤੀ ਚਿੰਨ੍ਹਾਂ ਨੂੰ ਲਗਾਖਰ ਕਿਹਾ ਜਾਂਦਾ ਹੈ। ਇਹਨਾਂ ਦੀ ਗਿਣਤੀ 3 ਹੈ ਜੋ ਇਸ ਤਰ੍ਹਾਂ ਹੈ: ਬਿੰਦੀ ( ਂ ), ਟਿੱਪੀ ( ੰ ) ਅਤੇ ਅਧਕ ( ੱ ) ।

## ਹਿੰਦਸੇ/ਅੰਕ

ਗੁਰਮਖੀ ਲਿਪੀ ਵਿੱਚ ਅੰਕ-ਪ੍ਰਨਾਲ਼ੀ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ 10 ਹਿੰਦਸੇ/ਅੰਕ ਹਨ: ੦, ੧, ੨, ੩, ੪, ੫, ੬, ੭, ੮, ੯

## ਵਿਸਰਾਮ-ਚਿੰਨ੍ਹ

ਪੰਜਾਬੀ ਭਾਸ਼ਾ ਵਿੱਚ ਉਚਾਰਨ ਦੀ ਪੱਧਰ ’ਤੇ ਆਉਂਦੇ ਠਹਿਰਾਅ, ਲਮਕਾਅ, ਉਤਰਾਅ-ਚੜ੍ਹਾਅ ਜਾਂ ਉਚਾਰਨ ਦੇ ਵੱਖਰੇ ਅੰਦਾਜ਼ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਜਿਹੜੇ ਚਿੰਨ੍ਹ ਗੁਰਮੁਖੀ ਲਿਪੀ ਵਿੱਚ ਵਰਤੇ ਜਾਂਦੇ ਹਨ, ਉਹਨਾਂ ਨੂੰ ਵਿਸਰਾਮ-ਚਿੰਨ੍ਹ ਕਿਹਾ ਜਾਂਦਾ ਹੈ। ਇਸ ਦੇ ਕੁਝ ਮੁੱਖ ਚਿੰਨ੍ਹ ਹੇਠ ਲਿਖੇ ਅਨੁਸਾਰ ਹਨ:

ਡੰਡੀ ( । ) : ਪੂਰਨ ਠਹਿਰਾਅ

ਕਾਮਾ (,) : ਅਲਪ ਠਹਿਰਾਅ

ਬਿੰਦੀ ਕਾਮਾ (;) : ਪੂਰਨ ਤੋਂ ਘੱਟ ਅਤੇ ਅਲਪ ਠਹਿਰਾਅ ਤੋਂ ਵੱਧ ਠਹਿਰਾਅ ਲਈ

ਪ੍ਰਸ਼ਨ ਚਿੰਨ੍ਹ (?) : ਪ੍ਰਸ਼ਨ ਪੁੱਛਣ ਲਈ

ਵਿਸਮਕ-ਚਿੰਨ੍ਹ (!) : ਖ਼ੁਸ਼ੀ, ਗ਼ਮੀ, ਹੈਰਾਨੀ, ਡਰ ਆਦਿ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ

ਪੁੱਠੇ ਕਾਮੇ (“ ”) : ਕਿਸੇ ਗੱਲ ਨੂੰ ਹੂ-ਬਹੂ ਅੰਕਿਤ ਕਰਨ ਲਈ

ਜੋੜਨੀ (-) : ਸਮਾਸੀ ਸ਼ਬਦਾਂ ਜਾਂ ਦੋ ਇਕੱਠੇ ਉਚਾਰੇ ਜਾਂਦੇ ਸ਼ਬਦਾਂ ਦੇ ਜੋੜ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤਿਆ ਜਾਂਦਾ ਹੈ।

ਇਸ ਤਰ੍ਹਾਂ ਉਪਰੋਕਤ ਬਣਤਰ ਅਨੁਸਾਰ ਗੁਰਮੁਖੀ ਲਿਪੀ ਆਪਣੇ-ਆਪ ਵਿੱਚ ਇੱਕ ਸੰਪੂਰਨ ਲਿਪੀ ਹੈ ਜੋ ਬਣੀ ਹੀ ਪੰਜਾਬੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਹੈ।

## ਅਭਿਆਸ

1. **ਪੰਜਾਬੀ ਭਾਸ਼ਾ ਵਿੱਚ ਵਿਅੰਜਨ-ਧੁਨੀਆਂ ਦੀ ਗਿਣਤੀ ਹੈ:**

   (ੳ) 36 (ਅ) 37 (ੲ) 38 (ਸ) 39

2. **ਭਾਰਤੀ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ:**

   (ੳ) 21 (ਅ) 22 (ੲ) 23 (ਸ) 24

3. **ਵਿਸ਼ਵ ਵਿੱਚ ਸਭ ਤੋਂ ਵੱਧ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਿਹੜੇ ਦੇਸ ਵਿੱਚ ਹੈ:**

   (ੳ) ਭਾਰਤ (ਅ) ਪਾਕਿਸਤਾਨ (ੲ) ਕਨੇਡਾ (ਸ) ਅਮਰੀਕਾ

4. **ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ:**

   (ੳ) ਦੇਵਨਾਗਰੀ (ਅ) ਰੋਮਨ (ੲ) ਗੁਰਮੁਖੀ (ਸ) ਬ੍ਰਾਹਮੀ

5. **ਗੁਰਮੁਖੀ ਲਿਪੀ ਵਿੱਚ ਲਗਾਖਰਾਂ ਦੀ ਗਿਣਤੀ ਕਿੰਨੀ ਹੈ:**

   (ੳ) ਦੋ (ਅ) ਤਿੰਨ (ੲ) ਛੇ (ਸ) ਦਸ

# ਪੰਜਾਬੀ ਸੱਭਿਆਚਾਰ ਅਤੇ ਲੋਕ-ਧਾਰਾ

ਪੁਰਾਣੇ ਸਮਿਆਂ ਦੀ ਸਾਦਗੀ, ਖੁੱਲ੍ਹਾ ਖਾਣ-ਪੀਣ, ਮੇਲੇ, ਸਾਡੇ ਸੱਭਿਆਚਾਰ ਦਾ ਅੰਗ ਸਨ। ਲੋਕ ਰੱਜ ਕੇ ਮਿਹਨਤ ਕਰਦੇ ਸਨ ਤੇ ਸਾਦਾ ਜੀਵਨ ਜਿਊਂਦੇ ਸਨ। ਸਾਡੇ ਬਜ਼ੁਰਗ ਪੂਰੀ ਮਿਹਨਤ ਨਾਲ਼ ਕੰਮ ਕਰਦੇ ਅਤੇ ਹਰ ਦੁੱਖ-ਸੁੱਖ ਦੀ ਘੜੀ ਹਰ ਵੇਲ਼ੇ ਹਾਜ਼ਰ ਰਹਿੰਦੇ ਸਨ। ਕਿਸੇ ਇੱਕ ਬੰਦੇ ਦੇ ਦੁੱਖ ਨੂੰ ਸਾਰੇ ਪਿੰਡ ਦਾ ਦੁੱਖ ਮੰਨਿਆ ਜਾਂਦਾ ਸੀ। ਕਿਸੇ ਇੱਕ ਘਰ ਪਰਾਹੁਣਾ ਆਉਣਾ ਤਾਂ ਸਿਰ 'ਤੇ ਚੁੱਕੀ ਰੱਖਣਾ, ਉਸ ਦਾ ਪੂਰਾ ਮਾਣ-ਸਤਿਕਾਰ ਕਰਨਾ। ਇਸ ਤੋਂ ਇਲਾਵਾ ਪੂਰੇ ਪਿੰਡ 'ਚ ਏਕਤਾ ਹੁੰਦੀ ਸੀ। ਪੁਰਾਣੇ ਸਮੇਂ 'ਚ ਪੰਜਾਬ ਦੇ ਲੋਕ ਰੱਜ ਕੇ ਦੁੱਧ ਪੀਂਦੇ ਸਨ। ਪੁਰਾਣੀਆਂ ਬੀਬੀਆਂ ਚਰਖੇ ਕੱਤਦੀਆਂ, ਫੁਲਕਾਰੀ ਕੱਢਦੀਆਂ, ਦੁੱਧ ਰਿੜਕਦੀਆਂ ਅਤੇ ਘਰ ਦੀ ਸਾਫ਼-ਸਫ਼ਾਈ ਵੀ ਆਪ ਹੀ ਕਰਦੀਆਂ ਸਨ। ਪਿੰਡ ਦੇ ਲੋਕ ਆਪਸ 'ਚ ਹੀ ਚੀਜ਼ਾਂ ਦਾ ਵਟਾਂਦਰਾ ਕਰਦੇ ਸਨ, ਜਿਵੇਂ: ਦੁੱਧ ਲੈ ਕੇ ਛੋਲੇ ਤੇ ਦਾਣੇ ਆਦਿ ਦੇਣਾ।

## ਪੰਜਾਬੀ ਲੋਕ-ਧਾਰਾ

ਪੰਜਾਬੀ ਲੋਕ-ਧਾਰਾ ਅਤੇ ਸੱਭਿਆਚਾਰ ਸਿੱਕੇ ਦੇ ਦੋ ਪਾਸਿਆਂ ਵਾਂਗ ਹਨ। ਇਸੇ ਕਾਰਨ ਦੋਂਹਾਂ ਖੇਤਰਾਂ ਨੂੰ ਇੱਕ-ਦੂਜੇ ਦੇ ਨਾਂ ਨਾਲ਼ ਬੁਲਾ ਲਿਆ ਜਾਂਦਾ ਹੈ। ਬਹੁਤ ਸਾਰੇ ਵਿਦਵਾਨਾਂ ਅਨੁਸਾਰ ਵਿਰਸੇ ਵਿੱਚ ਮਿਲ਼ਨ ਵਾਲ਼ੀ ਸਮਗਰੀ ਨੂੰ ਲੋਕ-ਧਾਰਾ ਕਿਹਾ ਜਾ ਸਕਦਾ ਹੈ। ਲੋਕ-ਧਾਰਾ ਪੂਰੀ ਤਰ੍ਹਾਂ ਬੀਤੇ ਸਮੇਂ ਨਾਲ਼ ਜੁੜੀ ਹੁੰਦੀ ਹੈ। ਪਰੰਤੂ ਲੋਕ-ਧਾਰਾ ਨੂੰ ਸੱਭਿਆਚਾਰ ਦੇ ਸੰਚਾਰ ਦਾ ਸਾਧਨ ਵੀ ਮੰਨਿਆ ਜਾਂਦਾ ਹੈ ਕਿਉਂਕਿ ਇਹ ਸੱਭਿਆਚਾਰ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਲੈ ਕੇ ਜਾਂਦੀ ਹੈ।

ਇਹ ਸ਼ਬਦ, ਦੋ ਸ਼ਬਦਾਂ: ਲੋਕ ਅਤੇ ਧਾਰਾ ਦੇ ਸੁਮੇਲ ਨਾਲ਼ ਬਣਦਾ ਹੈ। ਲੋਕ ਤੋਂ ਅਰਥ 'ਆਮ ਲੋਕ' ਅਤੇ ਧਾਰਾ ਤੋਂ ਭਾਵ 'ਵਹਾਅ' ਹੈ। ਬਹੁਤ ਹੀ ਸਧਾਰਨ ਸ਼ਬਦਾਂ ਵਿੱਚ ਹਰ ਸਮਾਜ ਦਾ ਇੱਕ ਜਿਊਂਣ-ਢੰਗ ਹੁੰਦਾ ਹੈ।ਇਹ ਇੱਕ ਪੀੜ੍ਹੀ ਦੁਆਰਾ ਆਪਣੀ ਦੂਜੀ ਪੀੜ੍ਹੀ (ਬੱਚਿਆਂ) ਨੂੰ ਸਿਖਾਇਆ ਜਾਂਦਾ ਹੈ, ਇਹੋ ਉਹਨਾਂ ਦੀ ਲੋਕ-ਧਾਰਾ ਅਖਵਾਉਂਦੀ ਹੈ। ਲੋਕ-ਧਾਰਾ ਨੂੰ ਸਮਝਣ ਦਾ ਜਤਨ ਕਰੀਏ ਤਾਂ ਮੋਟੇ ਤੌਰ 'ਤੇ ਇਹ ਅਜਿਹੀ ਜੀਵਨ-ਜਾਚ ਹੈ ਜੋ ਆਮ ਲੋਕਾਂ ਦੁਆਰਾ ਮੰਨਣਯੋਗ ਅਤੇ ਵਿਰਸੇ ਵਿੱਚੋਂ ਪ੍ਰਾਪਤ ਕੀਤੀ ਹੁੰਦੀ ਹੈ।

## ਰੀਤੀ-ਰਿਵਾਜ

ਸਾਡਾ ਸਮੁੱਚਾ ਜੀਵਨ ਹੀ ਰੀਤੀ-ਰਿਵਾਜਾਂ ਦੀ ਮਰਯਾਦਾ ਵਿੱਚ ਬੱਝਾ ਹੋਇਆ ਹੈ। ਇਹ ਮਰਯਾਦਾਵਾਂ ਪੰਜਾਬੀ ਭਾਈਚਾਰੇ ਦੇ ਲੋਕਾਂ ਨਾਲ਼ ਗਹਿਰੇ ਤੌਰ 'ਤੇ ਜੁੜੀਆਂ ਹੋਈਆਂ ਹਨ। ਮੰਨਿਆ ਜਾਂਦਾ ਹੈ ਕਿ ਇਹਨਾਂ ਦਾ ਪਾਲਣ ਕਰਨ ਨਾਲ਼ ਹੀ ਬੰਦੇ ਦਾ ਨੱਕ ਰਹਿੰਦਾ ਹੈ। ਇਸ ਲਈ ਉਹ ਔਖਾ-ਸੌਖਾ ਇਸ ਲੋਕਾਚਾਰੀ ਦੀ ਪਾਲਣਾ ਜ਼ਰੂਰ ਕਰਦਾ ਹੈ। ਹਰ ਭਾਈਚਾਰੇ ਦੇ ਆਪਣੇ ਵੱਖਰੇ ਰੀਤੀ-ਰਿਵਾਜ ਤੇ ਮਨੌਤਾਂ ਹਨ। ਰੀਤੀ-ਰਿਵਾਜ ਜਾਂ ਰਸਮ-ਰਿਵਾਜ ਲੋਕ-ਧਾਰਾ ਦਾ ਅਜਿਹਾ ਅੰਗ ਹਨ ਜਿਨ੍ਹਾਂ ਦੀ ਪਾਲਣਾ ਲੋਕਾਚਾਰ ਦੇ ਨਿਯਮਾਂ 'ਤੇ ਆਧਾਰਿਤ ਹੁੰਦੀ ਹੈ। ਰਸਮ ਅਦਾ ਕੀਤੀ ਜਾਂਦੀ ਹੈ। ਅਦਾ ਕੀਤੀ ਰਸਮ ਜਦੋਂ ਰੂੜ੍ਹ ਹੋ ਜਾਂਦੀ ਹੈ ਤਾਂ ਉਹ ਰਿਵਾਜ ਬਣ

ਜਾਂਦਾ ਹੈ। ਇਉਂ ਰਸਮਾਂ ਤੇ ਰਿਵਾਜ ਪੱਕੇ ਹੁੰਦੇ ਗਏ। ਇਹ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ ਅਤੇ ਬੰਦੇ ਦੇ ਮਰਨ ਮਗਰੋਂ ਉਹਦੀ ਗਤੀ ਲਈ, ਮਰਨ ਉਪਰੰਤ ਵੀ ਚੱਲਦੇ ਰਹਿੰਦੇ ਹਨ। ਰਸਮਾਂ ਜੀਵਨ ਦੇ ਤਿੰਨ ਮਹੱਤਵਪੂਰਨ ਪੜਾਵਾਂ ਨਾਲ਼ ਵਿਸ਼ੇਸ਼ ਸੰਬੰਧ ਰੱਖਦੀਆਂ ਹਨ।

## ਜਨਮ ਸਮੇਂ ਦੀਆਂ ਰਸਮਾਂ

ਗਰਭਵਤੀ ਔਰਤ ਦੇ ਪੱਲੇ ਅਨਾਜ ਬੰਨ੍ਹਣਾ, ਜਣੇਪੇ ਸਮੇਂ ਬੰਧਨਵਾਰ ਬੰਨ੍ਹਣਾ, ਥਾਲ਼ੀ ਖੜਕਾਉਣਾ, ਠੀਕਰਾ ਭੰਨਣਾ, ਨਾੜੂਆ ਕੱਟਣਾ, ਗੁੜ੍ਹਤੀ ਦੇਣਾ, ਨਾਮ-ਸੰਸਕਾਰ, ਬਾਹਰ ਵਧਾਉਣਾ, ਖ਼ੁਸਰੇ ਨਚਾਉਣਾ ਆਦਿ ਜਨਮ ਦੀਆਂ ਰਸਮਾਂ ਹਨ।

## ਵਿਆਹ ਸਮੇਂ ਦੀਆਂ ਰਸਮਾਂ

ਰੋਕ ਕਰਨਾ ਜਾਂ ਠਾਕਾ ਲਾਉਣਾ, ਛੁਹਾਰਾ ਲਾਉਣਾ ਇੱਕੋ ਰਸਮ ਦਾ ਇਲਾਕਾਈ ਨਾਮ ਹੈ। ਕੁੜਮਾਈ, ਚੁੰਨੀ ਚੜ੍ਹਾਉਣਾ, ਰੁਪਈਆ ਹੱਥ ਧਰਨਾ ਇਸ ਰਸਮ ਦੇ ਰੂਪ ਹਨ। ਸਾਹਾ ਕਢਾਉਣਾ, ਮਾਈਏਂ ਪੈਣਾ, ਗਾਉਣ ਬਿਠਾਉਣਾ, ਨ੍ਹਾਈ-ਧੋਈ, ਵਟਣਾ, ਸਾਂਤ, ਘੋੜੀ, ਗੰਢਾਂ ਭੇਜਣਾ, ਪਰੋਸਾ ਫੇਰਨਾ, ਸੁਰਮਾ-ਸਲਾਈ, ਸਿਹਰਾ ਗੁੰਦਣਾ, ਜੰਞ ਚੜ੍ਹਨਾ, ਜੰਞ ਢੁੱਕਣਾ, ਮਿਲ਼ਨੀ, ਲਾਵਾਂ-ਫੇਰੇ, ਖੱਟ, ਡੋਲ਼ੀ ਦੀ ਵਿਦਾਇਗੀ, ਪਾਣੀ ਵਾਰਨਾ, ਗੋਤ-ਕਨਾਲ਼ਾ, ਗਾਨਾ ਖੋਲ੍ਹਣਾ, ਥਾਪੇ, ਛਟੀਆਂ ਖੇਡਣਾ ਆਦਿ ਵਿਆਹ ਦੀਆਂ ਰਸਮਾਂ ਹਨ।

## ਮੌਤ ਸਮੇਂ ਦੀਆਂ ਰਸਮਾਂ

ਮੌਤ ਸਮੇਂ ਭੁੰਜੇ ਲਾਹੁਣਾ, ਗੋਡਾ ਨਿਵਾਉਣਾ, ਨੁਹਾਉਣਾ, ਸੀੜ੍ਹੀ 'ਤੇ ਪਾਉਣਾ, ਘੜਾ ਭੰਨਣਾ, ਕਪਾਲ-ਕਿਰਿਆ ਕਰਨੀ, ਫੁੱਲ ਚੁਗਣੇ, ਚੌਥਾ, ਸਤ੍ਹਾਰਵੀਂ, ਅੰਤਿਮ ਅਰਦਾਸ, ਅਸਤ ਚੁਗਣੇ, ਰਸਮ-ਪਗੜੀ, ਹੰਗਾਮਾ ਆਦਿ ਰਸਮਾਂ ਨਿਭਾਈਆਂ ਜਾਂਦੀਆਂ ਹਨ। ਰਸਮਾਂ ਲਗ-ਪਗ ਹਰ ਖੇਤਰ ਵਿੱਚ ਹਰ ਸਮੇਂ ਲਾਗੂ ਰਹੀਆਂ ਹਨ।

## ਸਗਨ, ਅਪਸਗਨ (ਸ਼ੁੱਭ ਅਤੇ ਮੰਦੇ ਪ੍ਰਭਾਵ)

ਮਨੁੱਖ ਮੂਲ ਰੂਪ ਵਿੱਚ ਪ੍ਰਕਿਰਤਿਕ ਜੀਵ ਹੈ। ਪ੍ਰਕਿਰਤੀ ਜਾਂ ਮਨੁੱਖੀ ਜੀਵਨ ਵਿੱਚ ਵਾਪਰੀ ਕਿਸੇ ਘਟਨਾ ਦਾ ਸੰਬੰਧ ਜਦੋਂ ਕਿਸੇ ਦੂਸਰੀ ਘਟਨਾ ਨਾਲ਼ ਜੁੜ ਗਿਆ ਤਾਂ ਮਨੁੱਖ ਸਮਾਨ ਸਥਿਤੀਆਂ ਵਿੱਚ ਅਜਿਹੀਆਂ ਹੀ ਘਟਨਾਵਾਂ ਦੇ ਵਾਪਰਨ ਬਾਰੇ ਵਿਸ਼ਵਾਸ ਕਰਨ ਲੱਗ ਗਿਆ। ਚੇਤਨਾ ਦੇ ਮੁਢਲੇ ਪੜਾਅ ਤੋਂ ਹੀ ਉਹ ਪਸ਼ੂ-ਪੰਛੀਆਂ, ਰੂਹਾਂ, ਬਦਰੂਹਾਂ ਦੀ ਹੋਂਦ ਪ੍ਰਵਾਨ ਕਰਦਾ ਰਿਹਾ ਹੈ। ਸਗਨ ਦਾ ਅਰਥ ਸ਼ੁੱਭ ਕਰਮ, ਚੰਗਾ ਪ੍ਰਭਾਵ, ਚੜ੍ਹਦੀ ਕਲਾ ਦਾ ਅਹਿਸਾਸ ਹੈ ਚੰਗੇ ਸਗਨ ਨੂੰ ਜਿੱਤ ਜਾਂ ਸਫਲਤਾ ਦਾ ਸੰਕੇਤ ਅਤੇ ਬੁਰੇ ਸਗਨ-ਅਪਸਗਨ ਨੂੰ ਹਾਰ ਜਾਂ ਅਸਫਲਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਇਹ ਤਿੱਥ, ਵਾਰ, ਮਨੁੱਖੀ ਸਰੀਰ ਦੇ ਅੰਗ, ਖਾਣ-ਪੀਣ, ਪਹਿਨਣ ਸੰਬੰਧੀ, ਜਨਮ-ਮੌਤ ਸੰਬੰਧੀ, ਧਰਤੀ ਤੇ ਅਕਾਸ਼ ਸੰਬੰਧੀ, ਜੀਵਾਂ ਸੰਬੰਧੀ, ਨਜ਼ਰ ਲੱਗਣ ਸੰਬੰਧੀ, ਦਿਨਾਂ ਸੰਬੰਧੀ, ਭੁਚਾਲ਼ ਸੰਬੰਧੀ, ਅੰਕਾਂ ਸੰਬੰਧੀ ਵੀ ਪ੍ਰਚਲਿਤ ਹੋ ਗਏ ਹਨ।

## ਪੁੰਨ-ਪਾਪ

ਪੁੰਨ-ਪਾਪ ਦਾ ਮਤਲਬ ਹੈ, ਚੰਗੇ ਕਰਮ ਦਾ ਚੰਗਾ ਫ਼ਲ ਅਤੇ ਮਾੜੇ ਕਰਮ ਦੀ ਸਜ਼ਾ। ਪਾਪ ਅਤੇ ਪੁੰਨ ਦਾ ਖੇਤਰ ਅਧਿਆਤਮਿਕ ਹੀ ਹੁੰਦਾ ਹੈ। ਪੁੰਨ-ਪਾਪ ਦਾ ਖੇਤਰ ਅਤਿਅੰਤ ਵਿਸ਼ਾਲ ਹੈ। ਕਿਸੇ ਭੁੱਖੇ ਨੂੰ ਰੋਟੀ ਦੇਣਾ, ਨੰਗੇ ਨੂੰ ਬਸਤਰ ਦੇਣਾ, ਕਿਸੇ ਲੋੜਵੰਦ ਦੇ ਕੰਮ ਆਉਣਾ, ਗਊ-ਗ਼ਰੀਬ ਦੀ ਰੱਖਿਆ ਕਰਨਾ ਪੁੰਨ ਹੈ। ਕਿਸੇ ਦਾ ਦਿਲ ਦੁਖਾਉਣਾ, ਕਿਸੇ ਨਾਲ਼ ਧੋਖਾ ਕਰਨਾ ਜਾਂ ਇਮਾਨ ਦੀ ਗਿਰਾਵਟ ਆਦਿ ਪਾਪ ਦੇ ਘੇਰੇ ਅੰਦਰ ਸ਼ਾਮਲ ਹਨ।

**ਵਰਤ –** ਧਾਰਮਿਕ ਸ਼ਬਦਾਵਲੀ ਵਿੱਚ ਵਰਤ ਨਿਸ਼ਚਿਤ ਸਮੇਂ ਲਈ ਅੰਨ ਨਾ ਖਾਣ ਦਾ ਪ੍ਰਣ ਲੈਣਾ ਹੈ। ਮੁਸਲਮਾਨਾਂ ਦੇ ਤੀਹ ਅਤੇ ਯਹੂਦੀਆਂ ਦੇ ਚਾਲ਼ੀ ਰੋਜ਼ੇ ਇਸੇ ਵਰਤ ਦਾ ਹੀ ਰੂਪ ਹਨ। ਭਾਰਤ ਵਿੱਚ ਵਰਤਾਂ ਦੀ ਸੰਖਿਆ ਅਣਗਿਣਤ ਹੈ। ਮੰਗਲ਼ਵਾਰ, ਸੋਮਵਾਰ, ਇਕਾਦਸ਼ੀ, ਨਰਾਤੇ, ਕਰਵਾ ਚੌਥ ਆਦਿ ਪ੍ਰਸਿੱਧ ਵਰਤ ਹਨ। ਭਾਰਤ ਵਿੱਚ ਆਮ-ਤੌਰ ’ਤੇ ਇਸਤਰੀਆਂ ਵਰਤ ਰੱਖਦੀਆਂ ਹਨ। ਵਰਤਾਂ ਨਾਲ਼ ਬਹੁਤ ਸਾਰੀਆਂ ਵਰਤ-ਕਥਾਵਾਂ ਵੀ ਜੁੜੀਆਂ ਹੋਈਆਂ ਹਨ।

## ਪੰਜਾਬ ਦੀਆਂ ਲੋਕ-ਕਲਾਵਾਂ

ਲੋਕ-ਕਲਾ ਅਜਿਹਾ ਹੁਨਰ ਹੈ ਜਿਸ ਦਾ ਆਧਾਰ ਲੋਕ-ਜੀਵਨ ਹੈ। ਲੋਕ-ਕਲਾ ਦਾ ਜਨਮ ਮਨੁੱਖ ਦੁਆਰਾ ਕੀਤੇ ਜਾਣ ਵਾਲ਼ੇ ਕੰਮਾਂ ਦੇ ਸੁਹਜ, ਸਾਦਗੀ ਅਤੇ ਕਲਾਤਮਿਕ ਗੁਣਾਂ ਵਿੱਚੋਂ ਹੋਇਆ ਹੈ। ਲੋਕ-ਕਲਾ ਮੁੱਢ-ਕਦੀਮਾਂ ਤੋਂ ਹੀ ਮਨੁੱਖ ਦੇ ਮਨ ਦੀ ਖ਼ੁਸ਼ੀ ਦਾ ਸਾਧਨ ਰਹੀ ਹੈ। ਸਿੰਧੂ ਘਾਟੀ ਦੀ ਸੱਭਿਅਤਾ ਦੀ ਖੁਦਾਈ ਸਮੇਂ ਮਿਲ਼ੀਆਂ ਮੂਰਤੀਆਂ, ਗਹਿਣੇ, ਠੀਕਰੀਆਂ, ਮੋਹਰਾਂ ’ਤੇ ਉੱਕਰੇ ਚਿੱਤਰ, ਮਿੱਟੀ ਦੇ ਭਾਂਡਿਆਂ ਉੱਤੇ ਕੀਤੀ ਚਿੱਤਰਕਾਰੀ ਦੇ ਨਮੂਨੇ ਅਤੇ ਨਾਚੀ ਦੀ ਮੁਦਰਾ ਵਿੱਚ ਮਿਲ਼ੀ ਮੂਰਤੀ, ਪੰਜਾਬ ਦੀ ਪੁਰਾਤਨ ਲੋਕ-ਕਲਾ ਦੇ ਹੀ ਨਮੂਨੇ ਹਨ। ਸਰਲਤਾ ਤੇ ਸਾਦਗੀ ਲੋਕ-ਕਲਾ ਦੇ ਮੁੱਖ ਗੁਣ ਹਨ। ਲੋਕ-ਕਲਾ ਇੱਕ ਪੀੜ੍ਹੀ, ਦੂਜੀ ਪੀੜ੍ਹੀ ਤੋਂ ਬਿਨਾਂ ਕਿਸੇ ਉਚੇਚ ਤੋਂ ਸਿੱਖਦੀ ਹੈ। ਲੋਕ-ਕਲਾਵਾਂ ਕਿਸੇ ਵੀ ਸਮਾਜ ਦਾ ਸ਼ੀਸ਼ਾ ਹੁੰਦੀਆਂ ਹਨ।

ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ ਹਨ ਕਿਉਂਕਿ ਇਸਤਰੀ ਦਾ ਮਨ ਕੋਮਲ ਹੁੰਦਾ ਹੈ। ਲੋਕ-ਕਲਾ ਦੀ ਇੱਕ ਖ਼ੂਬੀ ਇਹ ਵੀ ਹੈ ਕਿ ਇਸ ਲਈ ਲੁੜੀਂਦੀ ਸਮਗਰੀ ਆਪਣੇ ਨੇੜੇ ਦੇ ਚੁਗਿਰਦੇ ਵਿੱਚੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਲੋਕ-ਕਲਾਵਾਂ ਵਿੱਚ ਬਾਗ਼, ਫੁਲਕਾਰੀ ਆਦਿ ਦੀ ਕਢਾਈ ਕਰਨਾ, ਪੱਖੀਆਂ ਦੀ ਨਮੂਨੇਦਾਰ ਬੁਣਤੀ, ਝੋਲ਼ਿਆਂ ਜਾਂ ਰੁਮਾਲਾਂ ਆਦਿ ’ਤੇ ਕਢਾਈ ਕਰਨਾ, ਭਾਂਡੇ ਰੱਖਣ ਵਾਲ਼ੀਆਂ ਪੜਛੱਤੀਆਂ, ਹਾਰੇ, ਭੜੋਲੇ, ਭੜੋਲੀਆਂ, ਚੁੱਲ੍ਹੇ-ਚੌਂਕੇ ਦੇ ਓਟੇ ਬਣਾਉਣਾ, ਕੰਧਾਂ ਉੱਤੇ ਮਿੱਟੀ, ਪਾਂਡੂ-ਮਿੱਟੀ, ਨੀਲ, ਚੂਨੇ, ਹਿਰਮਚੀ, ਹਲ਼ਦੀ, ਕਾਲ਼ਖ, ਕੇਸੂ, ਪੀਲ਼ੀ ਮਿੱਟੀ ਦੇ ਘੋਲ਼ ਨਾਲ਼ ਅਨੇਕ ਪ੍ਰਕਾਰ ਦੇ ਨਮੂਨੇ ਬਣਾਉਣਾ ਲੋਕ-ਕਲਾਵਾਂ ਦੀਆਂ ਹੀ ਉਦਾਹਰਨਾਂ ਹਨ।

## ਪੰਜਾਬ ਦੇ ਲੋਕ-ਕਿੱਤੇ

ਲੋਕ-ਕਿੱਤੇ ਪੁਰਾਤਨ ਸਮੇਂ ਤੋਂ ਹੀ ਮਨੁੱਖੀ ਜੀਵਨ-ਜਾਚ ਦਾ ਹਿੱਸਾ ਰਹੇ ਹਨ। ਮਨੁੱਖ ਨੇ ਆਪਣੀਆਂ ਨਿੱਤ ਦੀਆਂ ਲੋੜਾਂ ਸਾਂਝੇ ਰੂਪ ਵਿੱਚ ਪੂਰੀਆਂ ਕਰਨ ਦੇ ਯਤਨ ਕੀਤੇ। ਜਿਵੇਂ-ਜਿਵੇਂ ਮਨੁੱਖੀ ਸੱਭਿਅਤਾ ਦਾ ਵਿਕਾਸ ਹੋਇਆ, ਲੋੜਾਂ ਦੀ ਪੂਰਤੀ ਲਈ ਵਰਤੇ ਢੰਗ-ਤਰੀਕਿਆਂ ਵਿੱਚ ਵੀ ਤਬਦੀਲੀ ਆਈ। ਜਿਸ ਸਮੇਂ ਮਨੁੱਖ

ਜੰਗਲਾਂ ਅਤੇ ਝੌਂਪੜੀਆਂ ਨੂੰ ਛੱਡ ਕੇ ਪੱਕੇ ਘਰਾਂ, ਪਿੰਡਾਂ/ਨਗਰਾਂ ਦਾ ਨਿਰਮਾਣ ਕਰਨ ਲੱਗਾ ਤਾਂ ਕੰਮਾਂ ਦੀ ਗਿਣਤੀ ਵਿੱਚ ਵਾਧਾ ਹੋਇਆ।

ਸੰਸਕ੍ਰਿਤ ਭਾਸ਼ਾ ਵਿੱਚ ਹੱਥ ਨੂੰ 'ਕਰ' ਕਿਹਾ ਜਾਂਦਾ ਹੈ। ਹੱਥਾਂ ਨਾਲ਼ ਕੀਤੇ ਕੰਮਾਂ ਨੂੰ 'ਕਾਰ ਕਰਨੀ' ਕਿਹਾ ਜਾਂਦਾ ਹੈ। ਕਿੱਤਾ ਉਸ ਨੂੰ ਕਿਹਾ ਜਾਂਦਾ ਹੈ ਜਿਸ ਤੋਂ ਕਿਸੇ ਕਿਰਤ ਦਾ ਨਿਰਮਾਣ ਹੁੰਦਾ ਹੈ, ਜਿਵੇਂ: ਤਰਖਾਣ, ਲੁਹਾਰ ਜਾਂ ਸੁਨਿਆਰ ਆਦਿ ਦੁਆਰਾ ਬਣਾਈਆਂ ਵਸਤਾਂ ਆਦਿ। ਕੁਝ ਕਿੱਤੇ ਅਜਿਹੇ ਵੀ ਹੁੰਦੇ ਹਨ ਜੋ ਲੋਕਾਂ ਦੇ ਮਨੋਰੰਜਨ ਨਾਲ਼ ਹੀ ਸੰਬੰਧਿਤ ਹੁੰਦੇ ਹਨ।

ਲੋਕ-ਕਿੱਤਾ ਪਿਤਾ-ਪੁਰਖੀ ਕੰਮ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਨਵੀਂ ਪੀੜ੍ਹੀ ਆਪਣੇ ਵੱਡ-ਵਡੇਰਿਆਂ ਤੋਂ ਸਿੱਖਦੀ ਹੈ ਅਤੇ ਫਿਰ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਸਿਖਾ ਕੇ ਉਹਨਾਂ ਦੇ ਹੱਥਾਂ ਵਿੱਚ ਸੌਂਪ ਦਿੰਦੀ ਹੈ। ਲੁਹਾਰ ਅਤੇ ਤਰਖਾਣ ਖੇਤੀ ਦੇ ਕਿੱਤੇ ਲਈ ਸੰਦ ਅਤੇ ਘਰੇਲੂ ਵਰਤੋਂ ਲਈ ਵਸਤੂਆਂ ਬਣਾਉਂਦਾ ਹੈ। ਸੁਨਿਆਰ ਔਰਤਾਂ ਅਤੇ ਮਰਦਾਂ ਦੇ ਲੁੜੀਂਦੇ ਗਹਿਣੇ ਤਿਆਰ ਕਰਦੇ ਹਨ। ਤੇਲੀ ਕੋਹਲੂ ਨਾਲ਼ ਕਈ ਪ੍ਰਕਾਰ ਦੇ ਬੀਜਾਂ ਵਿੱਚੋਂ ਤੇਲ ਕੱਢਣ ਦਾ ਕਿੱਤਾ ਕਰਦਾ ਹੈ, ਜੁਲਾਹਾ ਹਰ ਤਰ੍ਹਾਂ ਦੇ ਕੱਪੜੇ ਤਿਆਰ ਕਰਦਾ ਹੈ। ਇਸ ਤਰ੍ਹਾਂ ਹਰ ਕੋਈ ਮਨੁੱਖੀ ਲੋੜਾਂ ਪੂਰੀਆਂ ਕਰਨ ਲਈ ਕੋਈ ਕਿੱਤਾ ਕਰਦਾ ਹੈ। ਜਦੋਂ ਹੱਥ ਨਾਲ਼ ਕੀਤੇ ਜਾਣ ਵਾਲ਼ੇ ਕੰਮ ਵਧ ਰਹੀਆਂ ਲੋੜਾਂ ਨੂੰ ਪੂਰਾ ਕਰਨ ਤੋਂ ਅਸਮਰਥ ਹੋ ਗਏ ਤਾਂ ਆਧੁਨਿਕ ਮਨੁੱਖ ਨੇ ਵਿਗਿਆਨ ਦੀਆਂ ਨਵੀਂਆਂ ਕਾਢਾਂ ਨੂੰ ਜਨਮ ਦਿੱਤਾ ਅਤੇ ਮਸ਼ੀਨਾਂ ਦਾ ਸਹਾਰਾ ਲਿਆ ਅਤੇ ਕਾਰੀਗਰਾਂ ਦੀ ਥਾਂ ਮਸ਼ੀਨਾਂ ਨੇ ਲੈ ਲਈ। ਅਜੋਕੇ ਸਮੇਂ ਵਿੱਚ ਕਾਰੀਗਰ ਦੀ ਨਿੱਜੀ ਪਛਾਣ ਬੇਸ਼ੱਕ ਗੁਆਚ ਗਈ ਹੈ ਪਰ ਪੰਜਾਬ ਦੇ ਲੋਕ-ਕਿੱਤੇ ਨਿਰੰਤਰ ਵਿਕਾਸ ਦੀ ਰਾਹ 'ਤੇ ਚੱਲ ਰਹੇ ਹਨ।

## ਪੰਜਾਬ ਦੇ ਲੋਕ-ਸਾਜ਼

ਪੰਜਾਬ ਦੇ ਲੋਕ-ਸੰਗੀਤ ਅਤੇ ਲੋਕ-ਨਾਚਾਂ ਵਿੱਚ ਵਰਤੇ ਜਾਂਦੇ ਬਹੁਤ ਸਾਰੇ ਰਵਾਇਤੀ ਸਾਜ਼ਾਂ ਨੂੰ ਲੋਕ-ਸਾਜ਼ ਕਿਹਾ ਜਾਂਦਾ ਹੈ। ਸੰਗੀਤ-ਇਤਿਹਾਸ ਵਿੱਚ ਤਾਲ-ਸਾਜ਼ਾਂ ਦਾ ਜਨਮ ਸਭ ਤੋਂ ਪਹਿਲਾਂ ਦਾ ਮੰਨਿਆ ਜਾਂਦਾ ਹੈ। ਮਨੁੱਖ ਨੇ ਸਭ ਤੋਂ ਪਹਿਲਾਂ ਹੱਥ ਨਾਲ਼ ਤਾੜੀ (ਤਾਲ਼ੀ) ਵਜਾਈ ਹੋਵੇਗੀ ਅਤੇ ਉਸ ਤੋਂ ਬਾਅਦ ਤਾਲ ਨੂੰ ਪ੍ਰਦਰਸ਼ਿਤ ਕਰਨ ਲਈ ਸਾਜ਼ਾਂ ਦੀ ਲੋੜ ਮਹਿਸੂਸ ਕੀਤੀ ਹੋਵਗੀ। ਤੰਤੀ-ਸਾਜ਼ਾਂ ਦਾ ਜਨਮ ਧਨੁਸ਼ ਤੋਂ ਮੰਨਿਆ ਜਾਂਦਾ ਹੈ। ਮਨੁੱਖ ਨੇ ਜਦੋਂ ਧਨੁਸ਼ ਨੂੰ ਤਾਣਿਆ ਤੇ ਢਿੱਲਾ ਕੀਤਾ ਤਾਂ ਉਸ ਵਿੱਚੋਂ ਇੱਕ ਪ੍ਰਕਾਰ ਦੀ ਧੁਨੀ ਪੈਦਾ ਹੋਈ ਹੋਵੇਗੀ ਜੋ ਤੰਤੀ ਸਾਜ਼ਾਂ ਦੀ ਲੋੜ ਦਾ ਸਬੱਬ ਬਣੀ ਹੋਵੇਗੀ।

ਪੰਜਾਬ ਵਿੱਚ ਵੱਖ-ਵੱਖ ਸੱਭਿਆਚਾਰਿਕ ਗਤੀਵਿਧੀਆਂ ਲਈ ਵਰਤੇ ਜਾਂਦੇ ਕੁਝ ਜਾਣੇ-ਪਛਾਣੇ ਰਵਾਇਤੀ ਸਾਜ਼ ਹੇਠ ਲਿਖੇ ਹਨ :-

| | | | | |
|---|---|---|---|---|
| 1. ਘੜਾ | 2. ਢੋਲ | 3. ਸਾਰੰਗੀ | 4. ਰਬਾਬ | 5. ਤੂੰਬੀ |
| 6. ਚਿਮਟਾ | 7. ਅਲਗੋਜ਼ੇ | 8. ਢੱਡ | 9. ਤਾਊਸ | 10. ਡਫਲੀ |
| 11. ਕਾਟੋ | 12. ਬੁਗਦੂ | 13. ਕਿੰਗ | 14. ਸੱਪ | 15. ਵੰਝਲੀ |
| 16. ਨਗਾਰਾ ਆਦਿ। | | | | |

**ਘਨ ਸਾਜ਼ :** ਇਹ ਧਾਤ ਦੇ ਬਣੇ ਹੁੰਦੇ ਹਨ; ਜਿਵੇਂ:- ਖੰਜਰੀ, ਸੱਪ, ਕਾਟੋ, ਕਿਰਲਾ, ਖੜਤਾਲ, ਗੜਵਾ ਆਦਿ।

## ਪੰਜਾਬ ਦੀਆਂ ਲੋਕ-ਖੇਡਾਂ

1. ਕਬੱਡੀ ਪੰਜਾਬ ਦੀ ਖੇਤਰੀ ਖੇਡ ਹੈ।
2. ਖਿੱਦੋ-ਖੂੰਡੀ (ਹਾਕੀ)
3. ਪੀਚੋ (ਸ਼ਟਾਪੂ)
4. ਗੁੱਲੀ-ਡੰਡਾ
5. ਕੋਟਲ਼ਾ-ਛਪਾਕੀ
6. ਬਾਂਦਰ-ਕੀਲਾ
7. ਲੁਕਣ-ਮੀਟੀ (ਦਾਈ-ਦੁੱਕੜ)
8. ਗੀਟੇ
9. ਖੋ-ਖੋ
10. ਅੱਡੀ-ਟੱਪਾ/ਅੱਡੀ-ਛੜੱਪਾ (ਸਕਿਪਿੰਗ ਰੋਪ)
11. ਸੌਂਚੀ (ਕਬੱਡੀ ਨਾਲ਼ ਮਿਲ਼ਦੀ-ਜੁਲ਼ਦੀ ਖੇਡ)
12. ਜੰਡ-ਖਰੰਡ
13. ਬਿਲ ਬੱਚਿਆਂ ਦੀ ਮਾਂ
14. ਭੰਡਾ-ਭੰਡਾਰੀਆ
15. ਲੂਣ-ਮਿਆਣੀ
16. ਸੱਕਰ-ਭਿੱਜੀ
17. ਥਾਲ਼ (ਕੁੜੀਆਂ ਦੀ ਖੇਡ)
18. ਊਠਕ-ਬੈਠਕ
19. ਪਿੱਠੂ
20. ਚੌਪੜ (ਲੁੱਡੋ)
21. ਗਤਕਾ
22. ਡੂੰਮਣਾ ਮਖਿਆਲ਼
23. ਚੀਚੋ-ਚੀਚ ਗਨੇਰੀਆਂ (ਕੋਲੇ ਨਾਲ਼ ਕੰਧ ਉੱਤੇ ਲੀਕਾਂ ਮਾਰ ਕੇ ਖੇਡੀ ਜਾਂਦੀ ਖੇਡ)
24. ਹਰਾ ਸਮੁੰਦਰ (ਕੁੜੀਆਂ ਦੀ ਖੇਡ)
25. ਬਾਰਾਂ-ਟਾਹਣੀ (ਬਾਬਿਆਂ ਦੀ ਖੇਡ)
26. ਪੋਸ਼ਮ-ਪਾ (ਕੁੜੀਆਂ ਦੀ ਖੇਡ)

## ਪੰਜਾਬ ਦੇ ਗਹਿਣੇ

### ਔਰਤਾ ਦੇ ਗਹਿਣੇ

- ਗਰਦਨ ਦੇ ਗਹਿਣੇ : ਚੰਪਾਕਲੀ-ਰਾਣੀਹਾਰ, ਮਟਰ-ਮਾਲ਼ਾ, ਹੱਸ, ਕੰਠੀ, ਹਮੇਲ, ਪੈਂਡਲ, ਢੋਲਣੇ, ਨੌਰਤਨਾ ਸੈੱਟ, ਬੁਘਤੀਆਂ, ਚੌਂਕੀ, ਹੌਲ-ਦਿੱਲੀ, ਜ਼ੰਜੀਰੀ, ਤਬੀਤ, ਚਟਾਲਾ, ਲੌਕਟ, ਜੁਗਨੀ, ਗੁਲੂਬੰਦ।
- ਕੰਨਾਂ ਦੇ ਗਹਿਣੇ : ਕਾਂਟੇ, ਬੁੰਦੇ, ਲੋਟਣ, ਪਿੱਪਲ਼-ਪੱਤੀਆਂ, ਰੇਲਾਂ, ਸੋਨ-ਚਿੜੀਆਂ, ਤੁੰਗਲ, ਮੁਰਕੀ ਜਾਂ ਮੁਰਕੀਆਂ, ਮਰੋੜੀ, ਮੋਰਨੀ, ਕਰਨਫੂਲ, ਬੁਰਜੀਆਂ ਆਦਿ।
- ਪੈਰਾਂ ਦੇ ਗਹਿਣੇ : ਪਟੜੀਆਂ, ਪੰਜੇਬ, ਗੁੱਸਲ-ਪੱਟੀ, ਕੁੰਡਲ਼ੀਦਾਰ ਤੋੜੇ, ਸ਼ਕੁੰਤਲਾ ਆਦਿ।
- ਪੈਰਾਂ ਦੀਆਂ ਉਂਗਲ਼ਾ ਦੇ ਗਹਿਣੇ : ਬਿਛੂਏ (ਚੁਟਕੀਆਂ), ਛੱਲੇ, ਛੱਲੀਆਂ ਆਦਿ।

❖ ਹੱਥ ਤੇ ਗੁੱਟ ਦੇ ਗਹਿਣੇ : ਆਰਸੀ, ਗਜਰੇ, ਸਿੰਘਾੜੇ, ਲੱਛੇ, ਪਰੀਬੰਦ, ਪੌਂਚੀਆਂ, ਮੌਲ਼ੀ/ ਖੰਮ੍ਹਣੀ (ਧਾਗਾ-ਲਾਲ ਅਤੇ ਪੀਲ਼ਾ) ਆਦਿ।

❖ ਨੱਕ ਦੇ ਗਹਿਣੇ : ਲੌਂਗ (ਕੋਕਾ), ਨੱਥ, ਰੇਖ, ਮੇਖ, ਮਛਲੀ, ਨੁਕਰਾ, ਤੀਲੀ ਆਦਿ।

❖ ਸਿਰ ਦੇ ਗਹਿਣੇ : ਸਿਰ-ਚੌਂਕ, ਸੱਗੀ-ਫੁੱਲ, ਬਘਿਆੜੀ, ਸ਼ਿੰਗਾਰਪੱਟੀ, ਝੁੰਮਰ-ਸੂਈ, ਝੂਮਰ ਆਦਿ।

❖ ਮੱਥੇ ਦੇ ਗਹਿਣੇ : ਬਿੰਦੀ, ਬਾਰਵੱਟਾ, ਟਿੱਕਾ ਆਦਿ।

## ਮਰਦਾਂ ਦੇ ਗਹਿਣੇ

❖ ਗਰਦਨ ਦੇ ਗਹਿਣੇ : ਕੈਂਠਾ

❖ ਕੰਨਾਂ ਦੇ ਗਹਿਣੇ : ਨੱਤੀਆਂ, ਮੁੰਦਰਾਂ, ਵਾਲ਼ਾ (ਇਸ ਨੂੰ ਜੋਗੀ ਪਾਉਂਦੇ ਹਨ), ਦੁਰ, ਬੀਰ ਬਲੀ, ਮੁਰਕੀ

❖ ਹੱਥ ਜਾਂ ਗੁੱਟ ਦਾ ਗਹਿਣਾ : ਕੜਾ (ਮੁੰਡਾ/ਕੁੜੀ), ਪੌਂਚੀਆਂ (ਰੱਖੜੀ)

❖ ਮੱਥੇ ਦਾ ਗਹਿਣਾ : ਕਲਗੀ (Sarpesh) (ਪੱਗ ਦਾ ਗਹਿਣਾ ਵੀ ਹੈ)।

❖ ਸਿਰ ਦੇ ਗਹਿਣੇ : ਮੁਕਟ, ਸਿਹਰਾ।

## ਛੋਟੇ ਬੱਚਿਆਂ ਦੇ ਗਹਿਣੇ

❖ ਪੋਟੇ : ਉਂਗਲ਼ਾਂ ਦੇ ਵਿੱਚ ਧਾਗਾ

❖ ਸਗਲੇ : ਕਮਰ ਅਤੇ ਪੈਰੀਂ ਪਾਉਣ ਵਾਲ਼ੇ ਗਹਿਣੇ

❖ ਕੰਙਣ

❖ ਛੋਟੇ ਤੋੜੇ (ਕੈਂਠਾ)

❖ ਤੜਾਗੀ (ਕਮਰ ਦਾ ਗਹਿਣਾ)

## ਪੰਜਾਬ ਦੇ ਲੋਕ-ਨਾਚ

1. ਮਰਦਾਂ ਦੇ ਨਾਚ : ਭੰਗੜਾ, ਧਮਾਲ, ਜਿੰਦੂਆ, ਜੁਗਨੀ, ਲੁੱਡੀ (ਮਰਦਾਂ ਅਤੇ ਔਰਤਾਂ ਦੋਹਾਂ ਲਈ), ਮਲਵਈ ਗਿੱਧਾ (ਮਰਦਾਂ ਦਾ ਗਿੱਧਾ), ਝੂਮਰ-ਸਾਂਦਲਬਾਰ ਇਲਾਕੇ ਦਾ ਪਾਕਿਸਤਾਨ ਦਾ ਮਸ਼ਹੂਰ ਨਾਚ ਹੈ।

2. ਔਰਤਾਂ ਦੇ ਨਾਚ : ਗਿੱਧਾ, ਸੰਮੀ (ਸਾਂਦਲਬਾਰ ਇਲਾਕੇ ਦਾ ਪਾਕਿਸਤਾਨ ਦਾ ਮਸ਼ਹੂਰ ਨਾਚ ਹੈ), ਕਿੱਕਲੀ, ਜਾਗੋ।

## ਅਭਿਆਸ

1. **ਪੈਰਾਂ ਦਾ ਗਹਿਣਾ ਹੈ:**

   (ੳ) ਪੰਜੇਬ (ਅ) ਨੱਥ (ੲ) ਸੱਗੀ ਫੁੱਲ (ਸ) ਟਿੱਕਾ

2. **ਸੁਰਮਾ-ਸਲਾਈ ਰਸਮ ਹੈ:**

   (ੳ) ਜਨਮ ਦੀ (ਅ) ਮੌਤ ਦੀ (ੲ) ਵਿਆਹ ਦੀ (ਸ) ਜਣੇਪੇ ਦੀ

3. **'ਲੋਕ-ਧਾਰਾ' ਕਿੱਥੋਂ ਪ੍ਰਾਪਤ ਹੁੰਦੀ ਹੈ:**

   (ੳ) ਮਾਪਿਆਂ ਤੋਂ (ਅ) ਵਿਰਸੇ ਤੋਂ
   (ੲ) ਆਲ਼ੇ-ਦੁਆਲ਼ੇ ਵਿਚੋਂ (ਸ) ਗੁਆਂਢੀਆਂ ਤੋਂ

4. **ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦਾ ਸਿਰਜਕ ਕੌਣ ਹੈ:**

   (ੳ) ਇਸਤਰੀਆਂ (ਅ) ਮਰਦ (ੲ) ਬੱਚੇ (ਸ) ਜੋਗੀ

5. **ਹੇਠ ਲਿਖੀਆਂ ਖੇਡਾਂ ਵਿੱਚੋਂ ਕਿਹੜੀ ਲੋਕ-ਖੇਡ ਨਹੀਂ ਹੈ:**

   (ੳ) ਕਬੱਡੀ (ਅ) ਪਿੱਠੂ (ੲ) ਹਾਕੀ (ਸ) ਬਾਂਦਰ-ਕੀਲਾ

# ਪੰਜਾਬੀ ਲੋਕ-ਸਾਹਿਤ

ਪੰਜਾਬੀ ਲੋਕ-ਗੀਤ ਪੰਜਾਬੀ ਸੱਭਿਆਚਾਰ ਦਾ ਅਟੁੱਟ ਅੰਗ ਹਨ ਜੋ ਪੰਜਾਬੀਆਂ ਵੱਲੋਂ ਖ਼ੁਸ਼ੀ-ਗ਼ਮੀ ਦੇ ਮੌਕੇ 'ਤੇ ਗਾਏ ਜਾਂਦੇ ਹਨ। ਸਧਾਰਨ ਸ਼ਬਦਾਂ ਵਿੱਚ ਲੋਕ-ਗੀਤ ਤੋਂ ਭਾਵ ਹੈ, ਲੋਕਾਂ ਦੁਆਰਾ ਰਚੇ ਗੀਤ। ਇਸ ਦੀ ਰਚਨਾ ਬਾਰੇ ਲੇਖਕ ਦਾ ਨਾਂ ਜੁੜਿਆ ਹੋਇਆ ਨਹੀਂ ਹੁੰਦਾ। ਇਸ ਦੇ ਕਈ ਰੂਪ ਹਨ; ਜਿਵੇਂ :- ਬੋਲੀ, ਘੋੜੀਆਂ, ਸੁਹਾਗ, ਸਿੱਠਣੀਆਂ, ਛੰਦ, ਲੋਰੀ, ਥਾਲ਼, ਧਮਾਲ, ਅਲਾਹੁਣੀਆਂ, ਕੀਰਨੇ ਆਦਿ।

### ਹਰਿਆ

ਹਰਿਆ ਦੇ ਲੋਕ-ਗੀਤ ਬੱਚੇ ਦੇ ਜਨਮ ਦੀ ਖ਼ੁਸ਼ੀ ਵਿੱਚ ਗਾਏ ਜਾਂਦੇ ਹਨ।(ਹਰਿਆ ਦੇ ਸ਼ਬਦੀਅਰਥ ਹਨ: ਮੌਲਣਾ,ਵਿਗਸਣਾ ਜਾਂ ਵਧਣਾ-ਫੁੱਲਣਾ ਭਾਵ ਮਾਂ ਦੀ ਕੁੱਖ ਹਰੀ ਹੋਣਾ) ਬਾਲ-ਮੁੰਡੇ ਦੇ ਜਨਮ ਸਮੇਂ ਹਰਿਆ ਲੋਕ ਗੀਤ ਗਾਇਆ ਜਾਂਦਾ ਸੀ। ਹੌਲ਼ੀ-ਹੌਲ਼ੀ ਕਈ ਥਾਂਈਂ ਨਵੇਂ ਜਨਮੇ ਬੱਚੇ ਨੂੰ ਹਰਿਆ ਕਿਹਾ ਜਾਣ ਲੱਗ ਪਿਆ ਤੇ ਅਜਿਹਾ ਕਹਿਣ ਵਿੱਚ ਮਾਣ ਵੀ ਮਹਿਸੂਸ ਕੀਤਾ ਜਾਂਦਾ ਸੀ ਤੇ ਖ਼ੁਸ਼ੀ ਵੀ।

ਹਰਿਆ ਨੀ ਮਾਏ, ਹਰਿਆ ਨੀ ਭੈਣੇ, ਹਰਿਆ ਤੇ ਭਾਗੀਂ ਭਰਿਆ।
ਜਿੱਤ ਦਿਹਾੜੇ ਮੇਰਾ ਹਰਿਆ ਨੀ ਜੰਮਿਆ, ਸੋਈਓ ਦਿਹਾੜਾ ਭਾਗੀਂ ਭਰਿਆ।

### ਘੋੜੀਆਂ

ਮੁੰਡੇ ਦੇ ਘਰ ਗਾਏ ਜਾਣ ਵਾਲ਼ੇ ਗੀਤਾਂ ਨੂੰ ਘੋੜੀਆਂ ਆਖਦੇ ਹਨ। ਇਸ ਕਾਵਿ-ਰੂਪ ਵਿੱਚ ਵਿਆਹ ਵਾਲ਼ੇ ਮੁੰਡੇ ਦੀ ਖ਼ੂਬਸੂਰਤੀ, ਮੁੰਡੇ ਦੇ ਪਰਿਵਾਰ ਦੀ ਸਮਾਜਿਕ, ਆਰਥਿਕ ਖ਼ੁਸ਼ਹਾਲੀ ਦਾ ਜ਼ਿਕਰ ਹੁੰਦਾ ਹੈ। ਉਸ ਦੇ ਚੰਗੇ ਨਸੀਬਾਂ ਦੀ ਗੱਲ ਹੁੰਦੀ ਹੈ।

ਨਿੱਕੀ-ਨਿੱਕੀ ਬੂੰਦੀ ਨਿੱਕਿਆ ਮੀਂਹ ਵੇ ਵਰ੍ਹੇ,
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।

### ਸੁਹਾਗ

ਕੁੜੀ ਦੇ ਪੇਕੇ ਘਰ ਗਾਏ ਜਾਣ ਵਾਲ਼ੇ ਗੀਤਾਂ ਨੂੰ ਸੁਹਾਗ ਆਖਿਆ ਜਾਂਦਾ ਹੈ। ਇਹ ਇੱਕ ਸਮੂਹਿਕ ਗਾਣ ਹੈ। ਸੁਹਾਗ ਵਿੱਚ ਸਾਰੇ ਗੀਤ ਵਿਆਹੀ ਜਾਣ ਵਾਲ਼ੀ ਕੁੜੀ ਸੰਬੰਧੀ ਹੁੰਦੇ ਹਨ। ਇਸ ਵਿੱਚ ਵਿਆਹੀ ਜਾਣ ਵਾਲ਼ੀ ਕੁੜੀ, ਉਸ ਦੀਆਂ ਸੱਧਰਾਂ, ਵਰ-ਘਰ ਦੀ ਲੋਚਾ, ਪੇਕੇ ਘਰ ਦੇ ਰਿਸ਼ਤਿਆਂ ਦੀ ਖ਼ੁਸ਼ਹਾਲੀ, ਕੁੜੀ ਦੀ ਸਿਫ਼ਤ ਅਤੇ ਰਿਸ਼ਤੇਦਾਰੀਆਂ ਦਾ ਜ਼ਿਕਰ ਹੁੰਦਾ ਹੈ।

ਬਾਬਲ, ਜਿਉਂ ਤਾਰਿਆਂ ਵਿੱਚੋਂ ਚੰਨ
ਚੰਨਾਂ ਵਿੱਚੋਂ ਕਾਨ੍ਹ-ਕਨ੍ਹੱਈਆ ਵਰ ਲੋੜੀਏ।

## ਕਿੱਕਲੀ

ਇਹ ਬਾਲ-ਅਵਸਥਾ ਵਿੱਚ ਗਾਇਆ ਜਾਣ ਵਾਲ਼ਾ ਲੋਕ-ਕਾਵਿ ਰੂਪ ਹੈ। ਖ਼ੁਸ਼ੀ ਵਿੱਚ ਨੱਚਦੀਆਂ-ਗਾਉਂਦੀਆਂ ਛੋਟੀਆਂ-ਛੋਟੀਆਂ ਕੁੜੀਆਂ ਜਦੋਂ ਆਪਸ ਵਿੱਚ ਹੱਥਾਂ ਦੀ ਕਰਿੰਗੜੀ ਪਾ ਕੇ ਗੋਲ਼ਚੱਕਰ ਵਿੱਚ ਘੁੰਮਦੀਆਂ ਹਨ ਤਾਂ ਆਪਮੁਹਾਰੇ ਬੋਲ ਉਹਨਾਂ ਦੇ ਮੂੰਹ ਵਿੱਚੋਂ ਨਿਕਲ਼ ਆਉਂਦੇ ਹਨ।

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਫਿੱਟੇ-ਮੂੰਹ ਜਵਾਈ ਦਾ

## ਥਾਲ਼

ਬਾਲਪਣ ਦੀਆਂ ਖੇਡਾਂ ਨਾਲ਼ ਸੰਬੰਧਿਤ ਬਾਲ-ਗੀਤ ਥਾਲ਼ ਵੀ ਲੋਕ-ਕਾਵਿ ਦਾ ਅੰਗ ਰਿਹਾ ਹੈ। ਇਸ ਵਿੱਚ ਸਰਲ ਕਿਸਮ ਦੇ ਕਾਵਿ-ਟੋਟੇ ਜੋੜ ਕੇ ਮਨੋਰੰਜਨ ਕੀਤਾ ਜਾਂਦਾ ਹੈ। ਇਸ ਕਾਵਿ-ਰੂਪ ਵਿੱਚ ਆਖ਼ਰੀ ਲਾਈਨ ਤੋਂ ਨਵੀਂ ਲਾਈਨ ਸ਼ੁਰੂ ਕੀਤੀ ਜਾਂਦੀ ਹੈ। ਇਸ ਦੇ ਅਰੰਭ ਜਾਂ ਅੰਤ ਵਿੱਚ ‘ਥਾਲ਼’ ਸ਼ਬਦ ਦਾ ਇਸਤੇਮਾਲ ਹੁੰਦਾ ਹੈ।

ਖੂਹ ਵਿੱਚ ਪਾਣੀ, ਮਾਂ ਮੇਰੀ ਰਾਣੀ।
ਪਿਓ ਮੇਰਾ ਰਾਜਾ, ਹੇਠ ਘੋੜ ਤਾਜ਼ਾ।
ਚਾਂਦੀ ਦੀਆਂ ਪੌੜੀਆਂ, ਸੋਨੇ ਦਾ ਦਰਵਾਜ਼ਾ।
ਆਲ-ਮਾਲ ਲੈ ਨੀ ਕੁੜੀਏ ਪਹਿਲਾ ਥਾਲ਼।

## ਲੋਰੀ

ਲੋਰੀ ਨੂੰ ਮਨੁੱਖ ਦਾ ਪਹਿਲਾ ਲੋਕ-ਗੀਤ ਕਿਹਾ ਜਾਂਦਾ ਹੈ। ਲੋਰੀ ਮਮਤਾ-ਭਿੱਜੇ ਬੋਲ ਹੁੰਦੇ ਹਨ। ਮਾਂ ਬੱਚੇ ਨੂੰ ਮਧੁਰ ਸੁਰ ਵਿੱਚ ਜੋ ਗੀਤ ਸੁਣਾਉਂਦੀ ਹੈ, ਉਹ ਲੋਰੀ ਹੈ। ਲੋਰੀ ਹਲਕਾ-ਫੁਲਕਾ ਮਧੁਰ ਸੰਗੀਤ ਹੁੰਦਾ ਹੈ। ਛੋਟੇ ਬੱਚਿਆਂ ਨੂੰ ਵਰਾਉਣ ਲਈ ਜਾਂ ਉਹਨਾਂ ਨੂੰ ਸੁਆਂਉਣ ਲਈ ਮਾਂਵਾਂ, ਭੈਣਾਂ, ਤਾਈਆਂ, ਚਾਚੀਆਂ ਮਾਸੀਆਂ ਗੋਦ ਵਿੱਚ ਬਿਠਾ ਕੇ ਹਿਲਾਉਂਦੀਆਂ ਹੋਈਆਂ ਨਾਲ਼ੋ-ਨਾਲ਼ ਲੋਰੀਆਂ ਦਿੰਦੀਆਂ ਹਨ। ਇਹਨਾਂ ਲੋਰੀਆਂ ਵਿੱਚ ਉਹਨਾਂ ਦੀਆਂ ਸੱਧਰਾਂ ਤੇ ਰੀਝਾਂ ਉਲੀਕੀਆਂ ਹੁੰਦੀਆਂ ਹਨ।

ਦੇਵਾਂ ਲੋਰੀਆਂ,
ਮਾਂਵਾਂ ਪੁੱਤਰ ਜੇ ਪਿਆਰੇ।
ਦੇਵਾਂ ਲੋਰੀਆਂ।

## ਢੋਲੇ

ਇਹ ਪੱਛਮੀ ਪੰਜਾਬ ਦਾ ਬਹੁਤ ਹਰਮਨ-ਪਿਆਰਾ ਲੋਕ-ਗੀਤ ਹੈ। ਪੰਜਾਬ ਦੇ ਕਿਸੇ ਮੇਲੇ ਵਿੱਚ ਜਿੱਥੇ ਕਬੱਡੀ ਖੇਡਣ ਵਾਲ਼ੇ, ਝੂਮਰ ਪਾਉਣ ਵਾਲ਼ੇ ਆਪਣੇ ਪਿੜ ਬੰਨ੍ਹਦੇ ਹਨ, ਉੱਥੇ ਢੋਲੇ ਗਾਉਣ ਵਾਲ਼ਿਆਂ ਦੀਆਂ ਟੋਲੀਆਂ ਵੀ ਜ਼ਰੂਰ ਹੁੰਦੀਆਂ ਹਨ। ਢੋਲਾ ਗਾਉਣ ਵੇਲ਼ੇ ਗਾਇਕ ਆਪਣਾ ਸੱਜਾ ਹੱਥ ਕੰਨ 'ਤੇ ਰੱਖ ਕੇ ਗਾਉਂਦਾ ਹੈ। ਬਾਰ ਦੇ ਇਲਾਕੇ ਵਿੱਚ ਊਠ 'ਤੇ ਸਵਾਰ ਲੋਕ ਕਈ-ਕਈ ਮੀਲ ਤੱਕ ਢੋਲੇ ਗਾਉਂਦੇ ਜਾਂਦੇ ਹਨ। ਢੋਲਾ ਪੂਰਨ ਮੌਜ-ਮਸਤੀ ਦਾ ਗੀਤ ਹੈ।

ਕੰਨਾਂ ਨੂੰ ਸੋਹਣੇ ਬੁੰਦੇ, ਸਿਰ ਤੇ ਛੱਤੇ ਸੈ ਮਣਾਂ ਦੇ।
ਉੱਥੇ ਦੇਵੀਂ ਬਾਬਲਾ, ਜਿੱਥੇ ਟਾਲ੍ਹ ਵਣਾਂ ਦੇ।

## ਮਾਹੀਆ

ਮਾਹੀਏ ਨਾਲ਼ ਬਾਲੋ ਨਾਉਂ ਜੁੜਿਆ ਵੇਖਦੇ ਆਏ ਹਾਂ। ਇਹ ਔਰਤਾਂ ਦਾ ਗੀਤ ਹੈ ਜੋ ਆਪਣੇ ਮਾਹੀ ਦੇ ਵਿਛੋੜੇ ਵਿੱਚ ਉਚਾਰਿਆ ਜਾਂਦਾ ਹੈ। ਗੀਤਾਂ ਦੀ ਇਹ ਪ੍ਰਸ਼ਨੋਤਰੀ ਹੁੰਦੀ ਹੈ, ਅਰਥਾਤ ਇੱਕ ਵਾਰ ਮਾਹੀਆ ਬੋਲਦਾ ਹੈ ਤੇ ਦੂਜੀ ਵਾਰ ਬਾਲੋ। ਇਸ ਵਿੱਚ ਮਰਦ ਇਸਤਰੀ ਨੂੰ 'ਬਾਲੋ' ਕਹਿ ਕੇ ਸੰਬੋਧਨ ਕਰਦਾ ਹੈ ਤੇ ਇਸਤਰੀ ਮਰਦ ਨੂੰ 'ਮਾਹੀਆ' ਨਾਂ ਨਾਲ਼ ਸੰਬੋਧਨ ਕਰਦੀ ਹੈ। ਮਾਹੀਆ, ਟੱਪੇ, ਜਿੰਦੂਆ ਅਤੇ ਜੁਗਨੀ ਤੇ ਛੱਲਾ ਆਪਸ ਵਿੱਚ ਮਿਲ਼ਦੇ-ਜੁਲ਼ਦੇ ਕਾਵਿ-ਰੂਪ ਹਨ।

ਡੱਬੀ ਭਰੀ ਹੋਈ ਲੁੱਕ ਦੀ ਏ,
ਸੋਹਣੇ ਮਾਹੀ ਬਾਝੋਂ,
ਰਾਤ ਗ਼ਮਾਂ ਵਿੱਚ ਮੁੱਕਦੀ ਏ।

## ਟੱਪੇ

ਟੱਪਾ ਉਹ ਇਕਹਿਰੀ ਤੁਕ ਵਾਲ਼ਾ ਲੋਕ-ਗੀਤ ਹੈ ਜਿਸ ਨੂੰ ਢੋਲਕੀ ਨਾਲ਼ ਸੁਰ ਕਰਕੇ ਗਿੱਧੇ ਵਿੱਚ ਗਾਇਆ ਜਾ ਸਕਦਾ ਹੈ। ਇਸ ਨੂੰ ਟੱਪਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਗਾਉਣ ਨਾਲ਼ ਨੱਚਿਆ ਜਾਂ ਟੱਪਿਆ ਜਾ ਸਕਦਾ ਹੈ। ਟੱਪੇ, ਗੀਤਨੁਮਾ ਟੋਟਕੇ ਹੁੰਦੇ ਹਨ।

ਜਦੋਂ ਮੈਂ ਮੁਕਲਾਵੇ ਤੁਰ ਗਈ,
ਗ਼ਲੀਆਂ ਦੇ ਕੱਖ ਰੋਣਗੇ।

## ਪੱਤਲ਼

ਜੰਞ ਬੰਨ੍ਹਣ ਦਾ ਰਿਵਾਜ ਮਲਵਈ ਪੰਜਾਬੀ ਸਮਾਜ ਵਿੱਚ ਆਮ ਰਿਹਾ ਹੈ। ਪੱਤਲ਼ ਇੱਕ ਤਰ੍ਹਾਂ ਦਾ ਕਾਵਿ-ਮੁਕਾਬਲਾ ਹੁੰਦਾ ਸੀ। ਧੀ ਵਾਲ਼ੀ ਧਿਰ ਦੀ ਕੋਈ ਚਤਰ ਔਰਤ ਜੰਞ ਬੰਨ੍ਹ ਦਿੰਦੀ ਸੀ, ਫੇਰ ਕੋਈ ਵੀ ਵਿਅਕਤੀ ਜੰਞ ਛੁਡਾਉਣ ਤੋਂ ਬਿਨਾਂ ਰੋਟੀ ਨਹੀਂ ਸੀ ਖਾ ਸਕਦਾ। ਜੰਞ ਨਾ ਛੁਡਾ ਸਕਣੀ ਬਹੁਤ ਵੱਡੀ ਨਮੋਸ਼ੀ ਹੁੰਦੀ ਸੀ।

## ਛੰਦ ਪਰਾਗਾ

ਛੰਦ ਪਰਾਗਾ ਲਾੜੇ ਦੀ ਬੁੱਧੀ ਦੀ ਪਰੀਖਿਆ ਲਈ ਪ੍ਰਯੋਗ ਹੋਣ ਵਾਲ਼ਾ ਕਾਵਿ-ਰੂਪ ਹੈ। ਉਸ ਦੀ ਲਿਆਕਤ ਤੇ ਚਤਰਾਈ ਇਸੇ ਤੋਂ ਪਰਖੀ ਜਾਂਦੀ ਹੈ। ਇਸ ਦੀਆਂ ਦੋ ਤੁਕਾਂ ਹੁੰਦੀਆਂ ਹਨ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਫ਼ਲੀ।
ਸਹੁਰਾ ਫੁੱਲ ਗੁਲਾਬ ਦਾ, ਸੱਸ ਚੰਬੇ ਦੀ ਕਲੀ।

## ਹੇਅਰਾ

ਹੇਅਰਾ ਨਿਰੋਲ ਮਲਵਈ ਕਾਵਿ-ਰੂਪ ਹੈ। ਹੇਅਰਾ ਵਿਆਹ ਨਾਲ਼ ਸੰਬੰਧਿਤ ਵੱਖ-ਵੱਖ ਮੌਕਿਆਂ 'ਤੇ ਔਰਤਾਂ ਵੱਲੋਂ ਉਚਾਰਿਆ ਜਾਣ ਵਾਲ਼ਾ ਗੀਤ-ਰੂਪ ਹੈ ਜਿਸ ਨੂੰ ਦੋਹਾ ਵੀ ਕਿਹਾ ਜਾਂਦਾ। ਜਿਨ੍ਹਾਂ ਹੇਅਰਿਆਂ ਵਿੱਚ ਭੈਣ ਵੱਲੋਂ ਵੀਰ ਨੂੰ ਜਾਂ ਭੈਣ ਨੂੰ ਸੰਬੋਧਨ ਹੁੰਦਾ ਹੈ, ਉਹਨਾਂ ਹੇਅਰਿਆਂ ਵਿੱਚ ਅੰਤਾਂ ਦਾ ਮੋਹ-ਪਿਆਰ ਨਜ਼ਰ ਆਉਂਦਾ ਹੈ। ਜਿਨ੍ਹਾਂ ਹੇਅਰਿਆਂ ਵਿੱਚ ਕੋਈ ਔਰਤ ਕਿਸੇ ਦੂਜੀ ਔਰਤ ਨੂੰ ਸੰਬੋਧਿਤ ਹੋਵੇ ਜਿਸ ਨਾਲ਼ ਉਸ ਦਾ ਖ਼ੂਨ ਦਾ ਰਿਸ਼ਤਾ ਨਾ ਹੋਵੇ ਤਾਂ ਉਹਨਾਂ ਹੇਅਰਿਆਂ ਵਿੱਚ ਕਿਤੇ ਪਿਆਰ, ਕਿਤੇ ਸਤਿਕਾਰ ਅਤੇ ਕਿਤੇ ਪ੍ਰਸੰਸਾ ਭਰੇ ਭਾਵ ਨਜ਼ਰ ਆਉਂਦੇ ਹਨ। ਹੇਅਰਾ ਵਿਆਹ ਦੇ ਮੌਕੇ ਨੂੰ ਹੋਰ ਖ਼ੁਸ਼ੀ ਭਰਪੂਰ ਬਣਾਉਂਦਾ ਹੈ।

## ਸਿੱਠਣੀਆਂ

ਗਾਲ਼ੀ-ਗਲ਼ੋਚ ਤੇ ਮਖੌਲ ਦੇ ਗੀਤਾਂ ਨੂੰ ਸਿੱਠਣੀਆਂ ਆਖਦੇ ਹਨ। ਸਿੱਠ ਦਾ ਅਰਥ ਮਸ਼ਕਰੀ ਜਾਂ ਮਖੌਲ ਹੁੰਦਾ ਹੈ। ਜਿਹੜਾ ਕਾਵਿ ਦੂਜੀ ਧਿਰ ਨੂੰ ਠਿੱਠ ਕਰਨ ਲਈ ਪ੍ਰਯੋਗ ਹੁੰਦਾ ਹੈ, ਉਸ ਨੂੰ ਸਿੱਠਣੀ ਕਿਹਾ ਜਾਂਦਾ ਹੈ। ਇਸ ਵਿੱਚ ਤਾਹਨੇ-ਮਿਹਣੇ ਤੇ ਭੰਡੀ ਆਦਿ ਮੁੱਖ ਰੂਪ ਵਿੱਚ ਪ੍ਰਯੋਗ ਹੁੰਦੇ ਹਨ। ਸਿੱਠਣੀਆਂ, ਨਾਨਕੀਆਂ, ਦਾਦਕੀਆਂ ਵਿੱਚ ਵੀ ਚੱਲਦੀਆ ਹਨ ਤੇ ਜੰਞ ਵਿੱਚ ਆਏ ਲੋਕਾਂ ਜਾਂ ਜੁਵਾਈ-ਭਾਈ ਲਈ ਵੀ ਪ੍ਰਯੋਗ ਹੁੰਦੀਆਂ ਹਨ।

ਸਾਡੇ ਤਾਂ ਵਿਹੜੇ ਮੁੱਢ ਮਕਈ ਦਾ
ਦਾਣੇ ਤਾਂ ਮੰਗਦਾ ਉੱਧਲ਼ ਗਈ ਦਾ।

## ਅਲਾਹੁਣੀਆਂ

ਅਲਾਹੁਣੀਆਂ ਮਰੇ ਹੋਏ ਵਿਅਕਤੀਆਂ ਦੇ ਸੋਗ ਤੇ ਉਸਤਤ ਵਿੱਚ ਗਾਏ ਜਾਣ ਵਾਲ਼ੇ ਲੋਕ-ਗੀਤਾਂ ਦੀ ਵੰਨਗੀ ਹੈ। ਇਹ ਇਸਤਰੀਆਂ ਦਾ ਸਮੂਹਿਕ ਰੂਪ ਵਿੱਚ ਗਾਇਆ ਜਾਣ ਵਾਲ਼ਾ ਲੋਕ-ਗੀਤ ਹੈ, ਇਹ ਮਰੇ ਵਿਅਕਤੀ ਦੇ ਸਿਆਪੇ ਵੇਲ਼ੇ ਵੈਣ ਜਾਂ ਕੀਰਨੇ ਦੇ ਰੂਪ ਵਿੱਚ, ਵਿਰਲਾਪ ਵਿੱਚ ਗਾਏ ਜਾਂਦੇ ਹਨ। ਇਹਨਾਂ ਦੇ ਗਾਇਨ ਨਾਲ਼ ਸਦੀਵੀ ਵਿਛੋੜਾ ਦੇ ਗਏ ਵਿਅਕਤੀ ਦੇ ਦੁੱਖ ਵਿੱਚ ਰੋਣਾ-ਧੋਣਾ ਵੀ ਸ਼ਾਮਲ ਹੁੰਦਾ ਹੈ; ਜਿਵੇਂ:

ਹਾਏ-ਹਾਏ, ਧੀ ਕਿਸੇ ਦੀ ਨਾ ਮਰੇ।
ਹਾਏ, ਇਹ ਜੰਮਦੀ ਨਾ ਮਰੇ।
ਹਾਏ, ਇਹ ਵੱਸਦੀ ਨਾ ਮਰੇ।

## ਕੀਰਨੇ

ਅਲਾਹੁਣੀ ਦੀ ਤਰ੍ਹਾਂ ਕੀਰਨਾ ਵੀ ਮੌਤ ਨਾਲ਼ ਸੰਬੰਧਿਤ ਸ਼ੋਕ-ਗੀਤ ਹੈ। ਅਲਾਹੁਣੀ ਵਿੱਛੜ ਚੁੱਕੇ ਦੇ ਕਾਰ-ਵਿਹਾਰ ਦੀ ਉਸਤਤ ਕਰਦਾ ਕਾਵਿ-ਰੂਪ ਹੈ ਤੇ ਕੀਰਨੇ ਕਿਸੇ ਦੇ ਵਿੱਛੜ ਜਾਣ 'ਤੇ ਸ਼ਿਕਾਇਤ ਦੇ ਲਹਿਜੇ ਵਿੱਚ ਗਾਏ ਜਾਂਦੇ ਹਨ। ਅਲਾਹੁਣੀ ਸਮੂਹਿਕ ਗਾਨ ਹੈ ਤੇ ਕੀਰਨਾ ਵਿਅਕਤੀਗਤ ਰਚਨਾ ਹੁੰਦੀ ਹੈ।

## ਸੱਦ

ਸੱਦ ਵੀ ਮੌਤ ਨਾਲ਼ ਸੰਬੰਧਿਤ ਕਾਵਿ-ਰੂਪ ਹੈ। ਸੱਦ ਦਾ ਅਰਥ ਹੈ: ਸੱਦਣਾ, ਬੁਲਾਉਣਾ, ਪੁਕਾਰਨਾ ਜਾਂ ਹਾਕਾਂ ਮਾਰਨਾ। ਵਿੱਛੜੇ ਪਿਆਰੇ ਨੂੰ ਉੱਚੀ ਅਵਾਜ਼ ਨਾਲ਼ ਕਿਸੇ ਨੂੰ ਪੁਕਾਰਨਾ 'ਸੱਦ' ਹੈ। ਸੱਦ ਹੂਕ ਭਰਿਆ ਤੇ ਗਾਏ ਜਾਣ ਵਾਲ਼ਾ ਗੀਤ ਹੈ। ਇਸ ਦੀ ਸ਼ੈਲੀ ਲੋਕ-ਸੰਗੀਤ ਵਾਲ਼ੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਮਲ੍ਹਾਰ ਰਾਗ ਦੇ ਅੰਤਰਗਤ 'ਸੱਦ' ਕਾਵਿ-ਰੂਪ ਦਾ ਨਮੂਨਾ ਮਿਲ਼ਦਾ ਹੈ। ਸੱਦ ਕਾਵਿ-ਰੂਪ ਦੀ ਇੱਕ ਵੰਨਗੀ:

ਉੱਚੜਾ ਬੁਰਜ ਲਾਹੌਰ ਦਾ, ਵੇ ਚੀਰੇ ਵਾਲ਼ਿਆ।
ਹੇਠ ਵਗੇ ਦਰਿਆ ਵੇ ਸੱਜਣ ਮੇਰਿਆ।

## ਬੋਲੀ

ਬੋਲੀ ਵੀ ਲੋਕ-ਕਾਵਿ ਦਾ ਲੋਕ-ਪ੍ਰਿਅ ਰੂਪ ਹੈ। ਬਹੁਤ ਸਾਰੇ ਵਿਦਵਾਨ ਬੋਲੀ ਨੂੰ ਵੀ ਲੋਕ-ਗੀਤ ਦੇ ਅੰਤਰਗਤ ਵਿਚਾਰ ਲੈਂਦੇ ਹਨ। ਪਰ ਬੋਲੀ ਅਤੇ ਗੀਤ ਦਾ ਬੁਨਿਆਦੀ ਅੰਤਰ ਇਹ ਹੈ ਕਿ ਗੀਤ ਗਾਇਆ ਜਾਂਦਾ ਹੈ ਤੇ ਬੋਲੀ ਪਾਈ ਜਾਂਦੀ ਹੈ। ਭਾਵੇਂ ਨਵੇਂ ਕਲਾਕਾਰ ਬੋਲੀ ਨੂੰ ਵੀ ਗਾਇਕੀ ਦਾ ਹਿੱਸਾ ਬਣਾ ਰਹੇ ਹਨ ਪਰ ਨਾਚ ਅਤੇ ਨਾਚ ਦੇ ਤਾਲ ਤੋਂ ਬਿਨਾਂ ਬੋਲੀ ਦਾ ਮਹੱਤਵ ਨਹੀਂ ਹੈ। ਬੋਲੀ ਤਿੰਨ ਕਿਸਮਾਂ ਵਿੱਚ ਪ੍ਰਾਪਤ ਹੁੰਦੀ ਹੈ : ਲੰਮੀ ਬੋਲੀ, ਨਿੱਕੀ ਬੋਲੀ, ਦੋ-ਤੁਕੀ ਬੋਲੀ।

ਮੇਰੀ ਸੱਸ ਬੜੀ ਕੁਪੱਤੀ
ਪੈਰੀਂ ਪਾਉਣ ਨਾ ਦੇਵੇ ਜੁੱਤੀ
ਮੈਂ ਵੀ ਜੁੱਤੀ ਪਾਉਣੀ ਆ
ਮੁੰਡਿਆ ਰਾਜੀ ਰਹਿ ਜਾਂ
ਗੁੱਸੇ ਤੇਰੀ ਮਾਂ ਖੜਕਾਉਣੀ ਆ

## ਆਰਤੀ

ਇਹ ਧਾਰਮਿਕ ਉਪਾਸ਼ਨਾ ਨਾਲ਼ ਜੁੜਿਆ ਗੀਤ ਹੈ। ਇਹ ਈਸ਼ਵਰ ਜਾਂ ਇਸ਼ਟ ਦੀ ਅਰਾਧਨਾ ਲਈ ਸਵੇਰੇ ਜਾਂ ਸ਼ਾਮ ਕੀਤੀ ਜਾਂਦੀ ਹੈ। ਇਹ ਥਾਲ਼ੀ ਵਿੱਚ ਜੋਤਾਂ ਲਾ ਕੇ, ਖੜਤਾਲਾਂ-ਘੰਟੀਆਂ ਵਜਾ ਕੇ, ਗਾਇਆ ਜਾਣ ਵਾਲ਼ਾ ਕਾਵਿ-ਰੂਪ ਹੈ।

## ਭੇਟਾਂ

ਦੁਰਗਾ ਮਾਂ ਸ਼ੇਰਾਂਵਾਲ਼ੀ ਦੀ ਉਸਤਤ ਲਈ ਗਾਇਆ ਜਾਣ ਵਾਲ਼ਾ ਕਾਵਿ-ਰੂਪ ਹੈ। ਇਸ ਵਿੱਚ ਸ਼ੇਰਾਂਵਾਲ਼ੀ ਦੀ ਮਹਿਮਾ ਤੇ ਅਪਾਰ ਸ਼ਕਤੀ ਅਤੇ ਮਮਤਾ ਦਾ ਜ਼ਿਕਰ ਹੁੰਦਾ ਹੈ।

## ਮੰਗਲਾਚਰਨ

ਕਿਸੇ ਵੀ ਕਾਰਜ ਵਿਸ਼ੇਸ਼ਕਰ ਪੁਰਾਤਨ ਸਮੇਂ ਕਵੀਸ਼ਰ/ਕਵੀ ਲੋਕ ਆਪਣੀ ਰਚਨਾ ਦੇ ਸ਼ੁਰੂ ਵਿੱਚ ਰਚਨਾ ਦੀ ਸਫਲਤਾ ਲਈ ਜੋ ਇਸ਼ਟ/ਈਸ਼ਵਰ ਦੀ ਅਰਾਧਨਾ ਕਰਦੇ ਸਨ, ਉਹ ਮੰਗਲਾਚਰਨ ਹੁੰਦਾ ਸੀ। ਵਾਰਿਸ ਦੀ ਹੀਰ ਵਿੱਚ ਵੀ ਇਸ ਦਾ ਨਮੂਨਾ ਮਿਲ਼ਦਾ ਹੈ। ਅਰਬੀ-ਫ਼ਾਰਸੀ ਵਿੱਚ ਇਸੇ ਨੂੰ 'ਹਮਦ' ਆਖਦੇ ਹਨ।

**ਲੋਕ-ਵਾਰ :** ਵਾਰ ਬੀਰ-ਰਸੀ ਰੰਗਤ ਵਾਲ਼ਾ ਅਜਿਹਾ ਕਾਵਿ-ਰੂਪ ਹੈ ਜਿਸ ਵਿੱਚ ਲੜਾਈ/ਯੁੱਧ ਦਾ ਵਰਨਣ ਹੁੰਦਾ ਹੈ। ਦੋਂਹਾਂ ਧਿਰਾਂ ਦੇ ਬਹਾਦਰਾਂ ਦੀ ਸੂਰਮਗਤੀ ਦਾ ਜਸ-ਗਾਇਨ ਕੀਤਾ ਜਾਂਦਾ ਹੈ। ਇਹ ਪਉੜੀਆਂ ਵਿੱਚ ਰਚੀ ਜਾਂਦੀ ਹੈ। ਇਸ ਵਿੱਚ ਸਿਰਖੰਡੀ/ਨਿਸ਼ਾਨੀ ਛੰਦ ਪ੍ਰਯੋਗ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਟੁੰਡੇ ਅਸਰਾਜੇ ਦੀ ਵਾਰ, ਹਸਨੇ ਮਹਿਮੇ ਦੀ ਵਾਰ, ਮੂਸੇ ਦੀ ਵਾਰ, ਇਸੇ ਕਿਸਮ ਦੇ ਨਮੂਨੇ ਹਨ। ਇਹਨਾਂ ਵਾਰਾਂ ਵਿੱਚ ਲੋਕ-ਰੰਗ ਦੀ ਪੇਸ਼ਕਾਰੀ ਹੀ ਇਹਨਾਂ ਦੀ ਖ਼ੂਬਸੂਰਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਦੀ ਰਚਨਾ ਕੀਤੀ।

## ਅਭਿਆਸ

1. **ਵਿਆਹ ਵੇਲ਼ੇ ਮੁੰਡੇ ਦੇ ਘਰ ਗਾਏ ਜਾਣ ਵਾਲ਼ੇ ਲੋਕ-ਗੀਤਾਂ ਨੂੰ ਕੀ ਕਿਹਾ ਜਾਂਦਾ ਹੈ?**

   (ੳ) ਘੋੜੀਆਂ (ਅ) ਸੁਹਾਗ (ੲ) ਮਾਹੀਆ (ਸ) ਟੱਪਾ

2. **ਇਕਹਿਰੀ ਤੁਕ ਵਾਲ਼ਾ ਲੋਕ-ਗੀਤ ਕਿਹੜਾ ਹੈ?**

   (ੳ) ਸੁਹਾਗ (ਅ) ਟੱਪਾ (ੲ) ਮਾਹੀਆ (ਸ) ਢੋਲੇ

3. **ਹੇਠ ਲਿਖਿਆਂ ਵਿੱਚੋਂ ਕਿਹੜਾ ਕਾਵਿ-ਰੂਪ ਮੌਤ ਨਾਲ਼ ਸੰਬੰਧਿਤ ਨਹੀਂ ਹੈ?**

   (ੳ) ਸੱਦ (ਅ) ਕੀਰਨੇ (ੲ) ਸਿੱਠਣੀਆਂ (ਸ) ਅਲਾਹੁਣੀਆਂ

4. **ਬਾਲਪਣ ਦੀਆਂ ਖੇਡਾਂ ਨਾਲ਼ ਸੰਬੰਧਿਤ ਲੋਕ-ਕਾਵਿ ਕਿਹੜਾ ਹੈ?**

   (ੳ) ਟੱਪੇ (ਅ) ਥਾਲ਼ (ੲ) ਸੱਦ (ਸ) ਛੰਦ ਪਰਾਗਾ

5. **'ਚੰਡੀ ਦੀ ਵਾਰ' ਦੀ ਰਚਨਾ ਕਿਸ ਨੇ ਕੀਤੀ?**

   (ੳ) ਸ੍ਰੀ ਗੁਰੂ ਨਾਨਕ ਦੇਵ ਜੀ (ਅ) ਸ੍ਰੀ ਗੁਰੂ ਅਰਜਨ ਦੇਵ ਜੀ
   (ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਸ) ਸ਼ਾਹ ਮੁਹੰਮਦ

# ਬੁਝਾਰਤਾਂ

ਬੁਝਾਰਤਾਂ ਤੋਂ ਭਾਵ ਹੈ : ਬੁੱਝਣ ਵਾਲ਼ੀਆਂ ਗੱਲਾਂ। ਬੁਝਾਰਤ ਕੋਈ ਭਾਸ਼ਾਈ ਗੁੰਝਲ਼ ਜਾਂ ਅੜਾਉਣੀ ਹੁੰਦੀ ਹੈ ਜੋ ਪੁੱਛਣ ਵਾਲ਼ਾ ਸਾਮ੍ਹਣੇ ਵਾਲ਼ੇ ਦੇ ਅੱਗੇ ਸਵਾਲ ਵਜੋਂ ਰੱਖਦਾ ਹੈ। ਬੁਝਾਰਤਾਂ ਵਿੱਚ ਇੱਕ ਛੋਟੀ ਜਿਹੀ ਘੁੰਢੀ ਰੱਖ ਕੇ, ਮਿਲ਼ਦੀ-ਜੁਲ਼ਦੀ ਚੀਜ਼ ਦਾ ਵੇਰਵਾ ਦੇ ਕੇ ਸਵਾਲ ਪੁੱਛਿਆ ਜਾਂਦਾ ਹੈ, ਇਸ ਲਈ ਇਹਨਾਂ ਨੂੰ ਬੁੱਝਣ ਵਾਲ਼ੀਆਂ ਬਾਤਾਂ ਵੀ ਕਿਹਾ ਜਾਂਦਾ ਹੈ।

ਬੁਝਾਰਤਾਂ ਦਾ ਜਵਾਬ ਮਨੁੱਖ ਨੂੰ ਪਤਾ ਤਾਂ ਹੁੰਦਾ ਹੈ ਪਰ ਉਸ ਦੀ ਦਿਮਾਗ਼ੀ ਕਸਰਤ/ਸੂਝ ਪਰਖ ਲਈ ਬੁਝਾਰਤ ਨੂੰ ਭਾਸ਼ਾਈ ਗੁੰਝਲ਼ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਬੁਝਾਰਤਾਂ ਇੱਕ ਤਰ੍ਹਾਂ ਦੀਆਂ ਛੋਟੀਆਂ ਪ੍ਰਸ਼ਨਿਕ ਕਵਿਤਾਵਾਂ ਹੀ ਹੁੰਦੀਆਂ ਹਨ ਜਿਨ੍ਹਾਂ ਵਿੱਚ ਤੁਕਾਂਤ-ਮੇਲ਼ ਹੁੰਦਾ ਹੈ। ਪ੍ਰਾਚੀਨ ਕਾਲ ਤੋਂ ਹੀ ਮਨੁੱਖ ਆਪਣੀ ਦਿਮਾਗ਼ੀ ਕਸਰਤ ਲਈ ਕਿਸੇ ਨਾ ਕਿਸੇ ਰੂਪ ਵਿੱਚ ਬੁਝਾਰਤਾਂ ਪਾਉਂਦਾ ਆ ਰਿਹਾ ਹੈ। ਇਹਨਾਂ ਦਾ ਰੂਪਕ ਪੱਖ ਕਵਿਤਾ ਵਰਗਾ ਹੋਣ ਦੇ ਨਾਲ਼-ਨਾਲ਼ ਇਹਨਾਂ ਦਾ ਸਮਾਜਿਕ, ਮਾਨਸਿਕ ਅਤੇ ਵਿਹਾਰਿਕ ਮਹੱਤਵ ਹੋਣ ਕਰਕੇ ਇਹ ਲੋਕ-ਸਾਹਿਤ ਦਾ ਅਟੁੱਟ ਅੰਗ ਬਣ ਗਈਆਂ ਹਨ। ਸ਼ੁਰੂ ਵਿੱਚ ਇਹ ਮੌਖਿਕ ਸਾਹਿਤ ਵਾਂਗ ਪੀੜ੍ਹੀ ਦਰ ਪੀੜ੍ਹੀ ਸੰਚਾਰਿਤ ਹੁੰਦੀਆਂ ਰਹਿੰਦੀਆਂ ਸਨ। ਪੁਰਾਣੇ ਸਮਿਆਂ ਵਿੱਚ ਮਨੁੱਖ ਕੋਲ਼ ਅੱਜ ਵਾਂਗ ਮਨੋਰੰਜਨ ਦੇ ਸਾਧਨ ਨਹੀਂ ਸਨ ਜਿਸ ਕਾਰਨ ਲੋਕ ਆਮ ਤੌਰ ’ਤੇ ਰਾਤ ਦਾ ਰੋਟੀ-ਟੁੱਕ ਖਾ ਕੇ ਸੌਂਣ ਤੋਂ ਪਹਿਲਾਂ ਬਾਤਾਂ ਪਾਉਣ ਲਈ ਮੰਜਿਆਂ ’ਤੇ ਜੁੜ ਬੈਠਦੇ ਸਨ ਅਤੇ ਪਰਿਵਾਰਿਕ ਸਾਂਝ, ਰਿਸ਼ਤੇ-ਨਾਤੇ, ਸਮਾਜਿਕ ਆਲ਼ਾ-ਦੁਆਲ਼ਾ, ਕੰਮ-ਕਾਰ, ਬਨਸਪਤੀ, ਬ੍ਰਹਿਮੰਡ ਆਦਿ ਵਿਸ਼ਿਆਂ ’ਚੋਂ ਕਾਵਿ-ਰੂਪ ਵਿੱਚ ਬੁਝਾਰਤਾਂ ਰੂਪੀ ਸਵਾਲ ਪੁੱਛਦੇ ਸਨ। ਬੱਚੇ ਬੁਝਾਰਤਾਂ ਬੁੱਝਣ ਵਿੱਚ ਬੜੀ ਦਿਲਚਸਪੀ ਨਾਲ਼ ਹਿੱਸਾ ਲੈਂਦੇ ਸਨ ਕਿਉਂਕਿ ਇਹ ਸੋਚ ਅਤੇ ਕਲਪਨਾ-ਸ਼ਕਤੀ ਦਾ ਵਿਕਾਸ ਕਰਦੀਆਂ ਹਨ। ਬੱਚਿਆਂ ਦੀ ਸੂਝ, ਪਰਖ ਅਤੇ ਬੌਧਿਕ ਵਿਕਾਸ ਲਈ ਬੁਝਾਰਤਾਂ ਬਹੁਤ ਲਾਹੇਵੰਦ ਸਨ। ਇਹਨਾਂ ਨਾਲ਼ ਬੱਚਿਆਂ ਅਤੇ ਵੱਡਿਆਂ ਵਿੱਚ ਦੂਜਿਆਂ ਦੀ ਗੱਲ ਨੂੰ ਧਿਆਨ ਨਾਲ਼ ਸੁਣ ਕੇ ਤਰਕ ਕਰਨ ਦੀ ਰੁਚੀ ਵਿਕਸਿਤ ਹੁੰਦੀ ਸੀ। ਵਿਗਿਆਨ ਦੀਆਂ ਕਾਢਾਂ ਨੇ ਮਨੋਰੰਜਨ ਦੇ ਅਨੇਕਾਂ ਸਾਧਨ ਵਿਕਸਿਤ ਕੀਤੇ ਹਨ ਜਿਸ ਕਰਕੇ ਬੁਝਾਰਤਾਂ ਪਾਉਣ, ਸੁਣਨ ਅਤੇ ਬੁੱਝਣ ਦਾ ਰਿਵਾਜ ਖ਼ਤਮ ਹੋ ਰਿਹਾ ਹੈ।

ਆਓ, ਵੱਖ-ਵੱਖ ਵਿਸ਼ਿਆਂ ’ਤੇ ਕੁਝ ਬੁਝਾਰਤਾਂ ਅਤੇ ਉਹਨਾਂ ਦੇ ਜਵਾਬ ਪੜ੍ਹੀਏ:

- ਲੋਹੇ ਦੀਆਂ ਪੌੜੀਆਂ, ਕੱਚ ਦਾ ਚੁਬਾਰਾ
  ਵਿੱਚ ਨੱਚੇ ਵਣਜਾਰਾ (ਲਾਲਟੈਣ)
- ਨੀਲੀ ਟਾਕੀ ਚੌਲ਼ ਬੱਧੇ
  ਦਿਨੇ ਗੁਆਚੇ ਰਾਤੀਂ ਲੱਭੇ (ਅਕਾਸ਼ ’ਚ ਤਾਰੇ)
- ਨਿੱਕੇ-ਨਿੱਕੇ ਟੇਟੂਏ ਸੰਦੂਕ ਚੁੱਕੀ ਜਾਂਦੇ ਨੇ
  ਰਾਜਾ ਪੁੱਛੇ ਰਾਣੀ ਨੂੰ ਇਹ ਕੀ ਜਨੌਰ ਜਾਂਦੇ ਨੇ (ਰੇਲਗੱਡੀ ਦੇ ਡੱਬੇ)
- ਨਿੱਕੀ ਜਿਹੀ ਕੁੜੀ, ਲੈ ਪਰਾਂਦਾ ਤੁਰੀ (ਸੂਈ-ਧਾਗਾ)

- ❖ ਅਸਮਾਨੋਂ ਡਿਗਾ ਬੱਕਰਾ, ਮੂੰਹ 'ਚੋਂ ਨਿੱਕਲ਼ੀ ਲਾਲ਼
  ਢਿੱਡ ਪਾੜ ਕੇ ਦੇਖਿਆ ਤੇ ਵਿੱਚੋਂ ਨਿੱਕਲ਼ੇ ਵਾਲ਼ (ਅੰਬ)
- ❖ ਅੰਬਰਸਰ ਕਲਕੱਤੇ,
  ਨਾ ਉਹਦੀ ਜੜ੍ਹ, ਨਾ ਉਹਦੇ ਪੱਤੇ (ਅਮਰ ਵੇਲ)
- ❖ ਬਾਹਰੋਂ ਆਏ ਚਾਰ ਮਲੰਗ
  ਸਾਵੀਆਂ ਟੋਪੀਆਂ, ਕਾਲ਼ੇ ਰੰਗ (ਬਤਾਊਂ)
- ❖ ਵਾਹ ਵੇ ਰੱਬਾ ਤੇਰੇ ਕੰਮ
  ਬਾਹਰ ਹੱਡੀਆਂ ਅੰਦਰ ਚੰਮ (ਕੱਛੂਕੁੰਮਾ)
- ❖ ਨਿੱਕੀ ਜਿਹੀ ਕੌਲੀ
  ਅੰਬਾਲ਼ੇ ਜਾ ਕੇ ਬੋਲੀ (ਟੈਲੀਫੂਨ, ਮੋਬਾਈਲ ਫ਼ੋਨ)
- ❖ ਮੈਂ ਲਿਆਂਦਾ ਬੋਕ
  ਨੱਪੀ ਪੂਛ ਮਾਰੇ ਮੋਕ (ਨਲ਼ਕਾ)
- ❖ ਰੜੇ ਮੈਦਾਨ ਵਿੱਚ ਲਹੂ ਦਾ ਤੁਬਕਾ (ਚੀਚ-ਵਹੁਟੀ)
- ❖ ਨਿੱਕੀ ਜਿਹੀ ਕੁੜੀ, ਉਹਦੇ ਢਿੱਡ 'ਚ ਲਕੀਰ (ਕਣਕ ਦਾ ਦਾਣਾ)
- ❖ ਬਾਤ ਪਾਵਾਂ ਬਤੋਲੀ ਪਾਵਾਂ, ਬਾਤ ਨੂੰ ਲਾਵਾਂ ਪਰਾਂਦਾ
  ਇੱਕ ਬੰਦਾ ਮੈਂ ਐਸਾ ਡਿੱਠਾ, ਫਿਟ-ਫਿਟ ਕਰਦਾ ਜਾਂਦਾ (ਸਕੂਟਰ, ਮੋਟਰ- ਸਾਈਕਲ)
- ❖ ਅਹੁ ਗਈ, ਅਹੁ ਗਈ (ਨਿਗ੍ਹਾ)
- ❖ ਸੋਲ਼ਾਂ ਧੀਆਂ, ਚਾਰ ਜਵਾਈ (ਉਂਗਲ਼ਾਂ ਤੇ ਅੰਗੂਠੇ)
- ❖ ਆਲ਼ਾ ਭਰਿਆ ਕੌਡੀਆਂ ਦਾ ਵਿੱਚ ਤੋਤਕ ਨੱਚੇ (ਦੰਦ ਤੇ ਜੀਭ )
- ❖ ਦੋ ਸਿਪਾਹੀ ਲੜਦੇ ਜਾਣ
  ਮੂਹਰੇ ਪੱਤੇ ਝੜਦੇ ਜਾਣ (ਟੋਕੇ ਵਾਲ਼ੀ ਮਸ਼ੀਨ)
- ❖ ਕਾਠ ਦੀ ਸੰਦੂਕੜੀ ਤੇ ਵਿੱਚੋਂ 'ਵਾਜਾਂ ਆਉਣ (ਰੇਡੀਓ)
- ❖ ਤਲ਼ੀ ਉੱਤੇ ਕਬੂਤਰ ਨੱਚੇ (ਆਟੇ ਦਾ ਪੇੜਾ)
- ❖ ਨਿੱਕਾ ਜਿਹਾ ਕਾਕਾ, ਘਰ ਦਾ ਰਾਖਾ (ਜਿੰਦਰਾ)
- ❖ ਥੜ੍ਹੇ 'ਤੇ ਥੜ੍ਹਾ, ਉੱਤੇ ਲਾਲ ਕਬੂਤਰ ਖੜ੍ਹਾ (ਦੀਵਾ)

- ਦੋ ਚੱਕਰ ਵਿਚਕਾਰ ਤਿਕੋਣ
  ਭੱਜੇ ਜੀਕਣ ਵਗਦੀ ਪੌਣ (ਸਾਈਕਲ)
- ਇੱਕੋ-ਜਿਹੇ ਦੋ ਭਾਈ ਜੌੜੇ ਇੱਕ-ਦੂਜੇ ਬਿਨ ਰਹਿੰਦੇ ਨਾ
  ਹਰ ਥਾਂ ਜਾਣ ਇਕੱਠੇ ਪਰ ਇੱਕ-ਦੂਜੇ ਦੀ ਥਾਂ ਲੈਂਦੇ ਨਾ (ਜੋੜੇ, ਚੱਪਲਾਂ, ਬੂਟ)

## ਅਭਿਆਸ

**ਬੁਝਾਰਤ ਪੂਰੀ ਕਰੋ:**

1. **ਵਾਹ ਵੇ ਰੱਬਾ ਤੇਰੇ ਕੰਮ**

   ਬਾਹਰ......... ਅੰਦਰ ਚੰਮ

   (ੳ) ਨਾੜਾਂ (ਅ) ਹੱਡੀਆਂ (ੲ) ਲਹੂ (ਸ) ਨਬਜ਼ਾਂ

2. **ਦੋ ਸਿਪਾਹੀ............... ਜਾਣ, ਮੂਹਰੇ ਪੱਤੇ ਝੜਦੇ ਜਾਣ**

   (ੳ) ਪੜ੍ਹਦੇ (ਅ) ਖੜ੍ਹਦੇ (ੲ) ਲੜਦੇ (ਸ) ਸੜਦੇ।

# ਮੇਲੇ ਅਤੇ ਤਿਉਹਾਰ

### ਪੰਜਾਬ ਦੇ ਪ੍ਰਸਿੱਧ ਮੇਲੇ

ਜੇ ਪੰਜਾਬ ਦੀ ਧਰਤੀ ਨੂੰ ਰਿਸ਼ੀਆਂ-ਮੁਨੀਆਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ ਤਾਂ ਇਸ ਦੀ ਸੰਸਕ੍ਰਿਤੀ ਨੂੰ ਹੱਸਦੀ-ਨੱਚਦੀ, ਗਾਉਂਦੀ ਤੇ ਜੂਝਦੀ ਸੰਸਕ੍ਰਿਤੀ (ਸੱਭਿਆਚਾਰ) ਹੋਣ ਦਾ ਵੀ ਮਾਣ ਪ੍ਰਾਪਤ ਹੈ। ਪੰਜਾਬ ਦੇ ਲੋਕ ਮਹਿਮਾਨਨਵਾਜ਼ ਹਨ, ਮੌਜ-ਮੇਲਾ ਕਰਨ ਦੇ ਸ਼ੁਕੀਨ ਹਨ ਤੇ ਖਾਣ-ਪੀਣ ਖੁੱਲਾ-ਡੁੱਲ੍ਹਾ ਰੱਖਦੇ ਹਨ। ਇਹ ਸਾਰੇ ਗੁਣ-ਲੱਛਣ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬ ਦੇ ਮੇਲਿਆਂ ਦੀ ਹੀ ਦੇਣ ਮੰਨੇ ਜਾਂਦੇ ਹਨ। ਲੋਕ-ਮੇਲੇ ਲੋਕ-ਧਾਰਾ ਦਾ ਆਪਮੁਹਾਰਾ ਪ੍ਰਵਾਹ ਹੁੰਦੇ ਹਨ। ਪੰਜਾਬ ਦੇ ਮੁੱਖ ਮੇਲੇ ਹੇਠ ਲਿਖੇ ਅਨੁਸਾਰ ਹਨ :

### ਮਾਘੀ ਦਾ ਮੇਲਾ

ਮਾਘੀ, ਮਾਘ ਦੇ ਮਹੀਨੇ ਦੀ ਸੰਗਰਾਂਦ ਦਾ ਸ਼ੁੱਭ ਦਿਹਾੜਾ ਹੈ। ਦੇਸੀ ਮਹੀਨੇ ਦੀ ਪਹਿਲੀ ਤਰੀਕ ਲਈ ਵਰਤਿਆ ਜਾਣ ਵਾਲ਼ਾ ਸ਼ਬਦ ਸੰਗਰਾਂਦ ਅਸਲ ਵਿੱਚ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਸੰਕ੍ਰਾਂਤੀ ਦਾ ਪੰਜਾਬੀ ਰੂਪ ਹੈ। ਇਸ ਦਾ ਅਰਥ ਹੈ ਸੂਰਜ ਦਾ ਇੱਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਦਾਖ਼ਲ ਹੋਣਾ। ਪੰਜਾਬ ਦੇ ਮੁਕਤਸਰ ਵਿਖੇ ਮਾਘੀ ਦਾ ਮੇਲਾ ਲੱਗਦਾ ਹੈ। ਲੋਕ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ। ਮਾਘ ਦੇ ਮਹੀਨੇ ਤੋਂ ਪਹਿਲਾਂ ਪੋਹ ਦਾ ਮਹੀਨਾ ਹੁੰਦਾ ਹੈ। ਪੋਹ ਦਾ ਮਹੀਨਾ ਲੋਕ-ਚੇਤਨਾ ਅੰਦਰ ਨਹਿਸ਼ (ਬਹੁਤ ਬੁਰਾ) ਮੰਨਿਆ ਗਿਆ ਹੈ। ਹਰ

ਪਾਸੇ ਦਲਿੱਦਰ, ਸੁਸਤੀ, ਗੰਦਗੀ ਅਤੇ ਅਵੇਸਲੇਪਣ ਦਾ ਬੋਲ-ਬਾਲਾ ਹੁੰਦਾ ਹੈ। ਇਸੇ ਲਈ ਪੋਹ ਦੇ ਅਖੀਰ ਵਿੱਚ ਅਤੇ ਮਾਘ ਚੜ੍ਹਨ ਤੋਂ ਪਹਿਲੀ ਰਾਤ ਪੂਰਵ ਸੰਧਿਆ ਸਮੇਂ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਲੋਹੜੀ ਅੱਗ ਨਾਲ਼ ਸੰਬੰਧਿਤ ਤਿਉਹਾਰ ਹੈ। ਅੱਗ ਨਾ ਕੇਵਲ ਮਨੁੱਖ ਨੂੰ ਗਰਮੀ ਹੀ ਪ੍ਰਦਾਨ ਕਰਦੀ ਹੈ, ਸਗੋਂ ਮਨੁੱਖ-ਸਿਰਜਿਤ ਹਰ ਚੀਜ਼ ਨੂੰ ਪਵਿੱਤਰ ਅਤੇ ਉੱਜਲ ਬਣਾ ਦਿੰਦੀ ਹੈ। ਪੰਜਾਬੀ ਲੋਕ-ਧਾਰਾ ਅੰਦਰ ਅਠਾਹਠ ਤੀਰਥਾਂ (ਹਿੰਦੂਆਂ ਦੇ ਪਵਿੱਤਰ 68 ਤੀਰਥ) ਉੱਤੇ ਇਸ਼ਨਾਨ ਕਰਨ ਦਾ ਦ੍ਰਿੜ੍ਹ ਨਿਸ਼ਚਾ ਰਿਹਾ ਹੈ। ਜਦੋਂ 1705 ਈ: ਵਿੱਚ ਸਰਹਿੰਦ ਦਾ ਸੂਬਾ ਵਜ਼ੀਰ ਖ਼ਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰਦਾ ਮਾਲਵੇ ਖੇਤਰ ਵਿੱਚ ਪੁੱਜਿਆ ਤਾਂ ਮਾਲਵੇ ਦੇ ਸਿੱਖਾਂ ਨੇ ਖਿਦਰਾਣੇ ਦੀ ਢਾਬ (ਅਜੋਕਾ ਮੁਕਤਸਰ) ਉੱਤੇ ਉਸ ਦਾ ਮੁਕਾਬਲਾ ਕੀਤਾ। ਇਸ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਚੁੱਕੇ ਚਾਲ਼ੀ ਸਿੰਘ ਵੀ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਥਾਨ ’ਤੇ ਪਹੁੰਚੇ ਭਾਈ ਮਹਾਂ ਸਿੰਘ ਦੇ ਕਹਿਣ ’ਤੇ ਬੇਦਾਵਾ ਪਾੜ ਦਿੱਤਾ, ਟੁੱਟੀ ਗੰਢੀ ਗਈ। ਸ਼ਹੀਦ ਸਿੱਖਾਂ ਦੀ ਦੇਹ ਦਾ ਸਸਕਾਰ ਕੀਤਾ ਗਿਆ ਤੇ ਇਸ ਸਥਾਨ ਦਾ ਨਾਂ ਮੁਕਤਸਰ ਰੱਖ ਦਿੱਤਾ ਗਿਆ। ਇਹਨਾਂ ਸ਼ਹੀਦਾਂ ਦੀ ਯਾਦ ਵਿੱਚ ਹੀ ਮਾਘੀ ਦਾ ਮੇਲਾ ਲੱਗਦਾ ਹੈ। ਇੱਥੇ ਹੀ ਸ਼ਹੀਦਗੰਜ, ਟਿੱਬੀ ਸਾਹਿਬ ਅਤੇ ਤੰਬੂ ਸਾਹਿਬ ਗੁਰਦੁਆਰੇ ਹਨ।

### ਜਰਗ ਦਾ ਮੇਲਾ

ਪੰਜਾਬ ਦੇ ਲੋਕ-ਮੇਲਿਆਂ ਵਿੱਚ ਜਰਗ ਦਾ ਮੇਲਾ ਚੋਟੀ ਦਾ ਮੇਲਾ ਮੰਨਿਆ ਜਾਂਦਾ ਹੈ ਜਿਹੜਾ ਪੰਜਾਬੀ ਲੋਕ-ਮਾਨਸਿਕਤਾ ਵਿੱਚ ਸ਼ਾਮਲ ਹੋ ਚੁੱਕਿਆ ਹੈ। ਜਰਗ ਦਾ ਮੇਲਾ ਸੀਤਲਾ ਮਾਤਾ ਦੀ ਪੂਜਾ ਨਾਲ਼ ਸੰਬੰਧ ਰੱਖਦਾ ਹੈ ਤੇ ਚੇਤਰ ਮਹੀਨੇ ਦੇ ਪਹਿਲੇ ਮੰਗਲ਼ਵਾਰ ਨੂੰ ਜਰਗ (ਜ਼ਿਲ੍ਹਾ ਲੁਧਿਆਣਾ) ਵਿਖੇ ਲੱਗਦਾ ਹੈ। ਜ਼ਿਲ੍ਹਾ ਲੁਧਿਆਣਾ ਦੀ ਪਾਇਲ ਤਹਿਸੀਲ ਦਾ ਪਿੰਡ ਜਰਗ ਇਸ ਲੋਕ-ਮੇਲੇ ਕਾਰਨ ਪ੍ਰਸਿੱਧ ਹੋ ਗਿਆ ਹੈ। ਜਰਗ ਦੇ ਇੱਕ ਵੱਡੇ ਟੋਭੇ ਦੁਆਲ਼ੇ ਇਹ ਮੇਲਾ ਲੱਗਦਾ ਹੈ। ਉੱਥੇ ਟੋਭੇ ਵਿੱਚੋਂ ਮਿੱਟੀ ਕੱਢੀ ਜਾਂਦੀ ਹੈ ਤੇ ਸੀਤਲਾ ਮਾਤਾ ਦਾ ਥਾਨ ਪੂਜਿਆ ਜਾਂਦਾ ਹੈ। ਸੀਤਲਾ ਮਾਤਾ ਦੀ ਪੂਜਾ ਮਿੱਠੇ ਗੁਲਗੁਲੇ ਤੇ ਮਿੱਠੀਆਂ ਰੋਟੀਆਂ ਨਾਲ਼ ਕੀਤੀ ਜਾਂਦੀ ਹੈ। ਪੂੜੇ ਤੇ ਗੁਲਗੁਲੇ ਰਾਤ ਨੂੰ ਪਕਾ ਕੇ ਚੇਤ ਦੇ ਪਲ਼ੇਠੇ ਮੰਗਲ਼ਵਾਰ ਨੂੰ ਸਵੇਰੇ ਹੀ ਮਾਤਾ ਰਾਣੀ ਦੀ ਪੂਜਾ ਕੀਤੀ ਜਾਂਦੀ ਹੈ। ਬੇਹੇ ਭੋਜਨ ਨਾਲ਼ ਪੂਜਾ ਕਰਨ ਸਦਕਾ ਹੀ ਇਸ ਨੂੰ ਬਾਸੜੀਏ ਨਾਂ ਦਿੱਤਾ ਗਿਆ ਹੈ ਜਿਸ ਦਾ ਅਰਥ ਹੈ ਬੇਹਾਪਣ। ਇਹ ਪੂਜਾ ਸੀਤਲਾ ਮਾਤਾ ਅਤੇ ਉਸ ਦੇ ਵਾਹਨ ਖੋਤੇ ਦੀ ਪੂਜਾ ਨਾਲ਼ ਸੰਬੰਧ ਰੱਖਦੀ ਹੈ। ਘੁਮਿਆਰ ਆਪਣੇ ਖੋਤਿਆਂ ਨੂੰ ਇਸ ਦਿਨ ਪੂਰਾ ਸ਼ਿੰਗਾਰ ਕੇ ਲਿਆਉਂਦੇ ਹਨ। ਖੋਤਿਆਂ ਉੱਪਰ ਘੋਗਿਆਂ, ਕੌਡੀਆਂ ਤੇ ਮੋਤੀਆਂ-ਜੜੇ ਝੁੱਲ ਪਾਏ ਹੁੰਦੇ ਹਨ। ਖੋਤਿਆਂ ਅੱਗੇ ਜੌਂ, ਪਿੰਨੇ, ਮੋਠ ਤੇ ਬਾਜਰੇ ਦੀਆਂ ਬੱਕਲ਼ੀਆਂ ਪਾਈਆਂ ਜਾਂਦੀਆਂ ਹਨ। ਗਧੇ ਦਾ ਹਿਣਕਣਾ ਸ਼ੁੱਭ ਸਗਨ ਮੰਨਿਆ ਜਾਂਦਾ ਹੈ। ਛੋਟੀ ਜਾਤੀ ਦੇ ਲੋਕਾਂ ਵਿੱਚ ਪੂਜਾ ਉਪਰੰਤ ਭੋਜਨ ਵੰਡਿਆ ਜਾਂਦਾ ਹੈ। ਜਰਗ ਦੇ ਮੇਲੇ ਦੀ ਪ੍ਰਸਿੱਧਤਾ ਇਹਨਾਂ ਲੋਕ-ਗੀਤਾਂ ਦੀਆਂ ਟੂਕਾਂ ਤੋਂ ਜਾਣੀ ਜਾ ਸਕਦੀ ਹੈ।

ਜਿਹਾ ਦੇਖਿਆ ਜਰਗ ਦਾ ਮੇਲਾ, ਜਿਹੀ ਤੇਰੀ ਗੁੱਤ ਦੇਖ ਲਈ।
ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੱਕ ਲਊਂ।

## ਛਪਾਰ ਦਾ ਮੇਲਾ

ਇਹ ਮੇਲਾ ਭਾਦੋਂ ਦੀ ਚਾਨਣੀ ਚੌਦਸ (ਚੌਦਾਂ ਤਾਰੀਖ਼) ਨੂੰ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਛਪਾਰ ਵਿਖੇ ਲੱਗਦਾ ਹੈ। ਛਪਾਰ ਪਿੰਡ ਦੀ ਦੱਖਣੀ ਗੁੱਠ (ਕੋਨਾ) ਵਿਖੇ ਸਥਿਤ ਗੁੱਗਾ ਮਾੜੀ ਦੇ ਸਥਾਨ 'ਤੇ ਇਹ ਮੇਲਾ ਹਰ ਸਾਲ ਭਰਦਾ ਹੈ। ਕਿਹਾ ਜਾਂਦਾ ਹੈ ਕਿ ਗੁੱਗੇ ਦੇ ਭਗਤਾਂ ਨੇ ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1890 ਬਿਕਰਮੀ ਵਿੱਚ ਇਸ ਮਾੜੀ ਦੀ ਸਥਾਪਨਾ ਕੀਤੀ ਸੀ। ਪੰਜਾਬ ਵਿੱਚ ਲੱਗਣ ਵਾਲ਼ੇ ਬਹੁਗਿਣਤੀ ਮੇਲੇ ਸਰਪ-ਪੂਜਾ ਨਾਲ਼ ਸੰਬੰਧ ਰੱਖਦੇ ਹਨ। ਛਪਾਰ ਦੇ ਮੇਲੇ ਉੱਤੇ ਗੁੱਗੇ ਦੇ ਭਗਤ ਪਹਿਲਾਂ ਸੁੱਚੇ ਮੂੰਹ ਸੱਤ ਵਾਰ ਮਿੱਟੀ ਕੱਢਦੇ ਹਨ। ਮਿੱਟੀ ਕੱਢਣਾ ਧਾਰਮਿਕ ਕਰਮ-ਕਾਂਡ ਹੈ। ਗੁੱਗਾ-ਭਗਤ ਗੁੱਗਾ ਜ਼ਾਹਰ ਪੀਰ ਦੀ ਪ੍ਰਸੰਨਤਾ ਲਈ ਗੁੱਗੇ ਦੀ ਮਿੱਟੀ ਕੱਢਦੇ ਹਨ। ਕਿਸੇ ਮਹਾਨ ਭਿਕਸ਼ੂ ਦੇ ਕਾਲਵਾਸ ਹੋ ਜਾਣ 'ਤੇ ਉਸ ਦੇ ਸੰਸਕਾਰ ਵਾਲ਼ੀ ਥਾਂ ਦੁਆਲ਼ੇ ਮਿੱਟੀ ਕੱਢ ਕੇ ਇੱਕ ਉੱਚਾ ਟਿੱਲਾ ਜਿਹਾ ਖੜ੍ਹਾ ਕਰ ਲਿਆ ਜਾਂਦਾ ਸੀ। ਉੱਥੇ ਹਰ ਸਾਲ ਮੇਲਾ ਜੁੜਦਾ ਹੈ ਅਤੇ ਲੋਕ ਮਿੱਸਟੀ ਕੱਢਦੇ ਹਨ। ਛਪਾਰ ਦਾ ਮੇਲਾ ਗੁੱਗਾ ਪੂਜਾ ਨਾਲ਼ ਸੰਬੰਧਿਤ ਕਰਮ-ਕਾਂਡ ਦੀ ਪਾਲਣਾ ਕਰਦਾ ਹੈ। ਸੱਪਾਂ ਦੇ ਕੱਟੇ ਰੋਗੀ ਛਪਾਰ ਆ ਕੇ ਮਾੜੀ ਦੀ ਮਿੱਟੀ ਨੂੰ ਜਖ਼ਮਾਂ ਉੱਤੇ ਲਗਾਉਂਦੇ ਹਨ। ਗੁੱਗੇ ਦੀ ਚੌਂਕੀ ਭਰਦੇ ਹਨ। ਇੱਥੋਂ ਤੱਕ ਕਿ ਪਸੂਆਂ ਤੋਂ ਵੀ ਚੌਂਕੀ ਭਰਵਾਈ ਜਾਂਦੀ ਹੈ। ਲੋਕ-ਨਿਸ਼ਚੇ ਅਨੁਸਾਰ ਅਜਿਹਾ ਕਰਨ ਨਾਲ਼ ਸੱਪਾਂ ਦੇ ਲੜਨ ਦਾ ਭੈਅ ਨਹੀਂ ਰਹਿੰਦਾ। ਜੇ ਕਿਸੇ ਨੂੰ ਪਹਿਲਾਂ ਕੀੜਾ ਛੂਹ ਗਿਆ ਹੋਵੇ ਤਾਂ ਗੁੱਗੇ ਦੀ ਮਿਹਰ ਨਾਲ਼ ਉਹ ਨੌਂ-ਬਰ-ਨੌਂ ਹੋ ਜਾਂਦਾ ਹੈ। ਗੁੱਗਾ ਨੌਂਵੀਂ ਵਾਲ਼ੇ ਦਿਨ ਉਹ ਗੁੱਗੇ ਦੇ ਝੰਡੇ ਨੂੰ ਜਿਹੜਾ ਰੰਗ-ਬਰੰਗੀਆਂ ਟਾਕੀਆਂ, ਮੋਰ-ਪੰਖਾਂ, ਨਾਰੀਅਲਾਂ ਤੇ ਕੌਡਾਂ ਨਾਲ਼ ਸ਼ਿੰਗਾਰਿਆ ਹੁੰਦਾ ਹੈ, ਪਿੰਡ ਵਿੱਚ ਫੇਰ ਕੇ ਉਗਰਾਹੀ ਕਰਦੇ ਹਨ ਤੇ ਚੌਦਸ ਵਾਲ਼ੇ ਦਿਨ ਇਹਨਾਂ ਝੰਡਿਆਂ ਸਮੇਤ ਛਪਾਰ ਦੇ ਮੇਲੇ 'ਤੇ ਪਹੁੰਚ ਜਾਂਦੇ ਹਨ। ਮੇਲੇ ਵਿੱਚ ਉਹ ਇਹ ਝੰਡੇ ਅਜੀਬ ਕਿਸਮ ਦਾ ਦ੍ਰਿਸ਼ ਪੈਦਾ ਕਰਦੇ ਹੋਏ ਉਸਤਤ ਕਰਦੇ ਹਨ:

ਗੁੱਗੇ ਰਾਜੇ ਦੇ ਦਰਬਾਰ, ਜਿੱਥੇ ਧਰੇ ਨਗਾਰੇ ਚਾਰ<br>
ਚੌਹੀਂ ਕੂੰਟੀਂ ਤੇਰਾ ਰਾਜ, ਪਰਜਾ ਵੱਸੇ ਸੁਖਾਲ਼ੀ ਹੋ।

ਕਿਹਾ ਜਾਂਦਾ ਹੈ ਕਿ ਮਰਦਾਂ ਦਾ ਮਲਵਈ ਗਿੱਧਾ ਛਪਾਰ ਦੇ ਮੇਲੇ ਦੀ ਦੇਣ ਹੈ। ਇਸ ਸਮੇਂ ਨਚਾਰ, ਤਮਾਸ਼ੇ ਵਾਲ਼ੇ, ਗਵੱਈਏ, ਕਵੀਸ਼ਰੀ ਵਾਲ਼ੇ, ਢਾਡੀ, ਬਾਜ਼ੀਗਰ, ਕਬੱਡੀ ਤੇ ਕੁਸ਼ਤੀ ਦੇ ਖਿਡਾਰੀ ਆਪਣੇ ਕਰਤਬ ਵਿਖਾਉਂਦੇ ਹਨ।

## ਵਿਸਾਖੀ ਦਾ ਮੇਲਾ

ਵਿਸਾਖੀ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਮਨਾਈ ਜਾਂਦੀ ਹੈ। ਇਸ ਦਿਨ ਦਾ ਵਿਸ਼ੇਸ਼ ਮਹੱਤਵ ਇਸ ਲਈ ਹੁੰਦਾ ਹੈ ਕਿ ਇਹ ਦਿਨ ਖ਼ਾਲਸਾ ਪੰਥ ਦਾ ਜਨਮ-ਦਿਹਾੜਾ ਹੈ। ਇਸ ਦਾ ਮਹੱਤਵ ਇਹ ਵੀ ਹੈ ਕਿ ਵਿਸਾਖੀ ਤੱਕ ਜੱਟ ਦੀ ਕਣਕ ਪੱਕ ਕੇ ਤਿਆਰ ਹੋ ਜਾਂਦੀ ਹੈ। ਸਾਰੇ ਸਾਲ ਦੀ ਕੀਤੀ ਕਮਾਈ ਦਾ ਫ਼ਲ਼ ਉਹਦੇ ਸਾਮ੍ਹਣੇ ਹੁੰਦਾ ਹੈ'' ਵਿਸਾਖੀ ਨੂੰ ਮੇਖ ਵੀ ਆਖਦੇ ਹਨ। ਲੋਕ ਅਕਸਰ ਆਖਦੇ ਹਨ ''ਆਈ ਮੇਖ, ਜੱਟਾ ਕੱਚੀ ਪੱਕੀ ਨਾ ਦੇਖ। ਇਸ ਦਿਨ ਪੰਜਾਬੀਆਂ ਦਾ ਜਲੌ ਤੇ ਭਖਦਾ ਉਤਸ਼ਾਹ ਵੇਖਣ ਵਾਲ਼ਾ ਹੁੰਦਾ ਹੈ। ਵਿਸਾਖੀ ਕਿਰਸਾਣ ਦੇ ਜੀਵਨ ਵਿੱਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਰੁੱਤੇ ਹਾੜ੍ਹੀ ਦੀ ਫ਼ਸਲ ਪੱਕ ਚੁੱਕੀ ਹੁੰਦੀ ਹੈ।

ਕਿਰਸਾਣ ਵਾਢੀ ਕਰ ਕੇ ਵਰ੍ਹੇ ਦੀ ਕਰੜੀ ਘਾਲਣਾ ਦਾ ਫ਼ਲ ਪ੍ਰਾਪਤ ਕਰ ਰਹੇ ਹੁੰਦੇ ਹਨ। ਇਸ ਲਈ ਪਿੰਡ-ਪਿੰਡ ਵਿੱਚ ਮੇਲੇ ਜੁੜਦੇ ਤੇ ਉਹਨਾਂ ਵਿੱਚ ਪੰਜਾਬੀ ਆਪਣੇ ਮੱਚ-ਮੱਚ ਪੈਂਦੇ ਜਜ਼ਬਿਆਂ ਨੂੰ ਭੰਗੜਿਆਂ ਦੀ ਧਮਕ ਤੇ ਬੋਲੀਆਂ ਦੀ ਲੈਅ ਵਿੱਚ ਪ੍ਰਗਟ ਕਰਦੇ ਹਨ। ਇਸ ਤਿਉਹਾਰ ਦਾ ਇਤਿਹਾਸਿਕ ਮਹੱਤਵ ਇਸ ਪੱਖ ਤੋਂ ਵੀ ਮੰਨਿਆ ਜਾਂਦਾ ਹੈ ਕਿ ਇਸ ਦਿਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਪੰਜ ਪਿਆਰੇ ਸਾਜ ਕੇ ਖ਼ਾਲਸਾ ਪੰਥ ਦੀ ਨੀਂਹ ਰੱਖੀ ਸੀ ਅਤੇ ਦੋ ਕ੍ਰਾਂਤੀਕਾਰੀ ਕਾਰਜ ਕਰ ਦਿਖਾਏ ਸਨ। ਪਹਿਲਾ, ਖ਼ਾਲਸਾ ਪੰਥ ਸਾਜਿਆ ਅਤੇ ਕਿਹਾ ਸੀ ਕਿ "ਸਵਾ ਲਾਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ ; ਦੂਜਾ, ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਮਗਰੋਂ ਖ਼ੁਦ ਉਹਨਾਂ ਕੋਲੋਂ ਅੰਮ੍ਰਿਤ ਛਕ ਕੇ ਸੰਗਤਾਂ ਨੂੰ ਵੱਡਾ ਰੁਤਬਾ ਪ੍ਰਦਾਨ ਕੀਤਾ ਸੀ। ਇਸੇ ਲਈ ਪਵਿੱਤਰ ਵਾਕ— ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ'', ਦੀ ਰਚਨਾ ਹੋਈ।

## ਪੰਜਾਬ ਦੇ ਪ੍ਰਮੁੱਖ ਤਿਉਹਾਰ

### ਦਿਵਾਲ਼ੀ

ਦੇਸੀ ਮਹੀਨੇ ਕੱਤਕ ਦੀ ਮੱਸਿਆ ਨੂੰ ਦਿਵਾਲ਼ੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਦਿਨ ਦਸ਼ਰਥ-ਪੁੱਤਰ ਸ਼੍ਰੀ ਰਾਮ ਚੰਦਰ ਜੀ ਲੰਕਾ ਦੇ ਰਾਜੇ ਰਾਵਣ ਦਾ ਨਾਸ ਕਰ ਕੇ ਮਾਤਾ ਸੀਤਾ ਅਤੇ ਲਛਮਣ ਸਮੇਤ ਅਯੁੱਧਿਆ ਪੁੱਜੇ ਸਨ। ਲੋਕਾਂ ਨੇ ਉਹਨਾਂ ਦੇ ਸੁਆਗਤ ਲਈ ਦੀਪ-ਮਾਲ਼ਾ ਕੀਤੀ ਸੀ। ਇਹ ਪ੍ਰਥਾ ਅੱਜ ਤੱਕ ਚੱਲੀ ਆ ਰਹੀ ਹੈ। ਇਸੇ ਦਿਨ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਬੰਦੀ 52 ਰਾਜਿਆਂ ਨੂੰ ਮੁਕਤ ਕਰਾਇਆ ਸੀ। ਇਸੇ ਕਾਰਨ ਸਿੱਖ-ਜਗਤ ਦਿਵਾਲ਼ੀ ਨੂੰ ਬੰਦੀ-ਛੋੜ ਦਿਵਸ ਦੇ ਰੂਪ ਵਿੱਚ ਮਨਾਉਂਦਾ ਹੈ। ਲੋਕ-ਵਿਸ਼ਵਾਸ ਹੈ ਕਿ ਜਿਹੜਾ ਘਰ ਵਧੇਰੇ ਸਾਫ਼-ਸੁਥਰਾ ਹੋਵੇਗਾ, ਉਸ ਘਰ ਦਿਵਾਲ਼ੀ ਦੀ ਰਾਤ ਲੱਛਮੀ (ਧਨ ਦੀ ਦੇਵੀ) ਪੈਰ ਪਾਵੇਗੀ। ਲੱਛਮੀ ਦੀ ਆਮਦ ਲਈ ਹਰ ਇੱਕ ਘਰ ਪੱਬਾਂ ਭਾਰ ਹੋ ਕੇ ਕਾਰਜ ਕਰਦਾ ਹੈ। ਘਰ ਦੇ ਬਨੇਰਿਆਂ ਉੱਤੇ ਅਤੇ ਹਰ ਹਨੇਰੇ ਕੋਨੇ ਉੱਤੇ ਦੀਵੇ ਬਾਲ਼ੇ ਜਾਂਦੇ ਹਨ। ਮਿਠਿਆਈ, ਮੱਠੀਆਂ, ਖਿੱਲਾਂ, ਖੰਡ ਦੇ ਖਿਡੌਣੇ ਆਦਿ ਜੀਅ ਭਰ ਕੇ ਖਾਧੇ ਜਾਂਦੇ ਹਨ। ਸਭ ਤੋਂ ਖ਼ੂਬਸੂਰਤ ਢੰਗ ਦੀ ਦਿਵਾਲ਼ੀ ਅੰਮ੍ਰਿਤਸਰ, ਹਰਿਮੰਦਰ ਸਾਹਿਬ ਵਿਖੇ ਮਨਾਈ ਜਾਂਦੀ ਹੈ। ਰੰਗ-ਬਰੰਗੀ ਆਤਸ਼ਬਾਜੀ ਦਾ ਅਕਸ ਜਦੋਂ ਅੰਮ੍ਰਿਤ-ਸਰੋਵਰ ਦੇ ਪਾਣੀ ਵਿੱਚ ਪੈਂਦਾ ਹੈ ਤਾਂ ਬਹੁਤ ਹੀ ਅਦਭੁਤ ਅਲੌਕਿਕ ਦ੍ਰਿਸ਼ ਦੇਖਣ ਨੂੰ ਮਿਲ਼ਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ – ''ਦਾਲ਼-ਰੋਟੀ ਘਰ ਦੀ, ਦਿਵਾਲ਼ੀ ਅੰਮ੍ਰਿਤਸਰ ਦੀ''। ਜੇ ਦਿਵਾਲ਼ੀ ਦੇ ਸੰਬੰਧ ਵਿੱਚ ਹੀ ਦੇਖੀਏ ਤਾਂ ਦੀਪ-ਮਾਲ਼ਾ ਤੇ ਆਤਸ਼ਬਾਜੀ ਤਾਂ ਰਾਮ ਚੰਦਰ ਜੀ ਦੇ ਸੁਆਗਤ ਨਾਲ਼ ਜੁੜੇ ਪੱਖ ਹੋ ਸਕਦੇ ਹਨ ਪਰ ਸਫ਼ਾਈ ਦਿਵਾਲ਼ੀ ਨੂੰ ਹੀ ਕਿਉਂ? ਸੋ, ਪੁਰਖਿਆਂ ਨੇ ਬਹੁਤ ਹੀ ਸਿਆਣਪ ਨਾਲ਼ ਸ਼੍ਰੋਮਣੀ ਤਿਉਹਾਰ ਦਾ ਸੁਆਗਤ ਵੀ ਕਰ ਦਿੱਤਾ ਤੇ ਨਾਲ਼ ਹੀ ਭੌਤਿਕ ਜੀਵਨ ਦੀਆਂ ਲੋੜਾਂ ਦੀ ਪੂਰਤੀ ਵੀ ਕਰ ਦਿੱਤੀ।

### ਦਸਹਿਰਾ

ਦਸਹਿਰੇ ਨੂੰ ਵਿਜੇ-ਲਕਸ਼ਮੀ ਦਾ ਨਾਂ ਵੀ ਦਿੱਤਾ ਜਾਂਦਾ ਹੈ ਅਤੇ ਅੱਸੂ ਦੇ ਚਾਨਣੇ ਪੱਖ ਦੀ ਦਸਵੀਂ ਨੂੰ ਪੂਰੇ ਪੰਜਾਬ ਵਿੱਚ ਸ਼ਰਧਾ ਭਾਵਨਾ ਨਾਲ਼ ਮਨਾਇਆ ਜਾਂਦਾ ਹੈ। ਤ੍ਰੇਤਾ ਯੁੱਗ ਵਿੱਚ ਮਰਯਾਦਾ ਪ੍ਰਰਸ਼ੋਤਮ ਸ੍ਰੀ ਰਾਮ ਚੰਦਰ ਜੀ ਨੇ ਲੰਕਾ ਦੇ ਰਾਜੇ ਰਾਵਣ ਉੱਤੇ ਜਿੱਤ ਪ੍ਰਾਪਤ ਕੀਤੀ ਸੀ। ਉਸ ਦਿਨ ਤੋਂ ਇਹ ਤਿਉਹਾਰ ਬਦੀ ਉੱਤੇ ਨੇਕੀ ਦੀ

ਜਿੱਤ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ। ਦਸਹਿਰੇ ਤੋਂ ਪਹਿਲਾਂ ਨੌਂ ਨਰਾਤੇ ਆਉਂਦੇ ਹਨ। ਇਹਨਾਂ ਦਿਨਾਂ ਵਿੱਚ ਹੀ ਸਾਂਝੀ ਦੇਵੀ ਦੀ ਪੂਜਾ ਕੀਤੀ ਜਾਂਦੀ ਰਹੀ ਹੈ। ਸਾਂਝੀ ਅਸਲ ਵਿੱਚ ਦੁਰਗਾ ਦਾ ਹੀ ਇੱਕ ਰੂਪ ਹੈ ਜਿਸ ਨੂੰ ਆਦਿ-ਸ਼ਕਤੀ ਵਜੋਂ ਪੂਜਿਆ ਜਾਂਦਾ ਹੈ। ਇਹਨਾਂ ਹੀ ਦਿਨਾਂ ਵਿੱਚ ਜੌਂ ਦੀ ਖੇਤੀ ਘਰਾਂ ਵਿੱਚ ਬੀਜੀ ਜਾਂਦੀ ਹੈ। ਦਸਹਿਰੇ ਵਾਲ਼ੇ ਦਿਨ ਗੰਨੇ, ਛੱਲੀਆਂ ਆਦਿ ਦੀ ਪੂਜਾ ਹੁੰਦੀ ਹੈ। ਦੇਵਾਂ ਦੇ ਮੁਖੀ ਸ੍ਰੀ ਰਘੁਨਾਥ ਜੀ ਦੀ ਲੱਕੜੀ ਦੇ ਰੱਥ ਉੱਤੇ ਸਵਾਰੀ ਕੱਢੀ ਜਾਂਦੀ ਹੈ। ਇਸ ਰੱਥ ਨੂੰ ਰੰਗ-ਬਰੰਗੇ ਫੁੱਲਾਂ ਨਾਲ਼ ਸਜਾਇਆ ਜਾਂਦਾ ਹੈ। ਖੁੱਲ੍ਹੇ ਮੈਦਾਨ ਵਿੱਚ ਇਕੱਤਰ ਹੋ ਕੇ ਲੋਕੀਂ ਰਘੁਨਾਥ ਜੀ ਦੇ ਦਰਸ਼ਨ ਕਰਦੇ ਹਨ ਤੇ ਵਰਦਾਨ ਦੀ ਕਾਮਨਾ ਕਰਦੇ ਹਨ। ਉੱਤਰੀ ਭਾਰਤ ਦੀਆਂ ਦੇਸੀ ਰਿਆਸਤਾਂ ਦੇ ਰਾਜੇ ਇਸ ਤਿਉਹਾਰ ਨੂੰ ਹੋਰ ਵੀ ਵਧੇਰੇ ਸ਼ਾਨੋ-ਸ਼ੌਕਤ ਨਾਲ਼ ਮਨਾਉਂਦੇ ਰਹੇ ਹਨ। ਰਾਜੇ-ਮਹਾਰਾਜੇ ਦਸਹਿਰਾ-ਮੈਦਾਨ ਵਿੱਚ ਪੂਰੀ ਸਜ-ਧਜ ਨਾਲ਼ ਜਲੂਸ ਦੀ ਸ਼ਕਲ ਵਿੱਚ ਪਹੁੰਚਦੇ ਸਨ। ਵਰਤਮਾਨ ਸਮੇਂ ਦੀ ਤੇਜ਼ ਰਫ਼ਤਾਰ ਤੇ ਤਕਨੀਕ ਦੇ ਇਸ ਯੁੱਗ ਦੇ ਅਰੰਭ ਹੋਣ ਤੋਂ ਪਹਿਲਾਂ ਤੱਕ ਇਸ ਕਿਸਮ ਦੇ ਜਲੂਸ ਪੰਜਾਬ ਦੀਆਂ ਦੇਸੀ ਰਿਆਸਤਾਂ ਦੀਆਂ ਰਾਜਧਾਨੀਆਂ ਦੇ ਇਲਾਕਿਆਂ ਵਿੱਚ ਦੇਖਣ ਨੂੰ ਮਿਲ਼ਦੇ ਸਨ। ਰਾਜਿਆਂ-ਮਹਾਰਾਜਿਆਂ ਦੀਆਂ ਸਵਾਰੀਆਂ ਦੇ ਦ੍ਰਿਸ਼ ਬਹੁਤ ਰੋਚਕ ਹੁੰਦੇ ਸਨ। ਦਸਹਿਰੇ ਵਾਲ਼ੇ ਦਿਨ ਨੀਲਕੰਠ ਦੇ ਦਰਸ਼ਨ ਕਰਨ ਦਾ ਵਿਸ਼ੇਸ਼ ਮਹਾਤਮ (ਸ਼ੁਭ ਕਰਮਾਂ ਦਾ ਫ਼ਲ) ਮੰਨਿਆ ਜਾਂਦਾ ਹੈ। ਲੋਕ-ਵਿਸ਼ਵਾਸ ਅਨੁਸਾਰ ਜਦੋਂ ਰਾਮ-ਰਾਵਣ ਧਰਮ-ਯੁੱਧ ਵਿੱਚ ਸ੍ਰੀ ਰਾਮ ਤੇ ਲਛਮਣ ਮੂਰਛਿਤ ਹੋ ਗਏ ਸਨ ਤਾਂ ਨੀਲਕੰਠ ਨੇ ਹੀ ਉਹਨਾਂ ਦੇ ਸਰੀਰ ਨੂੰ ਜ਼ਹਿਰ ਤੋਂ ਮੁਕਤ ਕੀਤਾ ਸੀ। ਕਿਹਾ ਜਾਂਦਾ ਹੈ ਕਿ ਜ਼ਹਿਰ ਨਾਲ਼ ਉਸ ਪੰਛੀ ਦਾ ਕੰਠ ਨੀਲਾ ਹੋ ਗਿਆ ਸੀ। 'ਇਸੇ ਨੀਲਕੰਠ ਨੂੰ ਗਰੁੜ ਖੰਭ' ਵੀ ਕਿਹਾ ਜਾਂਦਾ ਹੈ।

## ਲੋਹੜੀ

ਇਹ ਤਿਉਹਾਰ ਪੋਹ ਮਹੀਨੇ ਦੇ ਅਖ਼ੀਰਲੇ ਦਿਨ ਮਨਾਇਆ ਜਾਂਦਾ ਹੈ। ਪੁਰਾਤਨ ਸਮੇਂ ਤੋਂ ਹੀ ਪੰਜਾਬ ਦੇ ਲੋਕਾਂ ਦਾ ਮੁੱਖ ਧੰਦਾ ਖੇਤੀ-ਬਾੜੀ ਰਿਹਾ ਹੈ। ਲੋਹੜੀ ਸ਼ਬਦ ਦਾ ਜੇ ਸੰਧੀ ਛੇਦ ਕੀਤਾ ਜਾਵੇ ਤਾਂ ਇਹ ਤਿਲ਼ ਅਤੇ ਰੋੜੀ (ਗੁੜ ਦੀ) ਦਾ ਸੰਯੋਗ ਬਣਦਾ ਹੈ। ਲੋਹੜੀ ਅੱਗ ਨਾਲ਼ ਜੁੜਿਆ ਤਿਉਹਾਰ ਹੈ। ਅੱਗ ਨਾ ਕੇਵਲ ਮਨੁੱਖ ਨੂੰ ਗਰਮੀ ਹੀ ਪ੍ਰਦਾਨ ਕਰਦੀ ਹੈ ਸਗੋਂ ਮਨੁੱਖ-ਸਿਰਜਿਤ ਹਰ ਸ਼ੈ ਨੂੰ ਪਵਿੱਤਰ ਅਤੇ ਉੱਜਲ ਵੀ ਬਣਾ ਦਿੰਦੀ ਹੈ। ਇਸ ਦਿਨ ਗੁੜ, ਤਿਲ਼ ਅਤੇ ਭੁੱਜਿਆ ਹੋਇਆ ਅਨਾਜ ਵੰਡਿਆ ਜਾਂਦਾ ਹੈ। ਇਸ ਲਈ ਪੰਜਾਬ ਦਾ ਸਮਾਜਿਕ ਅਰਥਚਾਰਾ ਇਸੇ ਰੰਗਤ ਵਾਲ਼ਾ ਹੀ ਰਿਹਾ ਹੈ। ਇੱਥੋਂ ਤੱਕ ਕਿ ਲੋਹੜੀ ਦੇ ਤਿਉਹਾਰ ਉੱਤੇ ਗਾਏ ਜਾਣ ਵਾਲ਼ੇ ਗੀਤਾਂ ਵਿੱਚ ਵੀ ਕਿਰਸਾਣੀ ਸਮਾਜ ਦੀ ਗੱਲ ਕੀਤੀ ਗਈ ਮਿਲ਼ਦੀ ਹੈ ਕਿਰਸਾਣੀ ਸਮਾਜ ਨੂੰ ਖੇਤੀ ਲਈ ਮਰਦਾਂ ਦੀ ਲੋੜ ਹੁੰਦੀ ਸੀ। ਉਸੇ ਤਰ੍ਹਾਂ ਦੇ ਭਾਵ ਲੋਹੜੀ ਦੇ ਇਹਨਾਂ ਗੀਤਾਂ ਵਿੱਚ ਵੀ ਮਿਲ਼ਦੇ ਹਨ, ਜਿਵੇਂ :

ਦੇ ਨੀ ਮਾਈ ਪਾਥੀ
ਤੇਰਾ ਪੁੱਤ ਚੜ੍ਹੇਗਾ ਹਾਥੀ
ਹਾਥੀ ਹੇਠ ਕਟੋਰਾ
ਤੇਰੇ ਪੁੱਤ ਜੰਮੂਗਾ ਗੋਰਾ
ਗੋਰੇ ਨੇ ਖਾਧੀ ਟਿੱਕੀ ......

ਹਾਥੀ ਦੀ ਸਵਾਰੀ ਭਾਰਤੀ ਸਮਾਜ ਅੰਦਰ ਇੱਜ਼ਤ-ਮਾਣ ਦਾ ਪ੍ਰਤੀਕ ਰਹੀ ਹੈ। ਰਾਜੇ-ਮਹਾਰਾਜੇ ਹੀ ਹਾਥੀ ਦੀ ਸਵਾਰੀ ਕਰਦੇ ਹਨ। ਇੱਥੇ ਗੋਰੇ ਤੇ ਸੋਹਣੇ ਲੋਕਾਂ ਤੋਂ ਭਾਵ ਵੀ ਵੱਡੇ ਲੋਕ ਹੀ ਹੈ। ਹਰ ਗਲ਼ੀ, ਮਹੱਲੇ ਵਿਹੜੇ ਵਿੱਚ ਧੂਣੀ ਬਾਲ਼ੀ ਜਾਂਦੀ ਹੈ। ਘਰ ਦਾ ਹਰ ਇੱਕ ਜੀਅ ਬਾਲ਼ੀ ਹੋਈ ਅੱਗ ਵਿੱਚ ਦੋ-ਦੋ, ਚਾਰ-ਚਾਰ ਤਿਲ਼ਾਂ ਦੇ ਦਾਣੇ ਸੁੱਟਦਾ ਹੋਇਆ ਇਸ ਮੰਤਰ ਦਾ ਉਚਾਰਨ ਕਰਦਾ ਹੈ।

ਈਸ਼ਰ ਆਏ ਦਲਿੱਦਰ ਜਾਏ
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ।

ਸ਼ਬਦ ਈਸ਼ਰ ਦੇ ਅਰਥ ਏਥੇ ਬਲ, ਸ਼ਕਤੀ ਤਾਕਤ ਜਾਂ ਹਿੰਮਤ ਤੋਂ ਲਏ ਗਏ ਹਨ। ਲੋਹੜੀ ਅਰਥਾਤ ਅੱਗ ਦਾ ਪ੍ਰਵਾਹ ਇਸ ਦਲਿੱਦਰ ਨੂੰ ਸਾੜ ਦਿੰਦਾ ਹੈ। ਦਲਿੱਦਰ ਦੂਰ ਹੋ ਜਾਵੇ ਤਾਂ ਉੱਦਮ ਪੈਦਾ ਹੋ ਜਾਂਦਾ ਹੈ। ਉੱਦਮ ਅੱਗੇ ਲੱਛਮੀ ਉਸੇ ਤਰ੍ਹਾਂ ਚੱਲਦੀ ਹੈ, ਜਿਵੇਂ ਪੱਖੇ ਅੱਗੇ ਪੌਣ ਚੱਲਦੀ ਹੈ। ਦੁੱਲੇ ਭੱਟੀ ਨੇ ਇੱਕ ਗ਼ਰੀਬ ਘਰ ਦੀ ਦੁਖੀ ਲੜਕੀ ਨੂੰ ਧੀ ਬਣਾ ਕੇ ਵਿਆਹਿਆ ਤੇ ਪੁੰਨ ਖੱਟਿਆ ਸੀ। ਇਸੇ ਲਈ ਲੋਹੜੀ ਸਮੇਂ ਖ਼ੁਸ਼ੀ ਦੇ ਮੌਕੇ ਲੋਕ ਦੁੱਲੇ ਦਾ ਜਸ ਵੀ ਗਾਉਂਦੇ ਹਨ।

**ਤੀਆਂ**

ਸਾਉਣ ਦੇ ਮਹੀਨੇ ਬਰਸਾਤ ਦਾ ਮੌਸਮ ਹੁੰਦਾ ਹੈ। ਕਿਣਮਿਣ-ਕਾਣੀ ਨਾਲ਼ ਚਾਰੇ ਪਾਸੇ ਹਰਿਆਵਲ ਛਾਈ ਹੁੰਦੀ ਹੈ। ਕੁੜੀਆਂ-ਚਿੜੀਆਂ ਨੱਚ-ਨੱਚ ਧਰਤ ਹਿਲਾਉਂਦੀਆਂ ਹਨ, ਪੀਂਘਾਂ ਝੂਟਦੀਆਂ ਹਨ, ਗਿੱਧਾ ਪੈਂਦਾ ਹੈ ਅਤੇ ਗੀਤ ਗਾਏ ਜਾਂਦੇ ਹਨ। ਚਾਰੇ ਪਾਸੇ ਰੌਣਕਾਂ ਹੁੰਦੀਆਂ ਹਨ। ਗਲ਼ੀਆਂ ਵਿੱਚ ਵਣਜਾਰੇ ਚੂੜੀਆਂ ਵੇਚਦੇ ਹਨ। ਮਹਿੰਦੀ ਲਾਈ ਜਾਂਦੀ ਹੈ। ਲਾਲ ਲੋਗੜੀ ਦੀਆਂ ਫੁੱਲ-ਚਿੜੀਆਂ ਬਣਾ ਕੇ ਸਜਾਵਟਾਂ ਕੀਤੀਆਂ ਜਾਂਦੀਆਂ ਹਨ। ਖੇਤੀ ਦਾ ਧੰਦਾ ਕਿਉਂਕਿ ਬਰਸਾਤ ਉੱਤੇ ਨਿਰਭਰ ਕਰਦਾ ਸੀ ਇਸ ਲਈ ਸਾਉਣ-ਘਟਾਵਾਂ ਨੂੰ ਚੜ੍ਹੀਆਂ ਦੇਖ ਕੇ ਮਨੁੱਖ ਦੀ ਰੂਹ ਤੱਕ ਭਿੱਜ ਜਾਂਦੀ ਸੀ। ਬੱਚੇ, ਬੁੱਢੇ, ਇਸਤਰੀ, ਪੁਰਸ਼ ਸਾਰੇ ਦੇ ਸਾਰੇ ਆਪਮੁਹਾਰੇ ਝੂਮ ਉੱਠਦੇ ਹਨ। ਕੁੜੀਆਂ ਵਿਸ਼ੇਸ਼ਕਰ ਸੱਜ-ਵਿਆਹੀਆਂ ਲਈ ਇਹ ਵਿਸ਼ੇਸ਼ ਮਹੱਤਵ ਰੱਖਦਾ ਤਿਉਹਾਰ ਹੈ। ਨਵੀਂਆਂ-ਨਵੇਲੀਆਂ ਸਹੁਰੇ ਘਰ ਦੇ ਦੁੱਖ-ਸੁੱਖ ਸਹੇਲੀਆਂ ਨਾਲ਼ ਸਾਂਝੇ ਕਰਦੀਆਂ ਹਨ, ਹਾਸਾ-ਠੱਠਾ ਹੁੰਦਾ ਹੈ। ਸਾਉਣ ਦੇ ਮਹੀਨੇ ਲਈ ਲੋਕ-ਵਿਸ਼ਵਾਸ ਹੈ ਕਿ ਨੂੰਹ ਸੱਸ ਦੇ ਮੱਥੇ ਨਹੀਂ ਲੱਗਣੀ ਚਾਹੀਦੀ। ਲੋਕ-ਵਿਸ਼ਵਾਸ ਅਨੁਸਾਰ ਜੇ ਨੂੰਹ ਸੱਸ ਦੇ ਸਾਮ੍ਹਣੇ ਆਵੇਗੀ ਤਾਂ ਸੱਸ ਨਾਲ਼ ਕੋਈ ਬੁਰੀ ਘਟਨਾ ਵਾਪਰ ਸਕਦੀ ਹੈ। ਇਸ ਲਈ ਸੱਸ ਖ਼ੁਦ ਨੂੰਹ ਨੂੰ ਪੇਕੇ ਘਰ ਜਾਣ ਲਈ ਪ੍ਰੇਰਦੀ ਹੈ ਜੇ ਅਜਿਹਾ ਨਾ ਹੋਵੇ ਤਾਂ ਸੱਸ ਨੂੰਹ ਨੂੰ ਮਿਹਣੇ ਵੀ ਮਾਰਦੀ ਹੈ। ਇਸ ਵਿਸ਼ਵਾਸ ਦਾ ਮਨੋਰਥ ਇਹ ਸੀ ਕਿ ਪਹਿਲੀ ਵਾਰ ਵਿਆਹੁਤਾ ਕੁੜੀ ਮਾਪਿਆਂ ਤੇ ਸਹੇਲੀਆਂ ਦੇ ਵਿਛੋੜੇ ਸਦਕਾ ਉਦਾਸ ਹੋ ਜਾਂਦੀ ਹੈ। ਸੱਜ-ਵਿਆਹੀਆਂ ਮੁਟਿਆਰਾਂ ਜਦੋਂ ਹਾਰ-ਸ਼ਿੰਗਾਰ ਲਗਾ ਕੇ ਤੀਆਂ ਵਿੱਚ ਜਾਂਦੀਆਂ ਹਨ ਤਾਂ ਸੱਚ-ਮੁੱਚ ਇੰਦਰ ਦੇਵਤਾ ਹੋਸ਼-ਹਵਾਸ ਭੁਲਾ ਕੇ ਰੱਜਵੀਂ ਬਾਰਸ਼ ਕਰਦਾ ਹੈ। ਬੱਦਲ਼ਾਂ ਦੀ ਘਨਘੋਰ ਘਟਾ ਤੇ ਮਿੰਨੀ-ਮਿੰਨੀ ਕਿਣਮਿਣ-ਕਾਣੀ ਵਿੱਚ ਆਪਮੁਹਾਰੇ ਜੋਸ਼ ਵਿੱਚ ਨੱਚਦੀ ਅੱਥਰੀ ਜਵਾਨੀ ਧਰਤ ਹਿਲਾ ਦਿੰਦੀ ਹੈ। ਬੋਲੀਕਾਰ ਨੇ ਇਹ ਦ੍ਰਿਸ਼ ਇਉਂ ਪੇਸ਼ ਕੀਤਾ ਹੈ :

ਸਾਉਣ ਮਹੀਨੇ ਬੱਦਲ਼ ਪੈਂਦਾ
ਨਿੰਮ੍ਹੀਆਂ ਪੈਣ ਫੁਹਾਰਾਂ

ਇਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ
ਇੱਕੋ-ਜਿਹੀਆਂ ਮੁਟਿਆਰਾਂ
ਗਿੱਧੇ ਦੇ ਵਿੱਚ ਏਦਾਂ ਲਿਸ਼ਕਣ
ਜਿਉਂ ਸੋਨੇ ਦੀਆਂ ਤਾਰਾਂ

ਪ੍ਰਦੂਸ਼ਿਤ ਵਾਤਾਵਰਨ, ਉਦਯੋਗੀਕਰਨ ਤੇ ਪੱਛਮੀਕਰਨ ਦੀ ਤੇਜ਼ ਹਨੇਰੀ ਨੇ ਇਹ ਸਿਲਸਿਲਾ ਉੱਕਾ ਹੀ ਬਦਲ ਦਿੱਤਾ ਹੈ। ਅੱਜ ਦੀਆਂ ਬਣਾਉਟੀ ਤੀਆਂ ਦਾ ਨਾ ਉਹ ਰੂਪ-ਰੰਗ ਹੈ ਅਤੇ ਨਾ ਹੀ ਲੋਕ-ਮਨਾਂ ਦੀ ਸ਼ਮੂਲੀਅਤ ਹੈ।

## ਰੱਖੜੀ

ਭੈਣ-ਭਰਾ ਦੇ ਪਿਆਰ ਦਾ ਇਹ ਬੰਧਨ ਖ਼ੁਸ਼ੀਆਂ, ਚਾਵਾਂ, ਸੱਧਰਾਂ, ਮਲ੍ਹਾਰਾਂ ਤੇ ਉਮੰਗਾਂ ਨਾਲ਼ ਭਰਿਆ ਹੁੰਦਾ ਹੈ। ਇਸੇ ਲਈ ਇਹ ਰਿਸ਼ਤਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਭੈਣ ਸੁੱਚੇ ਮੂੰਹ ਭਰਾ ਦੀ ਕਲਾਈ ਉਤੇ ਧਾਗੇ, ਲੋਗੜੀ ਦੀ ਰੱਖੜੀ ਬੰਨ੍ਹਦੀ ਹੈ ਤੇ ਭਰਾ ਰੁਪਏ-ਪੈਸੇ ਦੇ ਰੂਪ ਵਿੱਚ ਸੁਗਾਤ ਭੇਟ ਕਰਦਾ ਹੈ। ਭੈਣ ਭਰਾ ਦੀ ਲੰਮੀ ਉਮਰ ਦੀ ਕਾਮਨਾ ਕਰਦੀ ਹੈ ਅਤੇ ਭਰਾ ਉਸ ਦੀ ਹਰ ਖ਼ਤਰੇ ਤੋਂ ਰੱਖਿਆ ਕਰਨ ਦਾ ਪ੍ਰਣ ਕਰਦਾ ਹੈ। ਲੋਕ-ਗੀਤਾਂ ਦੀਆਂ ਤੁਕਾਂ ਹਨ : ਭੈਣ ਕੋਲ਼ੋਂ ਵੀਰ ਵੇ ਬਨ੍ਹਾ ਲੈ ਰੱਖੜੀ, ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ। ਰੱਖੜੀ ਦਾ ਤਿਉਹਾਰ ਸਾਉਣ ਦੀ ਪੂਰਨਮਾਸ਼ੀ ਵਾਲ਼ੇ ਦਿਨ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਰਾਖੀ-ਬੰਧਨ, ਰਕਸ਼ਾ-ਬੰਧਨ ਜਾਂ ਰੱਖੜੀ ਦਾ ਤਿਉਹਾਰ ਕਿਹਾ ਜਾਂਦਾ ਹੈ।

## ਬਸੰਤ ਪੰਚਮੀ

ਬਸੰਤ ਰੁੱਤ ਸਾਰੀਆਂ ਰੁੱਤਾਂ ਦੀ ਰਾਣੀ ਹੈ। 'ਸਦਾ ਦਿਵਾਲ਼ੀ ਸਾਧ ਦੀ, ਅੱਠੇ ਪਹਿਰ ਬਸੰਤ' ਦੀ ਉਕਤੀ ਬਸੰਤ ਰੁੱਤ ਦੇ ਖ਼ੁਸ਼ੀਆਂ-ਖੇੜਿਆਂ ਨਾਲ਼ ਜੁੜੇ ਹੋਣ ਦਾ ਸੰਕੇਤ ਦਿੰਦੀ ਹੈ। ਬਸੰਤ ਪੰਚਮੀ ਵਾਲ਼ੇ ਦਿਨ ਮੁੰਡੇ-ਕੁੜੀਆਂ ਬਸੰਤੀ ਰੰਗ ਦੇ ਕੱਪੜੇ ਪਹਿਨਦੇ ਹਨ। ਪੀਲ਼ੇ ਚਾਵਲ ਬਣਾਏ ਜਾਂਦੇ ਹਨ। ਪਤੰਗ ਉਡਾਏ ਜਾਂਦੇ ਹਨ। ਪ੍ਰਕਿਰਤੀ ਦੀ ਖ਼ੁਸ਼ੀ ਨਾਲ਼ ਖ਼ੁਸ਼ੀ ਸਾਂਝੀ ਕੀਤੀ ਜਾਂਦੀ ਹੈ। ਸਰਦੀ ਦੀ ਰੁੱਤ ਮਗਰੋਂ ਬਹਾਰ ਦੀ ਰੁੱਤ ਦਾ ਸੁਆਗਤ ਕਰਨ ਲਈ ਬਸੰਤ ਦਾ ਤਿਉਹਾਰ ਮਨਾਇਆ ਜਾਂਦਾ ਹੈ। 'ਆਈ ਬਸੰਤ, ਪਾਲ਼ਾ ਉਡੰਤ' ਦੀ ਗੱਲ ਇਸੇ ਉਕਤੀ ਵੱਲ ਸੰਕੇਤ ਕਰਦੀ ਹੈ। ਬਸੰਤ ਪੰਚਮੀ ਨੂੰ ਵੀਰ ਹਕੀਕਤ ਰਾਏ ਦਾ ਸ਼ਹੀਦੀ ਜਸ-ਗਾਇਨ ਵੀ ਕੀਤਾ ਜਾਂਦਾ ਹੈ। ਪਟਿਆਲ਼ੇ ਅਤੇ ਅੰਮ੍ਰਿਤਸਰ ਦੇ ਛਿਹਰਟਾ ਸਾਹਿਬ ਵਿਖੇ ਬਸੰਤ ਪੰਚਮੀ ਦਾ ਮੇਲਾ ਲੱਗਦਾ ਹੈ। ਬਸੰਤ ਦਾ ਮਹੀਨਾ ਬਹਾਰ ਦਾ ਸਮਾਂ ਹੁੰਦਾ ਹੈ। ਇਸ ਲਈ ਬਸੰਤ ਖ਼ੁਸ਼ੀਆਂ-ਖੇੜਿਆਂ ਦਾ ਪ੍ਰਤੀਕ ਬਣ ਗਿਆ ਹੈ।

## ਅਭਿਆਸ

1. **ਮਾਘੀ ਦਾ ਮੇਲਾ ਕਿੱਥੇ ਲੱਗਦਾ ਹੈ:**

ੳ. ਮੁਕਤਸਰ　ਅ. ਛਪਾਰ (ਪਿੰਡ) ੲ. ਲੁਧਿਆਣਾ　ਸ. ਸ੍ਰੀ ਅੰਮ੍ਰਿਤਸਰ ਸਾਹਿਬ

2. **ਛਪਾਰ ਦੇ ਮੇਲੇ ਦਾ ਸੰਬੰਧ ਕਿਸ ਦੇਵੀ ਨਾਲ਼ ਹੈ:**

ੳ. ਦੁਰਗਾ ਦੇਵੀ　ਅ. ਸੀਤਲਾ ਦੇਵੀ　ੲ. ਸਰਸਵਤੀ ਦੇਵੀ　ਸ. ਲਕਸ਼ਮੀ ਦੇਵੀ

3. **ਰੱਖੜੀ ਦਾ ਤਿਉਹਾਰ ਕਿਸ ਰਿਸ਼ਤੇ ਨਾਲ਼ ਸੰਬੰਧਿਤ ਹੈ:**

ੳ. ਬਾਪ-ਧੀ        ਅ. ਭੈਣ-ਭਰਾ        ੲ. ਮਾਂ-ਧੀ        ਸ. ਮਾਂ-ਬਾਪ

4. **ਕੁੜੀਆਂ ਨਾਲ਼ ਸੰਬੰਧਿਤ ਤਿਉਹਾਰ ਕਿਹੜਾ ਹੈ:**

ੳ. ਬਸੰਤ        ਅ. ਰੱਖੜੀ        ੲ. ਤੀਆਂ        ਸ. ਦਸਹਿਰਾ

5. **ਦਿਵਾਲ਼ੀ ਕਿਹੜੇ ਦੇਸੀ ਮਹੀਨੇ ਵਿੱਚ ਮਨਾਈ ਜਾਂਦੀ ਹੈ:**

ੳ. ਕੱਤਕ        ਅ. ਚੇਤ        ੲ. ਵਿਸਾਖ        ਸ. ਹਾੜ੍ਹ

# ਅਲੋਪ ਹੋ ਰਹੇ ਪੰਜਾਬੀ ਸ਼ਬਦ

| ਸ਼ਬਦ | ਅਰਥ |
|---|---|
| ਕਲਬੂਤ | ਮਨੁੱਖੀ ਸਰੀਰ |
| ਮੰਗੂ | ਮੱਝਾਂ, ਗਾਂਵਾਂ ਦਾ ਵੱਗ |
| ਸੋਤਾ ਵੇਲਾ | ਰਾਤ ਦਾ ਸਮਾਂ |
| ਪਰਨਾ | ਸਾਫ਼ਾ |
| ਨਸਾਰ | ਛੋਟਾ ਖਾਲ਼ |
| ਆਭੂ | ਮੱਕੀ ਦੇ ਅੱਧ-ਭੁੱਜੇ ਦਾਣੇ |
| ਸੰਢਾ | ਮਾਲੀ |
| ਮੈਰਾ | ਰੇਤਲੀ ਜ਼ਮੀਨ |
| ਭੌਰ ਤਾਜਣ | ਅਰਬੀ ਘੋੜਾ |
| ਬਸ਼ਰ | ਆਦਮੀ, ਮਨੁੱਖ |
| ਮੂਨ | ਹਰਨੀ |
| ਚੁਤਹੀ | ਦੂਹਰਾ ਖੇਸ |
| ਸ਼ਾਹਦੀ | ਗਵਾਹੀ |
| ਸੋਤਾ | ਸ਼ਾਮ |
| ਸਦਾ | ਅਵਾਜ਼ |
| ਗੱਭਣ | ਸੂਣ ਵਾਲ਼ੀ |
| ਰੜੀ | ਖੁੱਲ੍ਹੀ ਜਗ੍ਹਾ |
| ਕਚਰੇ | ਕੱਚੇ ਖ਼ਰਬੂਜ਼ੇ |

| | |
|---|---|
| ਸ਼ੀਰ | ਦੁੱਧ |
| ਅਬੀਰ | ਗੁਲਾਲ |
| ਆੜ | ਛੋਟਾ ਖਾਲ਼ |
| ਚੌਸਰ | ਸ਼ਤਰੰਜ |
| ਹਰਨੋਟਾ | ਹਰਨ ਦਾ ਬੱਚਾ |
| ਸਲਵਾਤਾਂ | ਗਾਲ਼ਾਂ |
| ਸੈਂਖੀਆਂ | ਮੀਟ ਦੀਆਂ ਬੋਟੀਆਂ |
| ਚਿੱਠੀ-ਰਸਾਨ | ਡਾਕੀਆ |
| ਚਵਲ਼ | ਸ਼ੋਹਦਾ, ਖੱਚ |
| ਜੋਗ | ਬਲ਼ਦਾਂ ਦੀ ਜੋੜੀ |
| ਝੱਲ | ਜੰਗਲ਼ |
| ਬਾਂਗਣਾ | ਗ੍ਰੀਸ ਵਗ਼ੈਰਾ ਦੇਣਾ |
| ਪੰਸੇਰੀ | ਪੰਜ ਕਿੱਲੋ, ਧੜੀ |
| ਫੰਧਕ | ਸ਼ਿਕਾਰੀ |
| ਹਬੀਬ | ਪਿਆਰਾ |
| ਚਾਂਗਰ | ਚੀਕ |
| ਝਾਵਾਂ | ਮਿੱਟੀ ਦਾ ਖੁਰਚਣਾ |
| ਖਿੱਲਾਂ | ਮੱਕੀ ਦੇ ਭੁੱਜੇ ਦਾਣੇ |
| ਜੁਰਕਾ | ਹਿੰਮਤ |
| ਨੇਸਤੀ | ਸੁਸਤੀ |

| | |
|---|---|
| ਵਲ਼ੇਵਾਂ | ਘਰ ਦੀ ਵਰਤੋਂ ਦਾ ਸਮਾਨ |
| ਰਾਂਦ | ਝਗੜਾ |
| ਭਸੂੜੀ | ਕਿਸੇ ਕੰਮ ਦਾ ਝੰਜਟ |
| ਨਮੋਲ਼ੀਆਂ | ਨਿੰਮ ਦੇ ਪੱਕੇ ਹੋਏ ਬੀ |
| ਗੋਡਾ ਨਿਵਾਣਾ | ਮਿਰਤਕ ਦਾ ਅਫ਼ਸੋਸ ਕਰਨ ਜਾਣਾ |
| ਧੱਖ | ਜੂੰ ਦਾ ਬੱਚਾ |
| ਲੀਖ | ਜੂੰ ਦਾ ਆਂਡਾ |
| ਆਰਸੀ | ਸ਼ੀਸ਼ਾ |
| ਔਲੀਆ | ਵਲੀ ਦਾ ਬਹੁਵਚਨ |
| ਇਬਾਦਤ | ਬੰਦਗੀ |
| ਸਾਰ | ਖ਼ਬਰ |
| ਹਾਕ | ਅਵਾਜ਼ |
| ਨੀਰ | ਪਾਣੀ, ਹੰਝੂ |
| ਬੇਲੀ | ਦੋਸਤ, ਯਾਰ |
| ਭਲ਼ਕ | ਆਉਣ ਵਾਲ਼ਾ ਕੱਲ੍ਹ |
| ਭਾਤ | ਚੌਲ਼ |
| ਭੱਤਾ | ਛਾਹ ਵੇਲ਼ਾ |
| ਵਾਟ | ਰਾਹ |
| ਸੂਰੇ | ਸੂਰਮੇ, ਯੋਧੇ |
| ਕਾਲ | ਮੌਤ, ਸਮਾਂ |

## ਅਭਿਆਸ

1. **‘ਚਿੱਠੀ ਰਸੈਣ’ ਦਾ ਅਰਥ ਹੈ:**

   (ੳ) ਪੁਲਿਸ ਵਾਲ਼ਾ (ਅ) ਡਾਕੀਆ (ੲ) ਨਾਈ (ਸ) ਮਹਿਰਾ

2. **‘ਸੋਤਾ ਵੇਲ਼ਾ’ ਦਾ ਅਰਥ ਹੈ:**

   (ੳ) ਸਵੇਰ (ਅ) ਸ਼ਾਮ (ੲ) ਦੁਪਹਿਰ (ਸ) ਰਾਤ

3. **‘ਇਬਾਦਤ’ ਦਾ ਅਰਥ ਹੈ:**

   (ੳ) ਖ਼ਬਰ (ਅ) ਬੰਦਗੀ (ੲ) ਅਵਾਜ਼ (ਸ) ਕਰੜਾ

4. **‘ਜੋਗ’ ਦਾ ਅਰਥ ਹੈ:**

   (ੳ) ਬਲ਼ਦਾਂ ਦੀ ਜੋੜੀ (ਅ) ਸ਼ਿਕਾਰੀ (ੲ) ਘਰ ਦਾ ਜੋੜ-ਜੁਗਾੜ (ਸ) ਸ਼ਾਹ ਵੇਲ਼ਾ

5. **‘ਨੀਰ’ ਦਾ ਅਰਥ ਹੈ:**

   (ੳ) ਨਦੀ (ਅ) ਪਾਣੀ (ੲ) ਜੰਗਲ਼ (ਸ) ਹਵਾ

# ਗਿਣਤੀ

ਇਸ ਪਾਠ-ਕ੍ਰਮ ਦਾ ਮੁੱਖ ਮੰਤਵ ਬੱਚਿਆਂ ਨੂੰ ਇੱਕ ਤੋਂ ਸੌ ਤੱਕ ਦੀ ਗਿਣਤੀ ਤੋਂ ਜਾਣੂ ਕਰਵਾਉਣਾ ਹੈ। ਇਸੇ ਮੰਤਵ ਅਧੀਨ ਗਿਣਤੀ ਨੂੰ ਗੁਰਮੁਖੀ ਅੰਕਾਂ ਅਤੇ ਸ਼ਬਦਾਂ ਦੇ ਨਾਲ਼-ਨਾਲ਼ ਰੋਮਨ ਲਿਪੀ ਵਿੱਚ ਪੇਸ਼ ਕੀਤਾ ਗਿਆ ਹੈ ਤਾਂਜੋ ਅੰਕਾਂ ਦੀ ਪਛਾਣ ਅਤੇ ਅੰਕਾਂ ਦੇ ਉਚਾਰਨ ਨੂੰ ਸੌਖਿਆਂ ਹੀ ਸਮਝਿਆ ਅਤੇ ਗ੍ਰਹਿਣ ਕੀਤਾ ਜਾ ਸਕੇ। ਇਸੇ ਮੰਤਵ ਅਧੀਨ ਇੱਕ ਤੋਂ ਲੈ ਕੇ ਸੌ ਤੱਕ ਗਿਣਤੀ ਹੇਠ ਲਿਖੇ ਅਨੁਸਾਰ ਹੈ :-

| ਅੰਗਰੇਜ਼ੀ ਅੰਕ | ਗੁਰਮੁਖੀ ਅੰਕ | ਰੋਮਨ ਲਿਪੀ ਵਿੱਚ ਅੰਕ | ਗੁਰਮੁਖੀ ਲਿਪੀ ਵਿੱਚ ਅੰਕ |
|---|---|---|---|
| 1 | ੧ | Ikk | ਇੱਕ |
| 2 | ੨ | Do | ਦੋ |
| 3 | ੩ | Tinn | ਤਿੰਨ |
| 4 | ੪ | Chaar | ਚਾਰ |
| 5 | ੫ | Panj | ਪੰਜ |
| 6 | ੬ | Chhae | ਛੇ |
| 7 | ੭ | Satt | ਸੱਤ |
| 8 | ੮ | Atth | ਅੱਠ |
| 9 | ੯ | Nau | ਨੌਂ |
| 10 | ੧੦ | Dus | ਦਸ |
| 11 | ੧੧ | Gyara'n | ਗਿਆਰਾਂ |
| 12 | ੧੨ | Baara'n | ਬਾਰਾਂ |
| 13 | ੧੩ | Teraa'n | ਤੇਰਾਂ |
| 14 | ੧੪ | Chauda'n | ਚੌਦਾਂ |
| 15 | ੧੫ | Pandra'n | ਪੰਦਰਾਂ |
| 16 | ੧੬ | Sola'n | ਸੋਲ਼ਾਂ |
| 17 | ੧੭ | Satara'n | ਸਤਾਰਾਂ |

| | | | |
|---|---|---|---|
| 18 | ੧੮ | Athaara'n | ਅਠਾਰਾਂ |
| 19 | ੧੯ | Unni | ਉੱਨੀ |
| 20 | ੨੦ | Veeh | ਵੀਹ |
| 21 | ੨੧ | Ikki | ਇੱਕੀ |
| 22 | ੨੨ | Baai | ਬਾਈ |
| 23 | ੨੩ | Taee | ਤੇਈ |
| 24 | ੨੪ | Chauvi | ਚੌਵੀ |
| 25 | ੨੫ | Pachee | ਪੱਚੀ |
| 26 | ੨੬ | Chhabi | ਛੱਬੀ |
| 27 | ੨੭ | Satayi | ਸਤਾਈ |
| 28 | ੨੮ | Athayi | ਅਠਾਈ |
| 29 | ੨੯ | Unnatti | ਉਣੱਤੀ |
| 30 | ੩੦ | Teeh | ਤੀਹ |
| 31 | ੩੧ | Ikatti | ਇਕੱਤੀ |
| 32 | ੩੨ | Batti | ਬੱਤੀ |
| 33 | ੩੩ | Teti | ਤੇਤੀ |
| 34 | ੩੪ | Chaunti | ਚੌਤੀ |
| 35 | ੩੫ | Paintee | ਪੈਂਤੀ |
| 36 | ੩੬ | Chhatti | ਛੱਤੀ |
| 37 | ੩੭ | Sainti | ਸੈਂਤੀ |
| 38 | ੩੮ | Atthati | ਅਠੱਤੀ |
| 39 | ੩੯ | Untali | ਉਣਤਾਲ਼ੀ |
| 40 | ੪੦ | Chaali | ਚਾਲ਼ੀ |
| 41 | ੪੧ | Iktaali | ਇਕਤਾਲ਼ੀ |

| | | | |
|---|---|---|---|
| 42 | ੪੨ | Biyali | ਬਿਆਲ਼ੀ |
| 43 | ੪੩ | Tartali | ਤਰਤਾਲ਼ੀ |
| 44 | ੪੪ | Chutali | ਚੁਤਾਲ਼ੀ |
| 45 | ੪੫ | Pantali | ਪੰਤਾਲ਼ੀ |
| 46 | ੪੬ | Chhyali | ਛਿਆਲ਼ੀ |
| 47 | ੪੭ | Santali | ਸੰਤਾਲ਼ੀ |
| 48 | ੪੮ | Athtaali | ਅਠਤਾਲ਼ੀ |
| 49 | ੪੯ | Unanja | ਉਣੰਜਾ |
| 50 | ੫੦ | Panjah | ਪੰਜਾਹ |
| 51 | ੫੧ | Ikvanja | ਇਕਵੰਜਾ |
| 52 | ੫੨ | Bawanja | ਬਵੰਜਾ |
| 53 | ੫੩ | Tarvanja | ਤਰਵੰਜਾ |
| 54 | ੫੪ | Churanja | ਚੁਰੰਜਾ |
| 55 | ੫੫ | Pachvanja | ਪਚਵੰਜਾ |
| 56 | ੫੬ | Chhapanja | ਛਪੰਜਾ |
| 57 | ੫੭ | Satvanja | ਸਤਵੰਜਾ |
| 58 | ੫੮ | Aathvanja | ਅਠਵੰਜਾ |
| 59 | ੫੯ | Unahth | ਉਣਾਹਠ |
| 60 | ੬੦ | Satth | ਸੱਠ |
| 61 | ੬੧ | Ikahath | ਇਕਾਹਠ |
| 62 | ੬੨ | Bahth | ਬਾਹਠ |
| 63 | ੬੩ | Trehath | ਤ੍ਰੇਹਠ |
| 64 | ੬੪ | Chauhath | ਚੌਹਠ |
| 65 | ੬੫ | Penhath | ਪੈਂਹਠ |

| | | | |
|---|---|---|---|
| 66 | ੬੬ | Chhiaahth | ਛਿਆਹਠ |
| 67 | ੬੭ | Stahath | ਸਤਾਹਠ |
| 68 | ੬੮ | Athahath | ਅਠਾਹਠ |
| 69 | ੬੯ | Unahattar | ਉਨ੍ਹੱਤਰ |
| 70 | ੭੦ | Sattar | ਸੱਤਰ |
| 71 | ੭੧ | Ikahttar | ਇਕ੍ਹੱਤਰ |
| 72 | ੭੨ | Bahattar | ਬਹੱਤਰ |
| 73 | ੭੩ | Tihattar | ਤਿਹੱਤਰ |
| 74 | ੭੪ | Chuhattar | ਚੁਹੱਤਰ |
| 75 | ੭੫ | Panjhattar | ਪੰਝੱਤਰ |
| 76 | ੭੬ | Chhihattar | ਛਿਹੱਤਰ |
| 77 | ੭੭ | Satattar | ਸਤੱਤਰ |
| 78 | ੭੮ | Athattar | ਅਠੱਤਰ |
| 79 | ੭੯ | Unaasi | ਉਣਾਸੀ |
| 80 | ੮੦ | Assi | ਅੱਸੀ |
| 81 | ੮੧ | Ikaasi | ਇਕਾਸੀ |
| 82 | ੮੨ | Biassi | ਬਿਆਸੀ |
| 83 | ੮੩ | Taraasi | ਤਰਾਸੀ |
| 84 | ੮੪ | Churaasi | ਚੁਰਾਸੀ |
| 85 | ੮੫ | Pachaasi | ਪਚਾਸੀ |
| 86 | ੮੬ | Chhiaasi | ਛਿਆਸੀ |
| 87 | ੮੭ | Sataasi | ਸਤਾਸੀ |
| 88 | ੮੮ | Athaasi | ਅਠਾਸੀ |
| 89 | ੮੯ | Unanvey'n | ਉਣਾਨਵੇਂ |

| | | | |
|---|---|---|---|
| 90 | ੯੦ | Nabbey | ਨੱਬੇ |
| 91 | ੯੧ | Ikanvey'n | ਇਕਾਨਵੇਂ |
| 92 | ੯੨ | Banvey'n | ਬਾਨਵੇਂ |
| 93 | ੯੩ | Tranvey'n | ਤਰਾਨਵੇਂ |
| 94 | ੯੪ | Churanvey'n | ਚਰਾਨਵੇਂ |
| 95 | ੯੫ | Pachanvey'n | ਪਚਾਨਵੇਂ |
| 96 | ੯੬ | Chhiyanvey'n | ਛਿਆਨਵੇਂ |
| 97 | ੯੭ | Satanvey'n | ਸਤਾਨਵੇਂ |
| 98 | ੯੮ | Athanvey'n | ਅਠਾਨਵੇਂ |
| 99 | ੯੯ | Nadinvey'n | ਨੜ੍ਹਿੰਨਵੇਂ |
| 100 | ੧੦੦ | Sau | ਸੌ |

## ਅਭਿਆਸ

1. **ਨੜ੍ਹਿੰਨਵੇਂ ਨੂੰ ਅੰਕਾਂ ਵਿੱਚ ਲਿਖੋ:**

   (ੳ) 89 (ਅ) 99 (ੲ) 79 (ਸ) 49

2. **52 ਨੂੰ ਸ਼ਬਦਾਂ ਵਿੱਚ ਲਿਖਿਆ ਜਾਂਦਾ ਹੈ:**

   (ੳ) ਬਵੰਜਾ (ਅ) ਬੁਵੰਜਾ (ੲ) ਬਿਵੰਜਾ (ਸ) ਬਵਿੰਜਾ

3. **ਵੀਹ ਤੋਂ ਬਾਅਦ ਕਿਹੜੀ ਸੰਖਿਆ ਅੰਕ ਆਉਂਦੀ ਹੈ:**

   (ੳ) ਬਾਈ (ਅ) ਬੱਤੀ (ੲ) ਇੱਕੀ (ਸ) ਇਕੱਤੀ

4. **62 ਤੋਂ ਬਾਅਦ ਕਿਹੜੀ ਸੰਖਿਆ ਆਉਂਦੀ ਹੈ:**

   (ੳ) 73 (ਅ) 63 (ੲ) 53 (ਸ) 43

5. **ਪੰਦਰਾਂ ਨੂੰ ਗੁਰਮੁਖੀ ਵਿੱਚ ਕਿਵੇਂ ਲਿਖਿਆ ਜਾਂਦਾ ਹੈ:**

   (ੳ) ੧੫ (ਅ) ੧੬ (ੲ) ੧੮ (ਸ) ੧੯

# ਦੇਸੀ ਮਹੀਨਿਆਂ ਦੇ ਨਾਮ

ਪੁਰਾਤਨ ਸਮੇਂ ਤੋਂ ਚੱਲਿਆ ਆ ਰਿਹਾ ਦੇਸੀ ਮਹੀਨਿਆਂ ਦਾ ਵਜੂਦ 21ਵੀਂ ਸਦੀ ਦੇ ਵਿਗਿਆਨਿਕ ਯੁੱਗ ਵਿੱਚ ਵੀ ਕਾਇਮ ਹੈ। ਧਾਰਮਿਕ ਅਤੇ ਇਤਿਹਾਸਿਕ ਮਹੱਤਤਾ ਰੱਖਣ ਵਾਲ਼ੇ ਦਿਨ, ਤਿਉਹਾਰ, ਮੇਲੇ ਅਤੇ ਰੁੱਤਾਂ ਆਦਿ ਦਾ ਸਮਾਂ ਅੰਗਰੇਜ਼ੀ ਮਹੀਨਿਆਂ ਦੇ ਹਿਸਾਬ ਨਾਲ਼ ਅੱਗੇ-ਪਿੱਛੇ ਹੋ ਜਾਂਦਾ ਹੈ ਪਰ ਦੇਸੀ ਮਹੀਨਿਆਂ ਦੇ ਅਨੁਸਾਰ ਇਹਨਾਂ ਦੇ ਸਮੇਂ ਵਿੱਚ ਕਿਸੇ ਵੀ ਤਰ੍ਹਾਂ ਦਾ ਪਰਿਵਰਤਨ ਨਹੀਂ ਹੁੰਦਾ। ਪੰਜਾਬੀ ਸੱਭਿਆਚਾਰ ਵਿੱਚ ਦੇਸੀ ਮਹੀਨਿਆਂ ਦੀ ਖ਼ਾਸ ਮਹੱਤਤਾ ਹੈ ਕਿਉਂਕਿ ਇਹਨਾਂ ਸਾਰੇ ਮਹੀਨਿਆਂ ਦਾ ਸੰਬੰਧ ਖਾਸ ਰੁੱਤ ਨਾਲ਼ ਹੁੰਦਾ ਹੈ ਜਿਸ ਕਰਕੇ ਇਹਨਾਂ ਮਹੀਨਿਆਂ ਨੂੰ ਅਸਲੀ ਮਹੀਨੇ ਵੀ ਕਿਹਾ ਜਾਂਦਾ ਹੈ। ਹਾੜ੍ਹੀ ਤੇ ਸਾਉਣੀ ਆਦਿ ਦੇਸੀ ਮਹੀਨਿਆਂ ਦਾ ਸੰਬੰਧ ਖੇਤੀ ਦੀਆਂ ਵੰਨਗੀਆਂ ਨਾਲ਼ ਸੰਬੰਧਿਤ ਹੈ ਕਿਉਂਕਿ ਫ਼ਸਲ ਦੀ ਬਿਜਾਈ ਅਤੇ ਕਟਾਈ ਵਿੱਚ ਇਹ ਮਹੀਨੇ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਹਨਾਂ ਦੇਸੀ ਮਹੀਨਿਆਂ ਅਨੁਸਾਰ ਹੀ ਸੰਗਰਾਂਦ, ਮੱਸਿਆ ਅਤੇ ਪੁੰਨਿਆ ਵਰਗੇ ਵਿਸ਼ੇਸ਼ ਤੇ ਪਵਿੱਤਰ ਦਿਨ ਸ਼ਰਧਾ ਨਾਲ਼ ਮਨਾਏ ਜਾਂਦੇ ਹਨ। ਅੰਗਰੇਜ਼ੀ ਮਹੀਨਿਆਂ ਵਾਂਗ ਇਹਨਾਂ ਦੀ ਗਿਣਤੀ ਵੀ 12 ਹੈ। ਦੇਸੀ ਮਹੀਨੇ ਚੇਤ (ਮੱਧ ਮਾਰਚ ਤੋਂ ਮੱਧ ਅਪਰੈਲ) ਨਾਲ਼ ਸਾਲ ਦੀ ਸ਼ੁਰੂਆਤ ਹੁੰਦੀ ਹੈ ਅਤੇ ਫੱਗਣ (ਮੱਧ ਫ਼ਰਵਰੀ-ਮੱਧ ਮਾਰਚ) ਨਾਲ਼ ਸਾਲ ਦੀ ਸਮਾਪਤੀ।

### ਦੇਸੀ ਮਹੀਨਿਆਂ ਸੰਬੰਧੀ ਚਾਰਟ

| | | | |
|---|---|---|---|
| 1. | ਚੇਤ | 7. | ਅੱਸੂ |
| 2. | ਵਿਸਾਖ | 8. | ਕੱਤਕ |
| 3. | ਜੇਠ | 9. | ਮੱਘਰ |
| 4. | ਹਾੜ੍ਹ | 10. | ਪੋਹ |
| 5. | ਸਾਉਣ | 11. | ਮਾਘ |
| 6. | ਭਾਦੋਂ | 12. | ਫੱਗਣ |

### ਅਭਿਆਸ

1. **ਦੇਸੀ ਮਹੀਨਿਆਂ ਦੀ ਗਿਣਤੀ ਦੱਸੋ –**

   (ੳ) 10 (ਅ) 11 (ੲ) 13 (ਸ) 12

**2. ਪਹਿਲਾ ਦੇਸੀ ਮਹੀਨਾ ਕਿਹੜਾ ਹੈ:**

(ੳ) ਹਾੜ੍ਹ (ਅ) ਸਾਉਣ (ੲ) ਚੇਤ ( ਸ) ਵਿਸਾਖ

**3. ਦੇਸੀ ਮਹੀਨਿਆਂ ਵਿੱਚ ਆਖ਼ਰੀ ਮਹੀਨਾ ਹੁੰਦਾ ਹੈ:**

(ੳ) ਫੱਗਣ (ਅ) ਪੋਹ (ੲ) ਅੱਸੂ (ਸ) ਹਾੜ੍ਹ

**4. ਦਿਵਾਲ਼ੀ ਦਾ ਤਿਉਹਾਰ ਕਿਸ ਦੇਸੀ ਮਹੀਨੇ ਵਿੱਚ ਆਉਂਦਾ ਹੈ:**

(ੳ) ਜੇਠ (ਅ) ਭਾਦੋਂ (ੲ) ਕੱਤਕ (ਸ) ਮਾਘ

**5. ਲੋਹੜੀ ਤੋਂ ਅਗਲੇ ਦਿਨ ਕਿਹੜਾ ਦੇਸੀ ਮਹੀਨਾ ਆਉਂਦਾ ਹੈ:**

(ੳ) ਮਾਘ (ਅ) ਵਿਸਾਖ (ੲ) ਪੋਹ (ਸ) ਅੱਸੂ

# ਅੰਗਰੇਜ਼ੀ ਮਹੀਨਿਆਂ ਦੇ ਨਾਮ

ਦੇਸੀ ਮਹੀਨਿਆਂ ਵਾਂਗ ਅੰਗਰੇਜ਼ੀ ਮਹੀਨੇ ਵੀ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਇਹਨਾਂ ਮਹੀਨਿਆਂ ਦਾ ਸੰਬੰਧ ਪੱਛਮੀ ਦੇਸਾਂ ਨਾਲ਼ ਜਾ ਜੁੜਦਾ ਹੈ। ਦੇਸੀ ਮਹੀਨਿਆਂ ਵਾਂਗ ਇਹਨਾਂ ਦੀ ਗਿਣਤੀ ਵੀ 12 ਹੈ ਅਤੇ ਜਨਵਰੀ ਇਸ ਵਿੱਚ ਪਹਿਲੇ ਮਹੀਨੇ ਵਜੋਂ ਅਤੇ ਦਸੰਬਰ ਆਖ਼ਰੀ ਮਹੀਨੇ ਵਜੋਂ ਜਾਣਿਆ ਜਾਂਦਾ ਹੈ। ਇਹਨਾਂ ਮਹੀਨਿਆਂ ਅਤੇ ਹਫ਼ਤਾਵਾਰੀ ਦਿਨਾਂ ਦੇ ਨਾਂਵਾਂ ਨਾਲ਼ ਕੋਈ ਨਾ ਕੋਈ ਵਿਸ਼ੇਸ਼ ਇਤਿਹਾਸ ਕਾਰਜਸ਼ੀਲ ਹੈ, ਜਿਵੇਂਕਿ ਇਹਨਾਂ ਦਾ ਸੰਬੰਧ ਪ੍ਰਾਚੀਨ ਰੋਮ ਨਾਲ਼ ਜਾ ਜੁੜਦਾ ਹੈ ਜਿਸ ਕਰਕੇ ਇਹਨਾਂ ਮਹੀਨਿਆਂ ਦੇ ਨਾਮ ਰੋਮਨ ਦੇਵਤੇ, ਰੋਮਨ ਕਹਾਣੀਆਂ, ਰੋਮਨ ਕਾਲ ਤੇ ਰੋਮਨ ਸਾਮਰਾਜ ਆਦਿ ਕੁਝ ਲਾਤੀਨੀ ਸ਼ਬਦਾਂ ਨਾਲ਼ ਸੰਬੰਧਿਤ ਹੋ ਕੇ ਹੋਂਦ ਗ੍ਰਹਿਣ ਕਰਦੇ ਹਨ। ਇਹਨਾਂ ਮਹੀਨਿਆਂ ਦੇ ਸ਼ੁਰੂਆਤੀ ਨਾਮ ਹੁਣ ਨਾਲੋਂ ਭਿੰਨ ਹਨ ਅਤੇ ਸ਼ੁਰੂਆਤੀ ਮਹੀਨਿਆਂ ਦੀ ਗਿਣਤੀ ਵੀ 10 ਹੁੰਦੀ ਸੀ ਪਰ ਸਮੇਂ-ਸਮੇਂ ਇਹਨਾਂ ਵਿੱਚ ਪਰਿਵਰਤਨ ਹੁੰਦਾ ਗਿਆ ਅਤੇ ਵਰਤਮਾਨ ਸਮੇਂ ਦੇ ਇਹਨਾਂ ਬਾਰਾਂ ਮਹੀਨਿਆਂ ਸੰਬੰਧੀ ਵੇਰਵਾ ਹੇਠਾਂ ਦਰਜ ਹੈ:-

| | | | | | |
|---|---|---|---|---|---|
| 1. | ਜਨਵਰੀ | 5. | ਮਈ | 9. | ਸਤੰਬਰ |
| 2. | ਫ਼ਰਵਰੀ | 6. | ਜੂਨ | 10. | ਅਕਤੂਬਰ |
| 3. | ਮਾਰਚ | 7. | ਜੁਲਾਈ | 11. | ਨਵੰਬਰ |
| 4. | ਅਪਰੈਲ | 8. | ਅਗਸਤ | 12. | ਦਸੰਬਰ |

## ਅਭਿਆਸ

1. **ਅੰਗਰੇਜ਼ੀ ਮਹੀਨਿਆਂ ਦੀ ਗਿਣਤੀ ਦੱਸੋ:**

   (ੳ) 11 (ਅ) 13 (ੲ) 12 (ਸ) 14

2. **ਜੂਨ ਤੋਂ ਅਗਲਾ ਮਹੀਨਾ ਕਿਹੜਾ ਹੁੰਦਾ ਹੈ:**

   (ੳ) ਜੁਲਾਈ (ਅ) ਅਗਸਤ (ੲ) ਸਤੰਬਰ (ਸ) ਦਸੰਬਰ

3. **ਸਾਲ ਦਾ ਅਖੀਰਲਾ ਮਹੀਨਾ ਕਿਹੜਾ ਹੁੰਦਾ ਹੈ:**

   (ੳ) ਜਨਵਰੀ (ਅ) ਨਵੰਬਰ (ੲ) ਅਕਤੂਬਰ (ਸ) ਦਸੰਬਰ

4. **ਸੁਤੰਰਤਤਾ-ਦਿਵਸ ਕਿਸ ਅੰਗਰੇਜ਼ੀ ਮਹੀਨੇ ਵਿੱਚ ਮਨਾਇਆ ਜਾਂਦਾ ਹੈ:**

   (ੳ) ਅਪਰੈਲ (ਅ) ਜੂਨ (ੲ) ਅਗਸਤ (ਸ) ਜਨਵਰੀ

5. **ਸਰਦੀ ਦੀ ਰੁੱਤ ਨਾਲ਼ ਸੰਬੰਧਿਤ ਮਹੀਨੇ ਦੇ ਨਾਂ ਦੱਸੋ:**

   (ੳ) ਜੂਨ (ਅ) ਜੁਲਾਈ (ੲ) ਦਸੰਬਰ (ਸ) ਮਈ

# ਵਿਆਕਰਨ

## ਸ਼ੁੱਧ-ਅਸ਼ੁੱਧ

| | ਅਸ਼ੁੱਧ | ਸ਼ੁੱਧ |
|---|---|---|
| 1. | ਉਪ੍ਰੰਤ | ਉਪਰੰਤ |
| 2. | ਆਦ੍ਰਸ਼ | ਆਦਰਸ਼ |
| 3. | ਸਕਤ੍ਰ | ਸਕੱਤਰ |
| 4. | ਸੁੰਦ੍ਰਤਾ | ਸੁੰਦਰਤਾ |
| 5. | ਮਿਸਤ੍ਰੀ | ਮਿਸਤਰੀ |
| 6. | ਸਊਦਾ | ਸੌਦਾ |
| 7. | ਸਉਣਾ | ਸੌਂਣਾ |
| 8. | ਭਉਂਕਣਾ | ਭੌਂਕਣਾ |
| 9. | ਸ਼ੀਤ | ਸੀਤ |
| 10. | ਸ਼ੂਰਵੀਰ | ਸੂਰਬੀਰ |
| 11. | ਨਿਸਚਾ | ਨਿਸ਼ਚਾ |
| 12. | ਸਰੀਕ | ਸ਼ਰੀਕ |
| 13. | ਸ਼ੋਭਾ | ਸੋਭਾ |
| 14. | ਸ਼ਿਕਸ਼ਾ | ਸਿੱਖਿਆ |
| 15. | ਸੀਸਾ | ਸ਼ੀਸ਼ਾ |
| 16. | ਮੇਹਣਾ | ਮਿਹਣਾ |
| 17. | ਗੈਹਣਾ | ਗਹਿਣਾ |
| 18. | ਖੈਹੜਾ | ਖਹਿੜਾ |
| 19. | ਸਨੈਹਰੀ | ਸੁਨਹਿਰੀ |
| 20. | ਇਕੈਹਰਾ | ਇਕਹਿਰਾ |
| 21. | ਕਚੈਹਰੀ | ਕਚਹਿਰੀ |
| 22. | ਦਪੈਹਰ | ਦੁਪਹਿਰ |
| 23. | ਮੈਂਹਦੀ | ਮਹਿੰਦੀ |
| 24. | ਪੈਹਲਾਂ | ਪਹਿਲਾਂ |
| 25. | ਗੋਂਹ | ਗਹੁ |
| 26. | ਮੌਹਰਾ | ਮਹੁਰਾ |
| 27. | ਸੌਂਹ | ਸਹੁੰ |
| 28. | ਪੜਨਾ | ਪੜ੍ਹਨਾ |
| 29. | ਢਾਹੁਨਾ | ਢਾਹੁਣਾ |
| 30. | ਲੰਗਨਾ | ਲੰਘਣਾ |
| 31. | ਮਿਣਣਾ | ਮਿਣਨਾ |
| 32. | ਸੁਨਣਾ | ਸੁਣਨਾ |
| 33. | ਲੋਬ | ਲੋਭ |
| 34. | ਭਾਂਭੜ | ਭਾਂਬੜ |
| 35. | ਕੁੱਭਾ | ਕੁੱਬਾ |
| 36. | ਰੁਹਭ | ਰੋਹਬ |
| 37. | ਬੱਖੀ | ਵੱਖੀ |
| 38. | ਬਹਿੜਾ | ਵਹਿੜਾ |
| 39. | ਅੱਠਮਾਂ | ਅੱਠਵਾਂ |
| 40. | ਜਮਾਇਣ | ਜਵੈਣ |

| | | |
|---|---|---|
| 41. | ਕਾਮਾਂ | ਕਾਂਵਾਂ |
| 42. | ਸੇਮੀਆਂ | ਸੇਵੀਂਆਂ |
| 43. | ਮਾਯਾ | ਮਾਇਆ |
| 44. | ਆਲਣਾ | ਆਲ੍ਹਣਾ |
| 45. | ਸੁਵਾਣੀ | ਸੁਆਣੀ |
| 46. | ਦੁਵਾਰ | ਦੁਆਰ |
| 47. | ਕਵਾਰਾ | ਕੁਆਰਾ |
| 48. | ਅੰਤ੍ਰ | ਅੰਤਰ |
| 49. | ਇਸਤ੍ਰੀ | ਇਸਤਰੀ |
| 50. | ਸ਼ਾਸਤ੍ਰ | ਸ਼ਾਸਤਰ |
| 51. | ਪਵਿੱਤ੍ਰ | ਪਵਿੱਤਰ |
| 52. | ਰਾਸ਼ਟ੍ਰੀ | ਰਾਸ਼ਟਰੀ |
| 53. | ਕਉਣ | ਕੌਣ |
| 54. | ਦਉੜ | ਦੌੜ |
| 55. | ਕਉੜਾ | ਕੌੜਾ |
| 56. | ਸ਼ਿਖਰ | ਸਿਖਰ |
| 57. | ਯੱਸ | ਜਸ |
| 58. | ਤਾਰੀਕ | ਤਾਰੀਖ਼ |
| 59. | ਸ਼ੱਕਰ | ਸੱਕਰ |
| 60. | ਕੇਸ਼ | ਕੇਸ |
| 61. | ਇਸਨਾਨ | ਇਸ਼ਨਾਨ |
| 62. | ਰੇਸਮ | ਰੇਸ਼ਮ |
| 63. | ਵੇਹੜਾ | ਵਿਹੜਾ |

| | | |
|---|---|---|
| 64. | ਕਛੈਹਰਾ | ਕਛਹਿਰਾ |
| 65. | ਖੈਂਹਦਾ | ਖਹਿੰਦਾ |
| 66. | ਸ਼ੈਹਦ | ਸ਼ਹਿਦ |
| 67. | ਕੈਂਹਦਾ | ਕਹਿੰਦਾ |
| 68. | ਜ਼ੈਹਰ | ਜ਼ਹਿਰ |
| 69. | ਲੈਂਹਦਾ | ਲਹਿੰਦਾ |
| 70. | ਤੈਹਮਤ | ਤਹਿਮਤ |
| 71. | ਸੌਹਰਾ | ਸਹੁਰਾ |
| 72. | ਨੌਂਹ | ਨਹੁੰ |
| 73. | ਪੌਂਹਚ | ਪਹੁੰਚ |
| 74. | ਵੌਹਟੀ | ਵਹੁਟੀ |
| 75. | ਦਾੜੀ | ਦਾੜ੍ਹੀ |
| 76. | ਬਨਾਉਨਾ | ਬਣਾਉਣਾ |
| 77. | ਜੰਮਨਾ | ਜੰਮਣਾ |
| 78. | ਉਸਰਣਾ | ਉੱਸਰਨਾ |
| 79. | ਉਧੈੜ ਬੁਨ | ਉਧੇੜ-ਬੁਣ |
| 80. | ਭੁੱਭਲ | ਭੁੱਬਲ਼ |
| 81. | ਭਾਭੀ | ਭਾਬੀ |
| 82. | ਜੇਭ | ਜੇਬ |
| 83. | ਬਸੋਂ | ਵੱਸੋਂ |
| 84. | ਬਗਾਰ | ਵਗਾਰ |
| 85. | ਬਕੀਲ | ਵਕੀਲ |
| 86. | ਇਕਾਨਮੇਂ | ਇਕਾਨਵੇਂ |

| | | |
|---|---|---|
| 87. | ਭਾਮੇਂ | ਭਾਵੇਂ |
| 88. | ਕਿਮੇਂ | ਕਿਵੇਂ |
| 89. | ਪੂਝਾ | ਪੂਜਾ |
| 90. | ਸੁਵਾਹ | ਸੁਆਹ |

| | | |
|---|---|---|
| 91. | ਵੇਸ਼ | ਵੇਸ |
| 92. | ਸੁਵਾਮੀ | ਸੁਆਮੀ |
| 93. | ਗਵਾਂਢਣ | ਗੁਆਂਢਣ |

## ਅਭਿਆਸ

**ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ ਦੀ ਚੋਣ ਕਰੋ:**

ਪ੍ਰਸ਼ਨ 1. ੳ. ਕੋਸ਼ਸ਼ ਅ. ਕੋਸ਼ਿਸ਼ ੲ. ਕੋਸ਼ਿਸ ਸ. ਕੋਸਿਸ਼

ਪ੍ਰਸ਼ਨ 2. ੳ. ਬੌਹੁਤ ਅ. ਬਹਉਤ ੲ. ਬੋਹਤ ਸ. ਬਹੁਤ

ਪ੍ਰਸ਼ਨ 3. ੳ. ਪੁੱਸਤਕ ਅ. ਪੁਸਤਕ ੲ. ਪੁਸਤਿਕ ਸ. ਪੁਸਕਤ

ਪ੍ਰਸ਼ਨ 4. ੳ. ਜਾਂਵਾ ਅ. ਜਾਵਾਂ ੲ. ਜਾਬਾਂ ਸ. ਜਾਂਮਾਂ

ਪ੍ਰਸ਼ਨ 5. ੳ. ਸ਼ੂਰਬੀਰ ਅ. ਸੁਰਬੀਰ ੲ. ਸੂਰਬੀਰ ਸ. ਸੂਰਵੀਰ

## ਸਮਾਨਾਰਥੀ ਸ਼ਬਦ

ਅਰਥ-ਬੋਧ ਦੇ ਆਧਾਰ ’ਤੇ ਸ਼ਬਦਾਂ ਨੂੰ ਵਿਭਿੰਨ (ਸਮਾਨਾਰਥੀ, ਬਹੁਅਰਥੀ ਅਤੇ ਵਿਰੋਧੀ ਸ਼ਬਦ ਆਦਿ) ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਸ਼ਬਦਾਂ ਦੇ ਆਪਣੇ ਅਰਥਾਂ ਦੇ ਆਧਾਰ ’ਤੇ ਹੀ ਨਵੇਂ ਸ਼ਬਦ ਹੋਂਦ ਗ੍ਰਹਿਣ ਕਰਦੇ ਹਨ। ਇਸੇ ਤਰ੍ਹਾਂ ਹੀ ਵਿਸ਼ਵ-ਪੱਧਰ ’ਤੇ ਹਰੇਕ ਭਾਸ਼ਾ (ਹਿੰਦੀ, ਅੰਗਰੇਜ਼ੀ, ਉਰਦੂ ਆਦਿ) ਵਿੱਚ ਕੁਝ ਸ਼ਬਦਾਂ ਦੇ ਕਈ ਅਰਥ ਹੁੰਦੇ ਹਨ। ਇੱਕੋ ਹੀ ਸ਼ਬਦ ਨਾਲ਼ ਸੰਬੰਧਿਤ ਅਰਥ ਰੱਖਦੇ ਵਿਭਿੰਨ ਸ਼ਬਦਾਂ ਦੀ ਵਰਤੋਂ ਲਿਖਤ ਨੂੰ ਪ੍ਰਭਾਵਸ਼ਾਲੀ ਅਤੇ ਰੋਚਕ ਬਣਾਉਂਦੀ ਹੈ ਕਿਉਂਕਿ ਕਿਸੇ ਵੀ ਤਰ੍ਹਾਂ ਦੀ ਪੇਸ਼ਕਾਰੀ (ਮੌਖਿਕ ਜਾਂ ਲਿਖਤੀ) ਵਿਚਲਾ ਦੁਹਰਾਅ ਅਕੇਵਾਂ ਪੈਦਾ ਕਰ ਸਕਦਾ ਹੈ। ਇਸ ਲਈ ਸਮੇਂ, ਸਥਾਨ ਦੀ ਲੋੜ ਅਨੁਸਾਰ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਨ ਦੇ ਤੌਰ ’ਤੇ ਪਾਣੀ ਅਤੇ ਜਲ ਦੋਵੇਂ ਸਮਾਨ ਅਰਥ ਰੱਖਦੇ ਹਨ ਪਰ ਗੁਰਦੁਆਰੇ ਵਿੱਚ **‘ਜਲ ਛਕੋ ਜੀ’** ਅਤੇ ਸਧਾਰਨ ਜੀਵਨ ਵਿੱਚ **‘ਪਾਣੀ ਪੀਓ’** ਆਦਿ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਪ੍ਰਵਿਰਤੀ ਨਾਲ਼ ਸੰਬੰਧਿਤ ਸ਼ਬਦਾਂ ਨੂੰ ਸਮਾਨਾਰਥ, ਸਮਾਨਾਰਥਕ ਜਾਂ ਸਮਾਨਾਰਥੀ ਸ਼ਬਦ ਕਿਹਾ ਜਾਂਦਾ ਹੈ। ਉਪਰੋਕਤ ਜਾਣ-ਪਛਾਣ ਨਾਲ਼ ਸੰਬੰਧਿਤ ਪੰਜਾਬੀ ਵਿੱਚ ਸਮਾਨ ਅਰਥ ਰੱਖਣ ਵਾਲ਼ੇ ਕੁਝ ਸ਼ਬਦਾਂ ਦਾ ਵੇਰਵਾ ਹੇਠਾਂ ਦਰਜ ਹੈ :-

| | | |
|---|---|---|
| 1. | ਉਸਤਤ | ਵਡਿਆਈ, ਮਹਿਮਾ, ਤਾਰੀਫ਼, ਪ੍ਰਸੰਸਾ, ਉਪਮਾ, ਸ਼ਲਾਘਾ, ਜਸ |
| 2. | ਉਸਤਾਦ | ਗੁਰੂ, ਅਧਿਆਪਕ, ਸਿੱਖਿਅਕ, ਮੁਰਸ਼ਦ |

| | | |
|---|---|---|
| 3. | ਉੱਤਮ | ਸ੍ਰੇਸ਼ਟ, ਬਿਹਤਰ, ਚੰਗਾ |
| 4. | ਉੱਦਮੀ | ਕਰਮਸ਼ੀਲ, ਹਿੰਮਤੀ, ਉਤਸ਼ਾਹੀ |
| 5. | ਉੱਨਤੀ | ਤਰੱਕੀ, ਖ਼ੁਸਹਾਲੀ, ਪ੍ਰਫੁਲਿਤਾ, ਵਿਕਾਸ |
| 6. | ਅਸਮਾਨ | ਅਰਸ਼, ਅਕਾਸ਼, ਅੰਬਰ, ਗਗਨ |
| 7. | ਅਸੀਸ | ਮੰਗਲ-ਕਾਮਨਾ, ਅਸ਼ੀਰਵਾਦ, ਸ਼ੁੱਭ-ਇੱਛਾ |
| 8. | ਅਕਲ | ਸਮਝ, ਸਿਆਣਪ, ਮੱਤ, ਬੁੱਧ, ਸੁਰਤ, ਸੂਝ |
| 9. | ਅਣਗਿਣਤ | ਅਨੇਕ, ਬੇਸ਼ੁਮਾਰ, ਬੇਅੰਤ, ਕਈ |
| 10. | ਅੰਤਰ | ਭੇਦ, ਫ਼ਰਕ, ਵਿੱਥ |
| 11. | ਅਨੋਖਾ | ਅੱਡਰਾ, ਵਿਲੱਖਣ, ਭਿੰਨ, ਵੱਖਰਾ, ਅਲੱਗ |
| 12. | ਅਮੀਰ | ਧਨਵਾਨ, ਧਨਾਢ, ਦੌਲਤਮੰਦ |
| 13. | ਆਪਣਾ | ਜ਼ਾਤੀ, ਨਿੱਜੀ, ਸ਼ਖ਼ਸੀ, ਵਿਅਕਤੀਗਤ |
| 14. | ਆਕੀ | ਵਿਰੋਧੀ, ਵਿਦਰੋਹੀ, ਬਾਗ਼ੀ |
| 15. | ਔਰਤ | ਇਸਤਰੀ, ਨਾਰੀ, ਮਹਿਲਾ, ਤ੍ਰੀਮਤ, ਤੀਵੀਂ, ਰੰਨ, ਜ਼ਨਾਨੀ |
| 16. | ਸਹੀ | ਦਰੁਸਤ, ਠੀਕ, ਸੱਚਾ |
| 17. | ਸੰਗ | ਸ਼ਰਮ, ਝਿਜਕ, ਲੱਜਾ, ਸੰਕੋਚ |
| 18. | ਸਮਝਦਾਰ | ਸਿਆਣਾ, ਅਕਲਮੰਦ, ਸੁਘੜ, ਦਾਨਾ, ਬੁੱਧੀਮਾਨ |
| 19. | ਸੰਤੋਖ | ਸਬਰ, ਸੰਤੁਸ਼ਟੀ, ਜੇਰਾ, ਤ੍ਰਿਪਤੀ |
| 20. | ਸਿੱਧਾ | ਸਪਸ਼ਟ, ਸਰਲ, ਸਾਫ਼ |
| 21. | ਸੁੰਦਰ | ਸੋਹਣਾ, ਦਿਲਕਸ਼, ਖ਼ੂਬਸੂਰਤ, ਹਸੀਨ |
| 22. | ਸੁਤੰਤਰਤਾ | ਅਜ਼ਾਦੀ, ਸ੍ਵੈਾਧੀਨਤਾ, ਖ਼ੁਦਮੁਖ਼ਤਾਰੀ |
| 23. | ਕਮਜ਼ੋਰ | ਮਾੜਾ, ਨਿਰਬਲ, ਨਿਤਾਣਾ, ਦੁਰਬਲ |
| 24. | ਖਰਾ | ਅਸਲੀ, ਖ਼ਾਲਸ, ਸ਼ੁੱਧ |
| 25. | ਖ਼ੁਸ਼ੀ | ਅਨੰਦ, ਖੇੜਾ, ਹੁਲਾਸ, ਪ੍ਰਸੰਨਤਾ |
| 26. | ਗੜਬੜ | ਹੰਗਾਮਾ, ਖ਼ਰੂਦ, ਫ਼ਸਾਦ, ਉਪੱਦਰ |

| | | |
|---|---|---|
| 27. | ਘਮੰਡ | ਅਹੰਕਾਰ, ਹੈਂਕੜ, ਹਉਮੈਂ |
| 28. | ਚੰਗਾ | ਭਲਾ, ਨੇਕ, ਵਧੀਆ |
| 29. | ਜਬਰ | ਜ਼ੁਲਮ, ਅੱਤਿਆਚਾਰ, ਕਹਿਰ |
| 30. | ਜ਼ਮੀਨ | ਧਰਤੀ, ਭੋਂ, ਪ੍ਰਿਥਵੀ |
| 31. | ਜ਼ਿੰਦਗੀ | ਜੀਵਨ, ਹਯਾਤੀ |
| 32. | ਤਕੜਾ | ਬਲਵਾਨ, ਜ਼ੋਰਾਵਰ, ਤਾਕਤਵਰ |
| 33. | ਤਬਾਹੀ | ਬਰਬਾਦੀ, ਵਿਨਾਸ਼, ਨਾਸ |
| 34. | ਦੁਨਿਆਵੀ | ਲੌਕਿਕ, ਸੰਸਾਰਿਕ, ਭੌਤਿਕ |
| 35. | ਦਲੇਰੀ | ਬਹਾਦਰੀ, ਬੀਰਤਾ |
| 36. | ਨਰਾਜ਼ | ਗ਼ੁੱਸੇ, ਰੁੱਸਿਆ, ਖ਼ਫ਼ਾ |
| 37. | ਨਿਰਾਦਰੀ | ਅਪਮਾਨ, ਬਦਤਮੀਜ਼ੀ, ਬੇਅਦਬੀ |
| 38. | ਪਸਾਰ | ਵਿਸਤਾਰ, ਫੈਲਾਅ, ਵਿਆਪਕਤਾ |
| 39. | ਪ੍ਰਕਾਸ਼ | ਚਾਨਣ, ਲੋਅ, ਰੋਸ਼ਨੀ, ਨੂਰ |
| 40. | ਪੁੱਠਾ | ਉਲਟਾ, ਊਂਧਾ, ਮੂਧਾ |
| 41. | ਬਹਾਦਰ | ਸੂਰਮਾ, ਬਲਵਾਨ, ਦਲੇਰ, ਵੀਰ |
| 42. | ਬੇਮਿਸਾਲ | ਅਨੋਖਾ, ਅਦਭੁਤ, ਅਲੌਕਿਕ |
| 43. | ਭਰੋਸਾ | ਯਕੀਨ, ਨਿਸ਼ਚਾ, ਵਿਸ਼ਵਾਸ |
| 44. | ਮਹਿਕ | ਖ਼ੁਸ਼ਬੋ, ਸੁਗੰਧ |
| 45. | ਮਦਦ | ਹਮਾਇਤ, ਸਮਰਥਨ, ਸਹਾਇਤਾ |
| 46. | ਮਿਹਰ | ਦਇਆ, ਕਿਰਪਾ, ਰਹਿਮ, ਬਖ਼ਸ਼ਸ਼ |
| 47. | ਮੌਤ | ਦਿਹਾਂਤ, ਮਿਰਤੂ, ਅੰਤ, ਚੜ੍ਹਾਈ |
| 48. | ਰੂਪ | ਸ਼ਕਲ, ਸੂਰਤ, ਆਕਾਰ |
| 49. | ਵਰਖਾ | ਮੀਂਹ, ਬਾਰਸ਼, ਬਰਸਾਤ |
| 50. | ਵਰਤਮਾਨ | ਅਜੋਕਾ, ਆਧੁਨਿਕ, ਮੌਜੂਦਾ |

## ਅਭਿਆਸ

1. **'ਉੱਤਮ' ਦਾ ਸਮਾਨਾਰਥੀ ਦੱਸੋ:**

   ੳ. ਫ਼ਜ਼ੂਲ ਅ. ਅਰਥਹੀਣ ੲ. ਸ੍ਰੇਸ਼ਟ ਸ. ਸੁਹਣਾ

2. **'ਭਰੋਸੇ' ਦਾ ਸਮਾਨਾਰਥੀ ਨਹੀਂ ਹੈ:**

   ੳ. ਯਕੀਨ ਅ.ਧੋਖਾ ੲ.ਨਿਸ਼ਚਾ ਸ. ਵਿਸ਼ਵਾਸ

3. **'ਪ੍ਰਕਾਸ਼' ਦਾ ਸਮਾਨਾਰਥੀ ਦੱਸੋ:**

   ੳ. ਚਾਨਣ ਅ. ਹਨੇਰਾ ੲ. ਰਾਤ ਸ. ਮੀਂਹ

4. **'ਹਉਮੈਂ' ਦਾ ਸਮਾਨਾਰਥੀ ਨਹੀਂ ਹੈ:**

   ੳ. ਹੰਕਾਰ ਅ. ਹੈਂਕੜ ੲ. ਘਮੰਡ ਸ. ਸੂਝਵਾਨ

5. **'ਬਹਾਦਰ' ਦਾ ਸਮਾਨਾਰਥੀ ਦੱਸੋ:**

   ੳ. ਕਮਜ਼ੋਰ ਅ. ਡਰਪੋਕ ੲ. ਦਲੇਰ ਸ. ਭਗੌੜਾ

## ਵਿਰੋਧੀ ਸ਼ਬਦ

ਕੁਦਰਤ ਵੱਲੋਂ ਹਰ ਇੱਕ ਚੀਜ਼/ਵਸਤੂ ਦਾ ਵਿਰੋਧੀ ਰੂਪ ਵੀ ਦਿੱਤਾ ਗਿਆ ਹੈ। ਜੇਕਰ ਇੱਕ ਪਾਸੇ 'ਅਮੀਰ' ਸ਼ਬਦ ਦਾ ਵਿਰੋਧੀ ਰੂਪ ਅਸੀਂ ਦੇਖਣਾ ਹੋਵੇ ਤਾਂ 'ਗ਼ਰੀਬ' ਸ਼ਬਦ ਬਣਦਾ ਹੈ। ਇਸ ਤਰ੍ਹਾਂ ਕਿਸੇ ਵੀ ਚੀਜ਼/ਵਸਤੂ ਦੇ ਵਿਰੋਧੀ ਭਾਵਾਂ ਜਾਂ ਅਰਥਾਂ ਦੇ ਵਿਰੋਧਾਰਥਕ ਪ੍ਰਗਟਾਅ ਨੂੰ ਵਿਰੋਧੀ ਸ਼ਬਦ ਕਿਹਾ ਜਾਂਦਾ ਹੈ। ਵਿਰੋਧਾਰਥਕਤਾ ਦਾ ਇਹ ਸੰਕਲਪ ਵਿਆਪਕ (ਵਿਸ਼ਾਲ) ਹੈ। ਵਰਗਾਂ ਦੇ ਆਧਾਰ 'ਤੇ ਵੰਡ ਕਰਦਿਆਂ ਵਿਰੋਧੀ ਸ਼ਬਦਾਂ ਨੂੰ ਦੋ ਭਾਗਾਂ ਵਿੱਚ ਰੱਖਿਆ ਜਾਂਦਾ ਹੈ। ਪਹਿਲੇ ਵਰਗ ਵਿੱਚ ਉਹ ਵਿਰੋਧੀ ਸ਼ਬਦ ਆਉਂਦੇ ਹਨ ਜਿਨ੍ਹਾਂ ਦੇ ਅਰਥ ਉਲਟ ਜਾਂ ਭਿੰਨ ਹੋਣ, ਜਿਵੇਂ: ਦਿਨ-ਰਾਤ, ਮੋਟਾ-ਪਤਲਾ, ਵੱਡਾ-ਛੋਟਾ, ਖੱਟਾ-ਮਿੱਠਾ ਅਤੇ ਚੰਗਾ-ਬੁਰਾ ਆਦਿ, ਨਾਲ਼ ਹੀ ਦੂਜੇ ਵਰਗ ਵਿੱਚ ਉਹਨਾਂ ਦੇ ਵਿਰੋਧੀ ਸ਼ਬਦਾਂ ਨੂੰ ਰੱਖਿਆ ਜਾਂਦਾ ਹੈ ਜਿਨ੍ਹਾਂ ਨਾਲ਼ ਅਗੇਤਰ ਦੀ ਵਰਤੋਂ ਕਰ ਕੇ ਉਸ ਦੇ ਮੂਲ ਅਰਥਾਂ ਨੂੰ ਵਿਰੋਧ ਵਿੱਚ ਪ੍ਰਗਟ ਕੀਤਾ ਜਾਂਦਾ ਹੈ, ਜਿਵੇਂ: ਸਮਝ ਦਾ ਬੇਸਮਝ, ਸਿੱਧਾ ਦਾ ਅਸਿੱਧਾ, ਇਲਾਜ ਦਾ ਲਾਇਲਾਜ ਅਤੇ ਸਫਲ ਦਾ ਅਸਫਲ ਆਦਿ। ਹੇਠਾਂ ਪੰਜਾਬੀ ਵਿੱਚ ਵਿਰੋਧਾਰਥਕ ਸ਼ਬਦਾਂ ਦੇ ਪ੍ਰਗਟਾਅ ਸੰਬੰਧੀ ਕੁਝ ਉਦਾਹਰਨਾਂ ਦਿੱਤੀਆਂ ਗਈਆਂ ਹਨ:

| | | |
|---|---|---|
| 1. | ਉੱਚਾ | ਨੀਵਾਂ |
| 2. | ਅਗੇਤਰ | ਪਿਛੇਤਰ |
| 3. | ਆਉਣਾ | ਜਾਣਾ |
| 4. | ਆਦਰ | ਨਿਰਾਦਰ |
| 5. | ਆਮ | ਖ਼ਾਸ |
| 6. | ਸਸਤਾ | ਮਹਿੰਗਾ |
| 7. | ਸ਼ਹਿਰੀ | ਪੇਂਡੂ |
| 8. | ਸਫਲਤਾ | ਅਸਫਲਤਾ |
| 9. | ਸ਼ਰਮੀਲਾ | ਬੇਸ਼ਰਮ |
| 10. | ਸੁਰਗ | ਨਰਕ |
| 11. | ਸਧਾਰਨ | ਵਿਸ਼ੇਸ਼ |
| 12. | ਸੁਹਾਗਣ | ਵਿਧਵਾ |
| 13. | ਸ਼ੁੱਧ | ਅਸ਼ੁੱਧ |
| 14. | ਹੱਸਣਾ | ਰੋਣਾ |
| 15. | ਹਲਾਲ | ਹਰਾਮ |
| 16. | ਹਾਜ਼ਰ | ਗ਼ੈਰਹਾਜ਼ਰ |
| 17. | ਹਾਨੀ | ਲਾਭ |
| 18. | ਹਾਰ | ਜਿੱਤ |
| 19. | ਹੇਠਾਂ | ਉੱਪਰ |
| 20. | ਹੌਲ਼ਾ | ਭਾਰੀ |
| 21. | ਕੱਚਾ | ਪੱਕਾ |
| 22. | ਕਨੂੰਨੀ | ਗ਼ੈਰਕਨੂੰਨੀ |
| 23. | ਕਾਰੀਗਰ | ਅਨਾੜੀ |

| | | |
|---|---|---|
| 24. | ਕੁਆਰੀ | ਵਿਆਹੀ |
| 25. | ਖ਼ਰੀਦਣਾ | ਵੇਚਣਾ |
| 26. | ਖ਼ਾਲੀ | ਭਰਿਆ |
| 27. | ਖਿਲਾਰਨਾ | ਸਮੇਟਣਾ |
| 28. | ਖ਼ੁਸ਼ੀ | ਗ਼ਮੀ |
| 29. | ਗਰਮੀ | ਸਰਦੀ |
| 30. | ਗਿੱਲਾ | ਸੁੱਕਾ |
| 31. | ਗੁਣ | ਔਗਣ |
| 32. | ਗੁਰੂ | ਚੇਲਾ |
| 33. | ਘਾਟਾ | ਵਾਧਾ |
| 34. | ਚੰਗਾ | ਮੰਦਾ |
| 35. | ਚੜ੍ਹਾਈ | ਉਤਰਾਈ |
| 36. | ਚਾਲ | ਕੁਚਾਲ |
| 37. | ਚੁੱਕਣਾ | ਰੱਖਣਾ |
| 38. | ਛੋਟਾ | ਵੱਡਾ |
| 39. | ਜਨਮ | ਮਰਨ |
| 40. | ਜਿੱਤ | ਹਾਰ |
| 41. | ਠੰਢਾ | ਗਰਮ |
| 42. | ਧਰਤੀ | ਅਕਾਸ਼ |
| 43. | ਧੁੱਪ | ਛਾਂ |
| 44. | ਨਕਲ | ਅਸਲ |
| 45. | ਉਸਤਤ | ਨਿੰਦਿਆ |
| 46. | ਮਿੱਠਾ | ਖੱਟਾ |

| | | |
|---|---|---|
| 47. | ਮਿੱਤਰ | ਦੁਸ਼ਮਣ |
| 48. | ਵਿਰਲਾ | ਸੰਘਣਾ |

| | | |
|---|---|---|
| 49. | ਰੋਗੀ | ਨਿਰੋਗ |
| 50. | ਵੱਧ | ਘੱਟ |

## ਅਭਿਆਸ

1. **'ਵਿਰਲਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ:**

   (ੳ) ਸੰਘਣਾ (ਅ) ਸੱਖਣਾ (ੲ) ਸੱਕਣਾ (ਸ) ਸੱਜਰਾ

2. **ਹੇਠਾਂ ਦਿੱਤਿਆਂ ਵਿੱਚ ਸਹੀ ਵਿਰੋਧੀ ਜੁੱਟ ਹੈ:**

   (ੳ) ਆਸਤਕ-ਨਾਸਤਕ (ਅ) ਉੱਚਾ-ਪੱਧਰਾ (ੲ) ਸ਼ਰੀਫ਼-ਸੁਥਰਾ (ਸ) ਨਵਾਂ-ਚੰਗਾ

3. **'ਰੋਗੀ' ਸ਼ਬਦ ਦਾ ਵਿਰੋਧੀ ਹੈ:**

   (ੳ) ਨਿਰੋਗ (ਅ) ਬਿਮਾਰ (ੲ) ਦਵਾ (ਸ) ਬਿਮਾਰੀ

4. **'ਉਸਤਤ' ਦਾ ਵਿਰੋਧੀ ਸ਼ਬਦ ਹੈ:**

   (ੳ) ਨਿੰਦਿਆ (ਅ) ਸਿਫ਼ਤ (ੲ) ਪ੍ਰਸੰਸਾ (ਸ) ਵਡਿਆਈ

5. **ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਵਿਰੋਧੀ ਜੁੱਟ ਨਹੀਂ ਹੈ:**

   (ੳ) ਸਸਤਾ-ਮਹਿੰਗਾ (ਅ) ਹੱਸਣਾ-ਰੋਣਾ (ੲ) ਹਾਨੀ-ਜਿੱਤ (ਸ) ਖੁਸ਼ੀ-ਗ਼ਮੀ

## ਬਹੁਅਰਥਕ ਸ਼ਬਦ

ਪੰਜਾਬੀ ਵਿੱਚ ਅਰਥ-ਬੋਧ ਬਾਰੇ ਚਰਚਾ ਕਰਦਿਆਂ ਬਹੁਅਰਥਕ ਸ਼ਬਦਾਂ ਦੀ ਸ਼੍ਰੇਣੀ ਵੇਖਣ ਨੂੰ ਮਿਲ਼ਦੀ ਹੈ। ਇਸ ਦੀ ਸਮਾਨਾਰਥਾਂ ਦੀ ਇੱਕੋ ਅਰਥ ਵਾਲ਼ੀ ਪ੍ਰਵਿਰਤੀ ਨਹੀਂ ਹੁੰਦੀ ਸਗੋਂ ਇਸ ਵਿੱਚ ਸ਼ਬਦਾਂ ਦਾ ਰੂਪ ਉਹੀ ਰਹਿੰਦਾ ਹੈ ਪਰ ਇਸ ਦੇ ਅਰਥਾਂ ਵਿੱਚ ਬਦਲਾਅ ਵਾਪਰਦਾ ਹੈ ਜਿਸ ਨਾਲ਼ ਵਾਕ ਵਿਚਲੇ ਅਰਥਾਂ ਵਿੱਚ ਤਬਦੀਲੀ ਆਉਂਦੀ ਹੈ। ਭਾਵੇਂ ਸ਼ਬਦ-ਰੂਪ ਇੱਕੋ-ਜਿਹਾ ਹੀ ਹੋਵੇ ਪਰ ਉਹਦਾ ਅਰਥ ਜਾਂ ਉਸ ਸ਼ਬਦ ਨੂੰ ਵਾਕ ਵਿੱਚ ਵਰਤਣ ਦੀਆਂ ਪਰਿਸਥਿਤੀਆਂ ਉਸ ਦੇ ਅਰਥ ਨੂੰ ਨਿਰਧਾਰਿਤ ਕਰਦੀਆਂ ਹਨ ਜਿਸ ਨਾਲ਼ ਸੰਚਾਰ ਵਿਚਲੇ ਸੰਦੇਸ ਜਾਂ ਪ੍ਰਸੰਗ ਵਿੱਚ ਅੰਤਰ ਆਉਂਦਾ ਹੈ। ਉਦਾਹਰਨ ਦੇ ਤੌਰ 'ਤੇ ਅਸੀਂ 'ਉੱਤਰ' ਸ਼ਬਦ ਨੂੰ ਵਿਭਿੰਨ ਪਰਿਸਥਿਤੀਆਂ ਵਿੱਚ ਵਰਤਦੇ ਹੋਏ ਸੰਚਾਰ ਵਿੱਚ ਆਉਂਦੀ ਤਬਦੀਲੀ ਨੂੰ ਸਮਝ ਸਕਦੇ ਹਾਂ। ਜਿਵੇਂ ਉੱਤਰ ਤੋਂ ਭਾਵ ਕੋਈ ਦਿਸ਼ਾ, ਪ੍ਰਸ਼ਨ ਦਾ ਜਵਾਬ, ਹੇਠਾਂ ਉੱਤਰਨਾ ਆਦਿ ਲਿਆ ਜਾ ਸਕਦਾ ਹੈ। ਸਮਾਨ ਸ਼ਬਦ-ਰੂਪ

ਨੂੰ ਜਦੋਂ ਵਿਭਿੰਨ ਰੂਪਾਂ ਵਿੱਚ ਵਰਤਿਆ ਜਾਂਦਾ ਹੈ ਤਾਂ ਇਸ ਵਿੱਚ ਤਬਦੀਲੀ ਆਉਂਦੀ ਹੈ ਅਤੇ ਅਜਿਹਾ ਕਿਸੇ ਵੀ ਦੇਸੀ ਜਾਂ ਵਿਦੇਸ਼ੀ ਭਾਸ਼ਾ ਵਿੱਚ ਬਹੁਅਰਥੀ ਗੁਣਾਂ ਸਦਕਾ ਹੁੰਦਾ ਹੈ। ਪੰਜਾਬੀ ਭਾਸ਼ਾ ਨਾਲ਼ ਸੰਬੰਧਿਤ ਕੁਝ ਬਹੁਅਰਥਕ ਸ਼ਬਦਾਂ ਦਾ ਵੇਰਵਾ ਹੇਠਾਂ ਦਰਜ ਹੈ :-

1. **ਉੱਚਾ :**

(ੳ) ਉਚਾਈ ਦਾ ਵਿਸ਼ੇਸ਼ਣ, ਸਿਰਕੱਢਵਾਂ - ਸਾਡਾ ਮਕਾਨ ਤੁਹਾਡੇ ਮਕਾਨ ਨਾਲ਼ੋਂ ਉੱਚਾ ਹੈ।

(ਅ) ਉੱਚੀ ਅਵਾਜ਼ - ਰਾਮ ਦੀ ਦਾਦੀ ਨੂੰ ਉੱਚਾ ਸੁਣਦਾ ਹੈ।

(ੲ) ਮੋਚਨਾ - ਨਾਈ ਦਾ ਸਭ ਤੋਂ ਜ਼ਰੂਰੀ ਸੰਦ ਉੱਚਾ ਹੈ।

2. **ਉਲਟੀ :**

(ੳ) ਪੁੱਠੀ - ਰਾਮ ਦੀ ਹਰ ਗੱਲ ਉਲਟੀ ਹੁੰਦੀ ਹੈ।

(ਅ) ਮੂਧੀ - ਇਹ ਬੱਸ ਟੱਕਰ ਹੋ ਜਾਣ ਕਾਰਨ ਉਲਟੀ ਪਈ ਹੈ।

(ੲ) ਮੋੜਨੀ - ਮੈਂ ਸ਼ਾਮ ਦੀ ਗੱਲ ਕਦੇ ਨਹੀਂ ਉਲਟੀ।

(ਸ) ਕੈ - ਮੈਨੂੰ ਰੋਟੀ ਖਾਣ ਪਿੱਛੋਂ ਇਕਦਮ ਉਲਟੀ ਆ ਗਈ।

3. **ਉੱਤਰ :**

(ੳ) ਲਹਿਣਾ - ਰਾਮ ਪੌੜੀਆਂ ਉੱਤਰ ਰਿਹਾ ਹੈ।

(ਅ) ਜਵਾਬ - ਮੈਂ ਪ੍ਰਸ਼ਨ ਦਾ ਉੱਤਰ ਸੋਚ ਕੇ ਲਿਖਿਆ।

(ੲ) ਦਿਸ਼ਾ - ਸਾਡੇ ਘਰ ਦਾ ਦਰਵਾਜ਼ਾ ਉੱਤਰ ਵੱਲ ਹੈ।

4. **ਉਸਤਾਦ :**

(ੳ) ਗੁਰੂ - ਸ਼ਗਿਰਦ ਉਸਤਾਦਾਂ ਤੋਂ ਹੀ ਸਿੱਖਦੇ ਹਨ।

(ਅ) ਮਾਹਰ - ਮਹਿੰਦਰ ਮੂਰਤੀਕਾਰੀ ਵਿੱਚ ਬੜਾ ਉਸਤਾਦ ਹੈ।

(ੲ) ਚੁਸਤ-ਚਲਾਕ - ਜੀਤਾ ਏਨਾ ਉਸਤਾਦ ਹੈ ਕਿ ਉਸ ਕੋਈ ਵੀ ਉਸ ਨੂੰ ਧੋਖਾ ਨਹੀਂ ਦੇ ਸਕਦਾ।

5. **ਉਠਾ :**

(ੳ) ਫੋੜਾ - ਰਾਮ ਦੇ ਪੈਰ 'ਤੇ ਇੱਕ ਉਠਾ ਉੱਠ ਪਿਆ ਹੈ।

(ਅ) ਰੂਪ - ਇਸ ਸੂਟ ਤੇ ਕਢਾਈ ਦਾ ਉਠਾ ਬਹੁਤ ਸੋਹਣਾ ਹੈ।

(ੲ) ਚੁੱਕ - ਪ੍ਰੀਤੋ ਨੇ ਗ਼ੁੱਸੇ ਵਿੱਚ ਆ ਕੇ ਇੱਟ ਉਠਾ ਲਈ।

**6. ਅੱਗਾ :**

(ੳ) ਮੌਕਾ - ਸਿਆਣਾ ਬੰਦਾ ਅੱਗਾ-ਪਿੱਛਾ ਵੇਖ ਕੇ ਗੱਲ ਕਰਦਾ ਹੈ।

(ਅ) ਮੌਤ ਦਾ ਦਿਨ - ਬੁਢਾਪੇ ਵਿੱਚ ਤਾਂ ਮਨੁੱਖ ਇਹੀ ਸੋਚਦਾ ਹੈ ਕਿ ਮੇਰਾ ਅੱਗਾ ਨੇੜੇ ਆ ਗਿਆ ਹੈ।

(ੲ) ਅਗਲਾ ਜਨਮ - ਧਰਮੀ ਲੋਕ ਪਰਮਾਤਮਾ ਨੂੰ ਯਾਦ ਕਰ ਕੇ ਆਪਣਾ ਅੱਗਾ ਸੁਆਰ ਲੈਂਦੇ ਹਨ।

**7. ਅੰਗ :**

(ੳ) ਸਰੀਰ ਦਾ ਹਿੱਸਾ - ਹੱਥ ਸਰੀਰ ਦਾ ਜ਼ਰੂਰੀ ਅੰਗ ਹੈ।

(ਅ) ਸਾਥੀ - ਪਰਮਾਤਮਾ ਵਿੱਚ ਵਿਸ਼ਵਾਸ ਰੱਖੋ, ਉਹ ਹਮੇਸ਼ਾਂ ਤੁਹਾਡੇ ਅੰਗ-ਸੰਗ ਹੈ।

(ੲ) ਰਿਸ਼ਤੇਦਾਰ - ਵਿਆਹ ਵਿੱਚ ਸਾਡੇ ਸਾਰੇ ਅੰਗ-ਸਾਕ ਆਏ।

**8. ਅੱਕ :**

(ੳ) ਇੱਕ ਪੌਦਾ - ਅੱਕ ਦਾ ਪੌਦਾ ਔੜ ਵਿੱਚ ਵੀ ਜੰਮ ਪੈਂਦਾ ਹੈ।

(ਅ) ਤੰਗ - ਉਸ ਦੀਆਂ ਗੱਲਾਂ ਸੁਣ ਕੇ ਮੈਂ ਅੱਕ ਗਿਆ।

(ੲ) ਅਣਭਾਉਂਦਾ ਕੰਮ - ਹਾਰ ਕੇ ਮੈਨੂੰ ਮੁਕੱਦਮਾ ਕਰਨ ਦਾ ਅੱਕ ਚੱਬਣਾ ਪਿਆ

**9. ਅਰਕ :**

(ੳ) ਪਸੀਨਾ - ਗਰਮੀ ਕਾਰਨ ਸਾਡਾ ਅਰਕ ਨਿਕਲ਼ ਗਿਆ।

(ਅ) ਦਵਾਈ - ਸੌਂਫ ਦਾ ਅਰਕ ਬੱਚਿਆਂ ਵਾਸਤੇ ਲਾਭਕਾਰੀ ਹੈ।

(ੲ) ਨਿਚੋੜ - ਇਸ ਕਾਂਡ ਦਾ ਅਰਕ ਲਿਖੋ।

**10. ਸਰ :**

(ੳ) ਤਾਸ਼ ਦੀ ਸਰ - ਤਾਸ਼ ਖੇਡਦਿਆਂ ਮੇਰੀ ਇੱਕ ਵੀ ਸਰ ਨਾ ਬਣੀ !

(ਅ) ਸਰੋਵਰ - ਇਸ ਸਰ ਦਾ ਪਾਣੀ ਬਹੁਤ ਠੰਢਾ ਹੈ।

(ੲ) ਫ਼ਤਿਹ ਕਰਨਾ - ਬਹਾਦਰਾਂ ਨੇ ਮੋਰਚਾ ਸਰ ਕਰ ਕੇ ਹੀ ਸਾਹ ਲਿਆ।

**11. ਸਾਰ :**

(ੳ) ਨਿਚੋੜ - ਸਾਰੀ ਗੱਲ ਦਾ ਸਾਰ ਇਹ ਹੈ ਕਿ ਸ਼ਰਾਬ ਪੀਣੀ ਬੁਰੀ ਗੱਲ ਹੈ।

(ਅ) ਨਾਲ਼ ਹੀ - ਮੀਂਹ ਪੈਣਸਾਰ ਸਾਰਾ ਮੇਲਾ ਖਿੰਡ ਗਿਆ।

(ੲ) ਗੁਜ਼ਾਰਾ - ਤੂੰ ਅੱਜ ਦੋ ਰੁਪਏ ਨਾਲ਼ ਹੀ ਕੰਮ ਸਾਰ।

**12. ਸਿੱਕਾ :**

(ੳ) ਧਾਤੂ - ਇਸ ਫ਼ੈਕਟਰੀ ਵਿੱਚ ਕਈ ਕੁਇੰਟਲ ਸਿੱਕਾ ਹਰ ਰੋਜ਼ ਖਪਦਾ ਹੈ।

(ਅ) ਸੁਰਮਾ - ਮੇਰੀ ਪੈੱਨਸਿਲ ਦਾ ਸਿੱਕਾ ਖ਼ਤਮ ਹੋ ਗਿਆ ਹੈ।

(ੲ) ਰੋਹਬ - ਭਾਰਤੀ ਟੀਮ ਨੇ ਮੈਚ ਜਿੱਤ ਕੇ ਸਾਰੀ ਦੁਨੀਆ ਵਿੱਚ ਆਪਣਾ ਸਿੱਕਾ ਜਮਾ ਲਿਆ।

**13. ਸੰਗ :**

(ੳ) ਸਾਥ - ਮਾਤਾ ਚਿੰਤਪੁਰਨੀ ਨੂੰ ਜਾਣ ਵਾਲ਼ਾ ਸੰਗ ਚੱਲ ਪਿਆ ਹੈ।

(ਅ) ਸ਼ਰਮ - ਮੈਨੂੰ ਤੇਰੇ ਪਾਸੋਂ ਕੋਈ ਸੰਗ ਨਹੀਂ ਆਉਂਦੀ।

(ੲ) ਪੱਥਰ - ਇਹ ਮੰਦਰ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ।

**14. ਸਤ :**

(ੳ) ਸੱਚ - ਰਾਮ ਨਾਮ ਸਤ ਹੈ।

(ਅ) ਨਿਚੋੜ - ਨਿੰਬੂ ਦਾ ਸਤ ਲਿਆਓ।

(ੲ) ਜ਼ੋਰ - ਉਸ ਵਿੱਚ ਸਾਹ-ਸਤ ਤਾਂ ਦਿਸਦਾ ਹੀ ਨਹੀਂ।

**15. ਸੂਤ :**

(ੳ) ਰਾਸ - ਤੁਹਾਡੇ ਡਰ ਨਾਲ਼ ਹੀ ਉਹ ਸੂਤ ਰਹੇਗਾ।

(ਅ) ਚਰਖੇ ਨਾਲ਼ ਕੱਤਿਆ ਧਾਗਾ - ਸ਼ੀਲਾ ਸੂਤ ਬਹੁਤ ਬਰੀਕ ਕੱਤਦੀ ਹੈ।

(ੲ) ਨਿਸ਼ਾਨ ਲਾਉਣ ਵਾਲਾ ਧਾਗਾ - ਤਰਖਾਣ ਨੇ ਲੱਕੜੀ ਚੀਰਨ ਲਈ ਪਹਿਲਾਂ ਸੂਤ ਲਾਇਆ।

**16. ਸੂਆ :**

(ੳ) ਵੱਡੀ ਸੂਈ - ਸੂਏ ਨਾਲ਼ ਬੋਰੀ ਸੀਓ।

(ਅ) ਮੱਝ ਦਾ ਸੂਆ - ਸਾਡੀ ਮੱਝ ਦਾ ਇਹ ਪਹਿਲਾ ਸੂਆ ਹੈ।

(ੲ) ਖਾਲ਼ - ਇਹ ਸੂਆ ਸਰਹਿੰਦ ਨਹਿਰ ਵਿੱਚੋਂ ਨਿਕਲ਼ਦਾ ਹੈ।

**17. ਹਾਰ :**

(ੳ) ਫੁੱਲਾਂ ਦਾ ਹਾਰ - ਮੈਂ ਫੁੱਲਾਂ ਦਾ ਹਾਰ ਖ਼ਰੀਦਿਆ।

(ਅ) ਵਾਲ਼ਾ - ਰੱਬ ਕੁਦਰਤ ਦਾ ਸਿਰਜਣਹਾਰ ਹੈ।

(ੲ) ਹਾਰਨਾ - ਅਸੀਂ ਮੈਚ ਹਾਰ ਗਏ।

**18. ਹਾਲ :**

(ੳ) ਹਾਲਤ – ਆਪਣਾ ਹਾਲ-ਚਾਲ ਸੁਣਾਓ।

(ਅ) ਲੋਹੇ ਦਾ ਚੱਕਰ – ਪਹੀਏ ਉੱਪਰ ਹਾਲ ਨੂੰ ਗਰਮ ਕਰ ਕੇ ਚੜ੍ਹਾਓ।

(ੲ) ਅਜੇ – ਹਾਲ ਦੀ ਘੜੀ ਮੈਂ ਇੱਥੇ ਹੀ ਹਾਂ।

**19. ਹੱਸ :**

(ੳ) ਇੱਕ ਤਰ੍ਹਾਂ ਦਾ ਗਹਿਣਾ – ਗੀਤਾ ਨੇ ਸੋਨੇ ਦਾ ਹੱਸ ਖ਼ਰੀਦਿਆ।

(ਅ) ਹੱਸਣਾ – ਮੇਰੀ ਗੱਲ ਸੁਣ ਕੇ ਸਭ ਹੱਸ ਪਏ।

(ੲ) ਗਲ਼ੇ ਦੀ ਹੱਡੀ – ਛੱਤ ਤੋਂ ਡਿਗਣ ਨਾਲ਼ ਰਾਮ ਦਾ ਹੱਸ ਟੁੱਟ ਗਿਆ।

**20. ਕੱਚਾ :**

(ੳ) ਪੱਕੇ ਦੇ ਉਲਟ – ਇਸ ਕੱਪੜੇ ਦਾ ਰੰਗ ਕੱਚਾ ਹੈ।

(ਅ) ਮਿਤਲਾਉਣਾ – ਰੋਟੀ ਖਾਂਦਿਆਂ ਹੀ ਮੇਰਾ ਜੀਅ ਕੱਚਾ ਹੋਣ ਲੱਗ ਪਿਆ।

(ੲ) ਝੂਠਾ – ਜਦੋਂ ਉਸ ਦਾ ਝੂਠ ਜ਼ਾਹਰ ਹੋ ਗਿਆ ਤਾਂ ਉਹ ਬੜਾ ਕੱਚਾ ਹੋਇਆ।

**21. ਕਲੀ :**

(ੳ) ਫੁੱਲ ਦਾ ਨਾਂ – ਕਲੀ ਦੇ ਫੁੱਲ ਵਿੱਚੋਂ ਕਿੰਨੀ ਖ਼ੁਸ਼ਬੋ ਆਉਂਦੀ ਹੈ!

(ਅ) ਸਫ਼ੈਦੀ – ਅਸੀਂ ਆਪਣੇ ਸਾਰੇ ਕਮਰਿਆਂ ਵਿੱਚ ਕਲੀ ਕਰਵਾਈ।

(ੲ) ਚਿੱਟੀ ਧਾਤ – ਅਸੀਂ ਪਿੱਤਲ਼ ਦੇ ਸਾਰੇ ਭਾਂਡੇ ਕਲੀ ਕਰਵਾਏ।

**22. ਕਾਲ :**

(ੳ) ਸਮਾਂ – ਕਾਲ ਤਿੰਨ ਪ੍ਰਕਾਰ ਦੇ ਹੁੰਦੇ ਹਨ : ਭੂਤ-ਕਾਲ, ਵਰਤਮਾਨ-ਕਾਲ ਤੇ ਭਵਿਖਤ-ਕਾਲ।

(ਅ) ਮੌਤ – ਬੱਸ, ਉਸ ਦਾ ਕਾਲ ਉਸ ਨੂੰ ਉੱਥੇ ਲੈ ਗਿਆ।

(ੲ) ਖਾਣ ਦੀਆਂ ਚੀਜ਼ਾਂ ਦੀ ਕਮੀ – ਬੰਗਾਲ ਦੇ ਕਾਲ ਵਿੱਚ ਬਹੁਤ ਸਾਰੇ ਬੰਦੇ ਮਾਰੇ ਗਏ ਸਨ।

**23. ਕੋਟ :**

(ੳ) ਗਲ਼ ਪਾਉਣ ਵਾਲ਼ਾ ਕੱਪੜਾ – ਮੈਂ ਸਰਦੀ ਤੋਂ ਬਚਣ ਲਈ ਕੋਟ ਗਲ਼ ਪਾ ਲਿਆ।

(ਅ) ਕਿਲ੍ਹਾ – ਫ਼ੌਜ ਨੇ ਕੋਟ ਨੂੰ ਘੇਰਾ ਪਾ ਕੇ ਗੋਲ਼ਾਬਾਰੀ ਸ਼ੁਰੂ ਕਰ ਦਿੱਤੀ।

(ੲ) ਤਾਸ਼ ਦੀ ਬਾਜ਼ੀ – ਤਾਸ਼ ਦੀ ਪਹਿਲੀ ਬਾਜ਼ੀ ਵਿੱਚ ਹੀ ਅਸੀਂ ਉਹਨਾਂ ਸਿਰ ਕੋਟ ਕਰ ਦਿੱਤਾ।

**24. ਖੱਟੀ :**

(ੳ) ਤੁਰਸ਼ - ਲੱਸੀ ਬਹੁਤ ਖੱਟੀ ਹੈ।

(ਅ) ਗੂੜ੍ਹੀ ਪੀਲ਼ੀ - ਕੁੜੀ ਨੇ ਖੱਟੀ ਚੁੰਨੀ ਲਈ ਹੋਈ ਹੈ।

(ੲ) ਕਮਾਈ – ਅੱਜ-ਕੱਲ੍ਹ ਬਲੈਕੀਏ ਅੰਨ੍ਹੀ ਖੱਟੀ ਕਰ ਰਹੇ ਹਨ।

**25. ਗੋਲ਼ਾ :**

(ੳ) ਤੋਪ ਦਾ ਗੋਲ਼ਾ – ਤੋਪ ਦਾ ਗੋਲ਼ਾ ਬਹੁਤ ਦੂਰ ਤੱਕ ਮਾਰ ਕਰਦਾ ਹੈ।

(ਅ) ਪਟਾਕਾ – ਦਿਵਾਲ਼ੀ ਦੀ ਰਾਤ ਨੂੰ ਲੋਕਾਂ ਨੇ ਗੋਲ਼ੇ ਚਲਾਏ।

(ੲ) ਧਾਗੇ ਦਾ ਗੋਲ਼ਾ – ਮੈਂ ਧਾਗੇ ਦਾ ਇੱਕ ਗੋਲ਼ਾ ਖ਼ਰੀਦਿਆ।

**26. ਘੜੀ :**

(ੳ) ਸਮਾਂ ਦੱਸਣ ਵਾਲ਼ਾ ਯੰਤਰ – ਘੜੀ ਉੱਤੇ ਬਾਰਾਂ ਵੱਜੇ ਹਨ।

(ਅ) ਸਮੇਂ ਦਾ ਅੰਸ਼ – ਮੈਂ ਘੜੀ ਕੁ ਹੀ ਐਥੇ ਬੈਠਾਂਗਾ।

(ੲ) ਬਣਾਈ – ਮੈਂ ਚਾਕੂ ਨਾਲ਼ ਕਲਮ ਘੜੀ।

**27. ਚੱਕ :**

(ੳ) ਦੰਦੀ – ਕੁੱਤੇ ਨੇ ਮੇਰੀ ਲੱਤ ਉੱਪਰ ਚੱਕ ਵੱਢਿਆ।

(ਅ) ਖੂਹ ਦੀ ਕੋਠੀ ਦਾ ਆਧਾਰ – ਖੂਹ ਦਾ ਚੱਕ ਵਹਾਉਣ ਸਮੇਂ ਬੜੇ ਸਗਨ ਕੀਤੇ ਜਾਂਦੇ ਸਨ।

(ੲ) ਘੁਮਿਆਰ ਦਾ ਯੰਤਰ – ਘੁਮਿਆਰ ਚੱਕ ਉੱਤੇ ਭਾਂਡੇ ਬਣਾ ਰਿਹਾ ਹੈ।

**28. ਚਾਰ :**

(ੳ) ਤਿੰਨ+ਇੱਕ – ਮੇਰੇ ਕੋਲ਼ ਕੇਵਲ ਚਾਰ ਰੁਪਏ ਹੀ ਹਨ।

(ਅ) ਪਸ਼ੂ ਚਾਰਨੇ – ਵਾਗੀ ਖੇਤਾਂ ਵਿੱਚ ਗਾਂਈਆਂ ਚਾਰ ਰਿਹਾ ਹੈ।

(ੲ) ਇੱਕ-ਦੂਜੇ ਵੱਲ ਦੇਖਣਾ – ਜਦੋਂ ਅੱਖਾਂ ਚਾਰ ਹੋਈਆਂ ਤਾਂ ਅਸੀਂ ਇੱਕ-ਦੂਜੇ ਨੂੰ ਪਛਾਣ ਲਿਆ।

**29. ਜੱਗ :**

(ੳ) ਦੁਨੀਆ – ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ।

(ਅ) ਇੱਕ ਭਾਂਡਾ – ਪਾਣੀ ਦਾ ਜੱਗ ਲਿਆਓ।

(ੲ) ਧਰਮ-ਅਰਥ ਭੋਜਨ ਛਕਾਉਣਾ – ਵਿਸਾਖੀ ਦੇ ਦਿਨ ਸੰਤਾਂ ਦੇ ਡੇਰੇ ’ਤੇ ਭਾਰੀ ਜੱਗ ਕੀਤਾ ਜਾਂਦਾ ਹੈ।

**30. ਜੋੜ :**

(ੳ) ਸ਼ਬਦ ਦੇ ਜੋੜ – ਸ਼ਬਦ ਲਿਖਣ ਸਮੇਂ ਉਹਨਾਂ ਦੇ ਜੋੜ ਠੀਕ ਕਰ ਕੇ ਲਿਖੋ।

(ਅ) ਇਕੱਠਾ ਕਰਨਾ – ਖਾ ਗਏ ਰੰਗ ਲਾ ਗਏ ਜੋੜ ਗਏ ਸੋ ਰੋੜ੍ਹ ਗਏ।

(ੲ) ਜੋੜਨਾ – ਪਾਟੀ ਕਿਤਾਬ ਨੂੰ ਗੂੰਦ ਲਾ ਕੇ ਜੋੜ ਦਿਓ।

**31. ਟਿੱਕੀ :**

(ੳ) ਗੋਲ਼ੀ – ਮੈਂ ਦਵਾਈ ਦੀ ਟਿੱਕੀ ਖਾ ਲਈ ਹੈ।

(ਅ) ਸੂਰਜ – ਸੂਰਜ ਦੀ ਟਿੱਕੀ ਚੜ੍ਹ ਪਈ ਹੈ।

(ੲ) ਰੋਟੀ – ਤੂੰ ਜ਼ਰਾ ਵੱਡੀ ਰੋਟੀ ਪਕਾ, ਇਹ ਕੀ ਟਿੱਕੀਆਂ ਜਿਹੀਆਂ ਪਕਾ ਰਹੀ ਹੈਂ?

**32. ਡੰਡੀ :**

(ੳ) ਤੰਗ ਰਸਤਾ – ਮੈਂ ਖੇਤਾਂ ਵਿਚਲੀ ਡੰਡੀ ਪੈ ਕੇ ਖੂਹ ‘ਤੇ ਪੁੱਜਾ।

(ਅ) ਕੰਨ ਵਿੱਚ ਪਾਉਣ ਵਾਲ਼ਾ ਗਹਿਣਾ – ਮੇਰੀ ਸੋਨੇ ਦੀ ਇੱਕ ਡੰਡੀ ਕਿਤੇ ਡਿਗ ਪਈ ਹੈ।

(ੲ) ਤੱਕੜੀ ਦੀ ਡੰਡੀ – ਤੱਕੜੀ ਦੀ ਡੰਡੀ ਟੁੱਟ ਗਈ ਹੈ।

**33. ਡੋਲ :**

(ੳ) ਹਿੱਲਣਾ – ਰੱਸੀ ਉੱਪਰ ਟੰਗਿਆ ਮੇਰਾ ਦੁਪੱਟਾ ਹਵਾ ਨਾਲ਼ ਡੋਲ ਰਿਹਾ ਹੈ।

(ਅ) ਡਰਨਾ – ਵਾਹਿਗੁਰੂ ਬੋਲ ਤੇ ਰਤਾ ਨਾ ਡੋਲ।

(ੲ) ਖੂਹ ਵਿੱਚੋਂ ਪਾਣੀ ਕੱਢਣ ਵਾਲ਼ਾ ਭਾਂਡਾ – ਡੋਲ ਨਾਲ਼ ਖੂਹ ਵਿੱਚੋਂ ਪਾਣੀ ਕੱਢੋ।

**34. ਤਰ :**

(ੳ) ਤਰਨਾ – ਮੈਂ ਦਰਿਆ ਨੂੰ ਤਰ ਕੇ ਪਾਰ ਕੀਤਾ।

(ਅ) ਇੱਕ ਫਲ਼ – ਮੈਂ ਤਰ ਲੂਣ ਲਾ ਕੇ ਖਾਧੀ।

(ੲ) ਮੁਕਤ ਹੋਣਾ – ਨੇਕ ਕੰਮ ਕਰਨ ਵਾਲ਼ੇ ਆਦਮੀ ਤਰ ਜਾਂਦੇ ਹਨ।

**35. ਤਾਰ :**

(ੳ) ਲੋਹੇ ਦੀ ਤਾਰ – ਖੇਤ ਨੂੰ ਕੰਡੇਦਾਰ ਤਾਰ ਲਾ ਦਿਓ।

(ਅ) ਟੈਲੀਗ੍ਰਾਮ – ਮੈਂ ਉਸ ਨੂੰ ਤਾਰ ਰਾਹੀਂ ਉਸ ਦੇ ਵਿਆਹ ਦੀ ਵਧਾਈ ਭੇਜੀ।

(ੲ) ਤਾਰਨਾ – ਉਹ ਆਪਣੀ ਮਾਂ ਦੇ ਫੁੱਲ ਗੰਗਾ ਵਿੱਚ ਤਾਰ ਆਇਆ ਹੈ।

**36. ਦੌਰਾ :**

(ੳ) ਇੱਕ ਵੱਡਾ ਭਾਂਡਾ – ਲਲਾਰੀ ਦੌਰੇ ਵਿੱਚ ਰੰਗ ਘੋਲ਼ ਰਿਹਾ ਸੀ।

(ਅ) ਬਿਮਾਰੀ ਦਾ ਹਮਲਾ – ਉਸ ਨੂੰ ਮਿਰਗੀ ਦੇ ਦੌਰੇ ਪੈਂਦੇ ਹਨ।

(ੲ) ਸੈਰ – ਰਾਸ਼ਟਰਪਤੀ ਵਿਦੇਸ਼ੀ ਦੌਰਾ ਕਰ ਰਹੇ ਹਨ।

**37. ਧਾਰ :**

(ੳ) ਮੱਝ ਦੀ ਧਾਰ – ਉਸ ਨੇ ਮੱਝ ਦੀ ਧਾਰ ਕੱਢੀ ਤੇ ਦੁੱਧ ਦੀ ਬਾਲਟੀ ਭਰ ਲਈ।

(ਅ) ਪਾਣੀ ਦੀ ਧਾਰ – ਪਰਨਾਲ਼ੇ ਵਿੱਚੋਂ ਪਾਣੀ ਦੀ ਧਾਰ ਡਿਗ ਰਹੀ ਸੀ।

(ੲ) ਤਲਵਾਰ ਆਦਿ ਦਾ ਮੂੰਹ – ਤਲਵਾਰ ਦੀ ਧਾਰ ਬਹੁਤ ਤਿੱਖੀ ਹੈ।

**38. ਪੱਕਾ :**

(ੳ) ਕੱਚੇ ਦਾ ਉਲਟ – ਇਹ ਅੰਬ ਪੱਕਾ ਹੈ।

(ਅ) ਤਜਰਬੇਕਾਰ ਹੋਣਾ – ਸ਼ਾਮ ਆਪਣੇ ਕੰਮ ਵਿੱਚ ਚੰਗੀ ਤਰ੍ਹਾਂ ਪੱਕਾ ਹੋਇਆ ਹੈ।

(ੲ) ਵੱਡੀ ਉਮਰ ਦਾ – ਮੁੰਡਾ ਦੇਖਣ ਨੂੰ ਛੋਟਾ ਲੱਗਦਾ ਹੈ ਪਰ ਹੈ ਉਮਰ ਦਾ ਪੱਕਾ।

**39. ਪੱਟੀ :**

(ੳ) ਤਖ਼ਤੀ – ਮਾਸਟਰ ਜੀ ਨੇ ਮੈਨੂੰ ਪੱਟੀ ਉੱਪਰ ਕਲਮ ਨਾਲ਼ ਲਿਖਣ ਲਈ ਕਿਹਾ।

(ਅ) ਬਰਬਾਦ ਕੀਤੀ – ਮੁਸ਼ਟੰਡਿਆਂ ਦੀ ਪੱਟੀ ਸ਼ੀਲਾ ਕਿਸੇ ਪਾਸੇ ਜੋਗੀ ਨਾ ਰਹੀ।

(ੲ) ਲੀਰ – ਮੈਂ ਜ਼ਖ਼ਮ ਉੱਪਰ ਪੱਟੀ ਬੰਨ੍ਹੀ।

**40. ਫੁੱਟ :**

(ੳ) ਫਲ਼ – ਫੁੱਟ ਦਾ ਸੁਆਦ ਫਿੱਕਾ ਹੁੰਦਾ ਹੈ।

(ਅ) ਅਜੋੜਤਾ – ਹਿੰਦੂ-ਮੁਸਲਮਾਨਾਂ ਦੀ ਫੁੱਟ ਭਾਰਤ ਦੇ ਟੋਟੇ ਕਰਨ ਦਾ ਕਾਰਨ ਬਣੀ।

(ੲ) ਉੱਗਣਾ – ਖੇਤ ਵਿੱਚ ਬੀਜੇ ਕਣਕ ਦੇ ਦਾਣੇ ਫੁੱਟ ਪਏ ਹਨ !

**41. ਫੁੱਲ :**

(ੳ) ਹੱਡੀਆਂ – ਉਸ ਨੇ ਆਪਣੀ ਮਾਂ ਦੇ ਫੁੱਲ ਗੰਗਾ ਵਿੱਚ ਪਾਏ।

(ਅ) ਖ਼ੁਸ਼ ਹੋਣਾ – ਮੈਂ ਉਸ ਦੀ ਜ਼ਰਾ ਕੁ ਖ਼ੁਸ਼ਾਮਦ ਕੀਤੀ ਤੇ ਉਹ ਫੁੱਲ ਗਿਆ।

(ੲ) ਪੌਦੇ ਦਾ ਸੁੰਦਰ ਭਾਗ – ਇਹ ਗੁਲਾਬ ਦਾ ਫੁੱਲ ਹੈ।

**42. ਬੋਲੀ :**

(ੳ) ਭਾਸ਼ਾ - ਸਾਡੀ ਬੋਲੀ ਪੰਜਾਬੀ ਹੈ।

(ਅ) ਕਹਿਣ ਲੱਗੀ - ਹਰਪ੍ਰੀਤ ਬੋਲੀ, "ਮੈਂ ਅੱਜ ਸਕੂਲ ਨਹੀਂ ਜਾਵਾਂਗੀ।"

(ੲ) ਤਾਹਨਾ - ਉਸ ਦੀ ਬੋਲੀ ਮੇਰਾ ਸੀਨਾ ਚੀਰ ਗਈ।

**43. ਭਰ :**

(ੳ) ਲਗ-ਪਗ - ਮੈਨੂੰ ਸੇਰ ਭਰ ਆਟਾ ਦਿਓ।

(ਅ) ਪੂਰਾ ਕਰਨਾ - ਮੈਂ ਤੇਰਾ ਸਾਰਾ ਨੁਕਸਾਨ ਭਰ ਦੇਵਾਂਗਾ।

(ੲ) ਪੱਕਣਾ - ਮੇਰਾ ਜ਼ਖ਼ਮ ਪਾਣੀ ਪੈ ਕੇ ਭਰ ਗਿਆ ਹੈ।

**44. ਰੱਖ :**

(ੳ) ਜੰਗਲ਼ - ਚਰਵਾਹੇ ਰੱਖ ਵਿੱਚ ਪਸ਼ੂ ਚਾਰ ਰਹੇ ਹਨ।

(ਅ) ਰੱਖਣਾ - ਕਿਤਾਬ ਮੇਜ਼ ਉੱਪਰ ਰੱਖ ਦਿਓ।

(ੲ) ਤਵੀਤ - ਮੈਂ ਬੱਚੇ ਦੇ ਗਲ਼ ਵਿੱਚ ਰੱਖ ਪਾਈ ਹੋਈ ਹੈ।

**45. ਲੜ :**

(ੳ) ਡੰਗ ਮਾਰਨਾ - ਮੇਰੇ ਮੱਛਰ ਲੜ ਰਿਹਾ ਹੈ।

(ਅ) ਝਗੜਾ ਕਰਨਾ - ਮੇਰਾ ਗੁਆਂਢੀ ਐਵੇਂ ਹੀ ਮੇਰੇ ਨਾਲ਼ ਲੜ ਪਿਆ।

(ੲ) ਪੱਲਾ - ਵਹੁਟੀ ਨੂੰ ਲਾੜੇ ਦਾ ਲੜ ਫੜਾ ਕੇ ਘਰੋਂ ਤੋਰ ਦਿੱਤਾ ਗਿਆ।

**46. ਲਾਂਵਾਂ :**

(ੳ) ਫੇਰੇ - ਭਾਈ ਨੇ ਲਾਂਵਾਂ ਪੜ੍ਹ ਕੇ ਮੁੰਡੇ-ਕੁੜੀ ਦਾ ਵਿਆਹ ਕਰ ਦਿੱਤਾ।

(ਅ) ਪੰਜਾਬੀ ਦੀ ਇੱਕ ਲਗ - ਹੋੜੇ ਅਤੇ ਕਨੌੜੇ ਵਾਂਗ ਲਾਂਵਾਂ ਵੀ ਅੱਖਰ ਦੇ ਉੱਪਰ ਲੱਗਦੀਆਂ ਹਨ।

(ੲ) ਰੱਸੀਆਂ - ਇਸ ਤੱਕੜੀ ਦੀਆਂ ਲਾਂਵਾਂ ਟੁੱਟਣ ਵਾਲ਼ੀਆਂ ਹਨ।

**47. ਵੱਟ :**

(ੳ) ਗਰਮੀ - ਅੱਜ ਬੜਾ ਵੱਟ ਹੈ।

(ਅ) ਬੰਨਾ - ਮੈਂ ਖੇਤ ਦੀ ਵੱਟ ਉੱਪਰ ਤੁਰ ਰਿਹਾ ਸਾਂ।

(ੲ) ਵਲ਼ - ਪ੍ਰੈਸ ਨਾਲ਼ ਕੱਪੜੇ ਦੇ ਵੱਟ ਕੱਢੋ।

48. **ਵਾਰ :**

(ੳ) ਦਿਨ - ਅੱਜ ਕੀ ਵਾਰ ਹੈ?

(ਅ) ਹਮਲਾ - ਉਸ ਨੇ ਮੇਰੇ ਉੱਪਰ ਤਲਵਾਰ ਦਾ ਵਾਰ ਕੀਤਾ।

(ੲ) ਕੁਰਬਾਨ ਕਰਨਾ - ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਦੀ ਖ਼ਾਤਰ ਆਪਣਾ ਸਿਰ ਵਾਰ ਦਿੱਤਾ।

49. **ਵਾਹ :**

(ੳ) ਜਤਨ - ਮੈਂ ਆਪਣੀ ਪੂਰੀ ਵਾਹ ਲਾਈ ਹੈ ਪਰ ਕੰਮ ਨਹੀਂ ਬਣਿਆ।

(ਅ) ਵਡਿਆਈ - ਉਸ ਦੀ ਸਾਰੇ ਪਿੰਡ ਵਿੱਚ ਵਾਹ-ਵਾਹ ਹੋ ਗਈ।

(ੲ) ਵਾਹੁਣਾ - ਦੱਬ ਕੇ ਵਾਹ ਤੇ ਰੱਜ ਕੇ ਖਾਹ।

50. **ਵੇਲ :**

(ੳ) ਰੁੱਖਾਂ ਜਾਂ ਕੰਧਾਂ ਉੱਪਰ ਚੜ੍ਹਨ ਵਾਲ਼ਾ ਪੌਦਾ - ਇਹ ਅੰਗੂਰ ਦੀ ਵੇਲ ਹੈ।

(ਅ) ਵਾਰਨਾ - ਖ਼ੁਸਰੇ ਨੇ ਮੇਰੇ ਦਿੱਤੇ ਦਸ ਰੁਪਇਆਂ ਦੀ ਵੇਲ ਕੀਤੀ।

(ੲ) ਵੇਲਣਾ - ਰੋਟੀ ਨੂੰ ਵੇਲ ਕੇ ਤਵੇ 'ਤੇ ਪਾਓ।

## ਅਭਿਆਸ

1. **'ਦੌਰੇ' ਦੇ ਬਹੁਅਰਥਕ ਦਾ ਸਹੀ ਜੁੱਟ ਨਹੀਂ ਹੈ:**

(ੳ) ਸੈਰ, ਬਿਮਾਰੀ
(ਅ) ਬਿਮਾਰੀ, ਵੱਡਾ ਭਾਂਡਾ
(ੲ) ਵੱਡਾ ਭਾਂਡਾ, ਸੈਰ
(ਸ) ਭੱਜਣਾ, ਸੈਰ

2. **'ਵਾਰ' ਦੇ ਬਹੁਅਰਥਕ ਦਾ ਸਹੀ ਜੁੱਟ ਹੈ:**

(ੳ) ਹਮਲਾ, ਦਿਨ
(ਅ) ਦਿਨ, ਪੜ੍ਹਨਾ
(ੲ) ਨਿਛਾਵਰ, ਭਾਂਜ
(ਸ) ਹਮਲਾ, ਤਰਨਾ

3. **'ਘੜੀ' ਦੇ ਬਹੁਅਰਥਕ ਦਾ ਸਹੀ ਜੁੱਟ ਨਹੀਂ ਹੈ:**

(ੳ) ਸਮਾਂ ਦੱਸਣ ਵਾਲ਼ਾ ਯੰਤਰ, ਕਲਮ ਛਿੱਲਣ ਦੀ ਪ੍ਰਕਿਰਿਆ
(ਅ) ਇੱਕ ਪੁਰਾਣਾ ਵਾਹਨ, ਸਮਾਂ ਦੱਸਣ ਵਾਲ਼ਾ ਯੰਤਰ
(ੲ) ਸਮੇਂ ਦਾ ਅੰਸ਼, ਛੋਟਾ ਘੜਾ
(ਸ) ਸਮਾਂ ਦੱਸਣ ਵਾਲ਼ਾ ਯੰਤਰ, ਸਮੇਂ ਦਾ ਅੰਸ਼

4. **‘ਕੋਟ’ ਦੇ ਬਹੁਅਰਥਕ ਦਾ ਸਹੀ ਜੁੱਟ ਹੈ:**

(ੳ) ਕਰੋੜ, ਰੰਗ (ਅ) ਪਹਿਰਾਵਾ, ਉੱਚਾ

(ੲ) ਪਹਿਰਾਵਾ, ਕਰੋੜ (ਸ) ਫ਼ੈਸਲੇ ਦੀ ਥਾਂ, ਵਕੀਲਾਂ ਦਾ ਘਰ

5. **‘ਉੱਤਰ’ ਦੇ ਬਹੁਅਰਥਕ ਦਾ ਸਹੀ ਜੁੱਟ ਨਹੀਂ ਹੈ:**

(ੳ) ਪ੍ਰਸ਼ਨ, ਜਵਾਬ (ਅ) ਦਿਸ਼ਾ, ਉੱਤਰਨਾ

(ੲ) ਜਵਾਬ, ਦਿਸ਼ਾ (ਸ) ਲਹਿਣਾ, ਜਵਾਬ

## ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

ਭਾਸ਼ਾ ਵਿੱਚ ਜਦੋਂ ਕਿਸੇ ਵੱਡੀ ਜਾਂ ਲੰਮੀ ਗੱਲ ਨੂੰ ਸਿਰਫ਼ ਇੱਕ ਸ਼ਬਦ ਦੀ ਵਰਤੋਂ ਨਾਲ਼ ਸਪਸ਼ਟ ਕਰ ਦਿੱਤਾ ਜਾਵੇ ਤਾਂ ਉਹਨਾਂ ਨੂੰ ‘ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ’ ਕਿਹਾ ਜਾਂਦਾ ਹੈ। ਇਹਨਾਂ ਸ਼ਬਦਾਂ ਦੀ ਵਰਤੋਂ ਨਾਲ਼ ਸ਼ਬਦਾਵਲੀ ਦੇ ਭੰਡਾਰ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਘੱਟ ਸ਼ਬਦਾਂ ਵਿੱਚ ਆਪਣੀ ਗੱਲ ਨੂੰ ਮੁਕੰਮਲ ਰੂਪ ਵਿੱਚ ਕਿਹਾ ਜਾ ਸਕਦਾ ਹੈ। ਪੰਜਾਬੀ ਵਿਆਕਰਨ ਨਾਲ਼ ਸੰਬੰਧਿਤ ਇਹ ਭਾਗ ਹਰੇਕ ਰਾਜ-ਭਾਸ਼ਾ ਦਾ ਅਹਿਮ ਅੰਗ ਹੈ ਜਿਸ ਦੀ ਵਰਤੋਂ ਅਤੇ ਗਿਆਨ ਸਦਕਾ ਕੋਈ ਵੀ ਵਿਅਕਤੀ ਆਪਣੀ ਗੱਲ ਨੂੰ ਬਿਨਾਂ ਵਕਤ ਗੁਆਏ ਸੰਜਮ ਅਤੇ ਸੰਖੇਪਤਾ ਨਾਲ਼ ਪੇਸ਼ ਕਰ ਸਕਦਾ ਹੈ। ਪੰਜਾਬੀ ਭਾਸ਼ਾ ਵਿੱਚ ਰੋਜ਼ਾਨਾ ਦੀ ਜ਼ਿੰਦਗੀ ਜਾਂ ਸਧਾਰਨ ਜੀਵਨ ਵਿੱਚ ਜਨ-ਸਧਾਰਨ ਦੁਆਰਾ ਬੋਲ-ਚਾਲ ਜਾਂ ਭਾਵਾਂ ਦੀ ਪੇਸ਼ਕਾਰੀ ਨਾਲ਼ ਸੰਬੰਧਿਤ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1. | ਜਿਹੜਾ ਰੱਬ ਵਿੱਚ ਵਿਸ਼ਵਾਸ ਰੱਖਦਾ ਹੋਵੇ | ਆਸਤਿਕ |
| 2. | ਜਿਹੜਾ ਰੱਬ ਵਿੱਚ ਵਿਸ਼ਵਾਸ ਨਾ ਰੱਖਦਾ ਹੋਵੇ | ਨਾਸਤਿਕ |
| 3. | ਲਗਾਤਾਰ ਕੀਤਾ ਜਾਣ ਵਾਲ਼ਾ ਪਾਠ | ਅਖੰਡ-ਪਾਠ |
| 4. | ਬਿਨਾਂ ਸਮੇਂ ਦੀ ਸੀਮਾ ਵਿੱਚ ਕੀਤਾ ਜਾਣ ਵਾਲ਼ਾ ਪਾਠ | ਖੁੱਲ੍ਹਾ-ਪਾਠ |
| 5. | ਜਿਹੜਾ ਪੜ੍ਹਿਆ ਨਾ ਹੋਵੇ | ਅਨਪੜ੍ਹ |
| 6. | ਜਿਸ ਨੂੰ ਸਾਰੇ ਪਿਆਰ ਕਰਦੇ ਹੋਣ | ਹਰਮਨ-ਪਿਆਰਾ |
| 7. | ਵਧੇਰੇ ਗੱਲਾਂ ਕਰਨ ਵਾਲ਼ਾ | ਗਾਲੜੀ |
| 8. | ਜੋ ਸਾਰੀ ਦੁਨੀਆ ਨਾਲ਼ੋਂ ਸੰਬੰਧ ਤੋੜ ਲਵੇ | ਤਿਆਗੀ |
| 9. | ਜਿਸ ਵਿੱਚ ਬਹੁਤ ਗੁਣ ਹੋਣ | ਗੁਣਕਾਰੀ |

| | | |
|---|---|---|
| 10. | ਜਿਸ ਵਿੱਚ ਸਾਰੀਆਂ ਸ਼ਕਤੀਆਂ ਹੋਣ | ਸਰਬ-ਸ਼ਕਤੀਮਾਨ |
| 11. | ਕਿਤਾਬਾਂ ਦੀ ਸੂਚੀ | ਸੂਚੀ-ਪੱਤਰ/ਪੁਸਤਕ-ਸੂਚੀ |
| 12. | ਜੋ ਕਿਸੇ ਦੀ ਕੀਤੀ ਨੇਕੀ ਨਾ ਜਾਣੇ | ਅਕ੍ਰਿਤਘਣ |
| 13. | ਪਿੰਡ ਦੀ ਸਾਂਝੀ ਜਮੀਨ | ਸ਼ਾਮਲਾਟ |
| 14. | ਮਿੱਟੀ ਦੇ ਭਾਂਡੇ ਬਣਾਉਣ ਵਾਲ਼ਾ | ਘੁਮਿਆਰ |
| 15. | ਜੋ ਖੇਡਾਂ ਵਿੱਚ ਭਾਗ ਲੈਂਦਾ ਹੋਵੇ | ਖਿਡਾਰੀ |
| 16. | ਨਾਵਲ ਲਿਖਣ ਵਾਲ਼ਾ | ਨਾਵਲਕਾਰ |
| 17. | ਜੋ ਵਿਅਕਤੀ ਚੋਰੀ ਖ਼ਬਰਾਂ ਦੂਸਰੇ ਦੇਸਾਂ ਨੂੰ ਭੇਜਦਾ ਹੋਵੇ | ਜਸੂਸ |
| 18. | ਜੋ ਵਿਅਕਤੀ ਭਵਿਖ ਦੀਆਂ ਗੱਲਾਂ ਦੱਸੇ | ਜੋਤਸ਼ੀ |
| 19. | ਜਿਹੜਾ ਮਨੁੱਖ ਲੋਹੇ ਦਾ ਕੰਮ ਕਰਦਾ ਹੋਵੇ | ਲੁਹਾਰ |
| 20. | ਜਿਹੜਾ ਮਨੁੱਖ ਲੱਕੜ ਦਾ ਕੰਮ ਕਰਦਾ ਹੋਵੇ | ਤਰਖਾਣ |
| 21. | ਜਿਹੜਾ ਵਿਅਕਤੀ ਧਾਤ/ਪਿੱਤਲ਼ ਤੋਂ ਭਾਂਡੇ ਬਣਾਉਂਦਾ ਹੋਵੇ | ਠਠਿਆਰਾ |
| 22. | ਜਿਹੜਾ ਮਨੁੱਖ ਬੂਟਿਆਂ ਦੀ ਦੇਖ-ਭਾਲ਼ ਕਰਦਾ ਹੋਵੇ | ਮਾਲੀ |
| 23. | ਜਿਹੜਾ ਮਨੁੱਖ ਚੂੜੀਆਂ ਵੇਚਦਾ ਹੋਵੇ | ਵਣਜਾਰਾ |
| 24. | ਜਿਸ ਥਾਂ ਸਾਰੇ ਜਾਨਵਰ/ਪੰਛੀ ਰੱਖੇ ਜਾਂਦੇ ਹਨ | ਚਿੜੀਆ-ਘਰ |
| 25. | ਦੂਸਰਿਆਂ ਦੇ ਦਿਲਾਂ ਦੀਆਂ ਜਾਣਨ ਵਾਲ਼ਾ | ਅੰਤਰਜਾਮੀ |
| 26. | ਜਿਸ ਜ਼ਮੀਨ ’ਤੇ ਬਹੁਤ ਫ਼ਸਲ ਹੁੰਦੀ ਹੋਵੇ | ਉਪਜਾਊ |
| 27. | ਜੋ ਮਾਸ ਖਾਂਦਾ ਹੋਵੇ | ਮਾਸਾਹਾਰੀ |
| 28. | ਜੋ ਮਾਸ ਨਾ ਖਾਂਦਾ ਹੋਵੇ | ਸ਼ਾਕਾਹਾਰੀ |
| 29. | ਜਿਹੜਾ ਵਿਅਕਤੀ ਭਰੋਸਾ ਤੋੜ ਦੇਵੇ | ਵਿਸ਼ਵਾਸਘਾਤੀ |
| 30. | ਪਹਿਲਵਾਨਾਂ ਦੇ ਘੁਲ਼ਨ ਦੀ ਥਾਂ | ਅਖਾੜਾ |
| 31. | ਚਰਖਾ ਕੱਤਦੀਆਂ ਕੁੜੀਆਂ ਦਾ ਇਕੱਠ | ਤ੍ਰਿੰਞਣ |
| 32. | ਜੋ ਚੰਗੇ ਕਰਮ ਕਰਦਾ ਹੋਵੇ | ਸਦਾਚਾਰੀ |

| | | |
|---|---|---|
| 33. | ਜੋ ਮਨੁੱਖ ਬਹੁਤ ਸ਼ਰਾਰਤਾਂ ਕਰਦਾ ਹੋਵੇ | ਸ਼ਰਾਰਤੀ |
| 34. | ਦੂਸਰਿਆਂ ਦਾ ਭਲਾ ਕਰਨ ਵਾਲ਼ਾ | ਪਰਉਪਕਾਰੀ |
| 35. | ਜਿਸ ਨੂੰ ਕੋਈ ਜਿੱਤ ਨਾ ਸਕੇ | ਅਜਿੱਤ |
| 36. | ਜੋ ਆਗਿਆ ਦਾ ਪਾਲਣ ਕਰੇ | ਆਗਿਆਕਾਰੀ |
| 37. | ਜਿਸ ਔਰਤ ਦਾ ਪਤੀ ਮਰ ਚੁੱਕਾ ਹੋਵੇ | ਵਿਧਵਾ |
| 38. | ਜਿਸ ਔਰਤ ਦਾ ਪਤੀ ਜ਼ਿੰਦਾ ਹੋਵੇ | ਸੁਹਾਗਣ |
| 39. | ਜਿਸ ਨੂੰ ਵਧੇਰੇ ਗ਼ੁੱਸਾ ਆਉਂਦਾ ਹੋਵੇ | ਗ਼ੁੱਸੇਖੋਰ |
| 40. | ਜੋ ਦੇਸ ਦੇ ਕਨੂੰਨ ਨੂੰ ਨਾ ਮੰਨਦਾ ਹੋਵੇ | ਬਾਗ਼ੀ/ਆਕੀ |
| 41. | ਵਿਆਹ ਸਮੇਂ ਕੁੜੀ ਦੇ ਘਰ ਗਾਏ ਜਾਣ ਵਾਲ਼ੇ ਗੀਤ | ਸੁਹਾਗ |
| 42. | ਵਿਆਹ ਸਮੇਂ ਮੁੰਡੇ ਦੇ ਘਰ ਗਾਏ ਜਾਣ ਵਾਲ਼ੇ ਗੀਤ | ਘੋੜੀਆਂ |
| 43. | ਜਿਸ ਦਾ ਅਜੇ ਵਿਆਹ ਨਾ ਹੋਇਆ ਹੋਵੇ | ਕੁਆਰਾ |
| 44. | ਜਿਸ ਬੰਦੂਕ ਦੀਆਂ ਦੋ ਨਾਲ਼ੀਆਂ ਹੋਣ | ਦੁਨਾਲ਼ੀ |
| 45. | ਪਤੀ ਦੀ ਦੂਸਰੀ ਪਤਨੀ | ਸੌਂਕਣ |
| 46. | ਜਿਸ ਥਾਂ ’ਤੇ ਸਵੇਰੇ ਸਬਜ਼ੀ ਦੀ ਬੋਲੀ ਹੁੰਦੀ ਹੈ | ਸਬਜ਼ੀ-ਮੰਡੀ |
| 47. | ਜਿਸ ਬਿਮਾਰੀ ਦਾ ਇਲਾਜ ਨਾ ਹੋ ਸਕਦਾ ਹੋਵੇ | ਲਾਇਲਾਜ |
| 48. | ਜਿਸ ਵਿਅਕਤੀ ਵਿੱਚ ਸੋਚ-ਵਿਚਾਰ ਦੀ ਸਮਰੱਥਾ ਨਾ ਹੋਵੇ | ਮੂਰਖ |
| 49. | ਮੌਤ ਮਗਰੋਂ ਆਇਆ ਸਲਾਨਾ ਮੌਤ ਦਾ ਦਿਨ | ਬਰਸੀ |
| 50. | ਜਿਸ ’ਤੇ ਵਿਸ਼ਵਾਸ ਕੀਤਾ ਜਾ ਸਕਦਾ ਹੋਵੇ | ਭਰੋਸੇਯੋਗ |

## ਅਭਿਆਸ

**ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ।**

1. **ਜਿਹੜਾ ਪਰਮਾਤਮਾ ਵਿੱਚ ਯਕੀਨ ਰੱਖੇ :**

(ੳ) ਆਸਤਿਕ (ਅ) ਨਾਸਤਿਕ (ੲ) ਸੰਤ (ਸ) ਮਹਾਤਮਾ

**2. ਵਿਆਹ ਸਮੇਂ ਕੁੜੀ ਦੇ ਘਰ ਗਾਏ ਜਾਣ ਵਾਲ਼ੇ ਗੀਤ :**

(ੳ) ਘੋੜੀਆਂ (ਅ) ਗੀਤ (ੲ) ਸੁਹਾਗ (ਸ) ਸੰਗੀਤ

**3. ਜੋ ਦੇਸ ਦੇ ਕਨੂੰਨ ਨੂੰ ਨਾ ਮੰਨਦਾ ਹੋਵੇ :**

(ੳ) ਅੱਤਵਾਦੀ (ਅ) ਦੇਸ-ਧ੍ਰੋਹੀ (ੲ) ਬਾਗ਼ੀ (ਸ) ਕਾਤਿਲ

**4. ਦੂਸਰਿਆਂ ਦੇ ਦਿਲਾਂ ਦੀਆਂ ਜਾਨਣ ਵਾਲ਼ਾ :**

(ੳ) ਪੰਡਤ (ਅ) ਕਾਜ਼ੀ (ੲ) ਅੰਤਰਜਾਮੀ (ਸ) ਪਰਮਾਤਮਾ

**5. ਮਿੱਟੀ ਦੇ ਭਾਂਡੇ ਬਣਾਉਣ ਵਾਲ਼ਾ :**

(ੳ) ਘੁਮਿਆਰ (ਅ) ਸੁਨਿਆਰ (ੲ) ਲੁਹਾਰ (ਸ) ਮਿਸਤਰੀ

## ਅਖਾਣ

ਅਖਾਣਾਂ ਨੂੰ ਅਖਾਉਤਾਂ ਵੀ ਕਿਹਾ ਜਾਂਦਾ ਹੈ। ਅਖਾਣ ਕਿਸੇ ਭਾਸ਼ਾ ਦੀ ਅਸਲ ਸ਼ਕਤੀ ਹੁੰਦੇ ਹਨ। ਇਹਨਾਂ ਵਿੱਚ ਉਸ ਭਾਸ਼ਾ ਨੂੰ ਬੋਲਣ ਵਾਲ਼ਿਆਂ ਦੀਆਂ ਅਣਗਿਣਤ ਪੀੜ੍ਹੀਆਂ ਦਾ ਅਨੁਭਵ ਸਮਾਇਆ ਹੁੰਦਾ ਹੈ। ਅਖਾਣ ਲੋਕ-ਸੂਝ ਦਾ ਭੰਡਾਰ ਹੁੰਦੇ ਹਨ। ਅਸਲ ਵਿੱਚ ਅਖਾਣ ਕਿਸੇ ਭਾਸ਼ਾ ਦੇ ਲੋਕਾਂ ਦਾ ਉਹ ਸੱਭਿਆਚਾਰਿਕ ਵਿਰਸਾ ਹੁੰਦੇ ਹਨ ਜਿਸ ਵਿੱਚੋਂ ਬੀਤੇ ਸਮੇਂ ਦੇ ਸਮਾਜਿਕ, ਧਾਰਮਿਕ ਅਤੇ ਆਰਥਿਕ ਜੀਵਨ ਦਾ ਪ੍ਰਤਿਬਿੰਬ ਝਲਕਦਾ ਹੈ। ਕਿਸੇ ਭਾਸ਼ਾ ਨੂੰ ਬੋਲਣ ਵਾਲ਼ੇ ਲੋਕ ਆਮ ਬੋਲ-ਚਾਲ ਵਿੱਚ ਅਖਾਣਾਂ ਦੀ ਵਰਤੋਂ ਕਰਦੇ ਹਨ। ਅਖਾਣਾਂ ਰਾਹੀਂ ਉਹ ਆਪਣੀ ਕਹੀ ਗੱਲ ਨੂੰ ਵਜ਼ਨਦਾਰ ਅਤੇ ਪ੍ਰਮਾਣਿਕ ਬਣਾਉਣ ਦਾ ਜਤਨ ਕਰਦੇ ਹਨ। ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੀ ਕਲਾ ਅਖਾਣਾਂ ਦੇ ਕਣ-ਕਣ ਵਿੱਚ ਰਚੀ ਹੁੰਦੀ ਹੈ।

ਕਿਸੇ ਅਖਾਣ ਦਾ ਜਨਮ ਇੱਕ ਗੁੰਝ਼ਲਦਾਰ ਪ੍ਰਕਿਰਿਆ ਹੈ। ਜਿਵੇਂ ਦਰਿਆ ਦੇ ਵਹਿਣ ਵਿੱਚ ਰਿੜ੍ਹ-ਰਿੜ੍ਹ, ਘਸ-ਘਸ ਕੇ ਪੱਥਰ ਮੁਲਾਇਮ ਹੋ ਜਾਂਦੇ ਹਨ, ਤਿਵੇਂ ਹੀ ਪੀੜ੍ਹੀ-ਦਰ-ਪੀੜ੍ਹੀ ਲੋਕ-ਪ੍ਰਵਾਨਗੀ ਪ੍ਰਾਪਤ ਕਰਕੇ ਇਹ ਅਖਾਣ ਵੀ ਆਪਣਾ ਮੌਜੂਦਾ ਪਿਆਰਾ ਰੂਪ ਇਖ਼ਤਿਆਰ ਕਰਦੇ ਹਨ। ਮੂਲ-ਕਰਤਾ ਇਸ ਵਿੱਚੋਂ ਗ਼ਾਇਬ ਹੋ ਜਾਂਦਾ ਹੈ ਅਤੇ ਇਹ ਲੋਕ-ਸਮੂਹ ਦੀ ਸਾਂਝੀ ਜਗੀਰ ਬਣ ਜਾਂਦੇ ਹਨ। ਇਹਨਾਂ ਦੀ ਵਰਤੋਂ ਪਿੱਛੇ ਕੋਈ ਨਾ ਕੋਈ ਠੋਸ ਆਧਾਰ/ਵਿਚਾਰ ਹੁੰਦਾ ਹੈ ਅਤੇ ਇਹਨਾਂ ਨੂੰ ਬਿਨਾਂ ਕਿਸੇ ਬਦਲਾਅ ਦੇ ਵਰਤਿਆ ਜਾਂਦਾ ਹੈ ਭਾਵ ਕਿ ਲਿੰਗ ਅਤੇ ਵਚਨ ਵਿੱਚ ਕੋਈ ਵੀ ਤਬਦੀਲੀ ਨਹੀਂ ਹੁੰਦੀ ਸਗੋਂ ਜਿਉਂ ਦਾ ਤਿਉਂ ਵਰਤਿਆ ਜਾਂਦਾ ਹੈ। ਅਖਾਣ ਦੀ ਵਰਤੋਂ ਲਈ ਸਿੱਧ-ਪੱਧਰਾ ਵਾਕ ਨਹੀਂ ਬਣਾਇਆ ਜਾਂਦਾ ਸਗੋਂ ਇੱਕ ਪੂਰਾ ਪ੍ਰਸੰਗ ਸਿਰਜਿਆ ਜਾਂਦਾ ਹੈ ਅਤੇ ਪੈਦਾ ਹੋਈ ਸਥਿਤੀ ਵਿੱਚ ਹੀ ਢੁਕਵਾਂ ਅਖਾਣ ਵਰਤਿਆ ਜਾਂਦਾ ਹੈ। ਪੰਜਾਬੀ ਭਾਸ਼ਾ ਵਿੱਚ ਵਰਤੇ ਜਾਂਦੇ ਕੁਝ ਅਖਾਣ ਹੇਠਾਂ ਦਿੱਤੇ ਗਏ ਹਨ:

1. ਉੱਠਿਆ ਜਾਵੇ ਨਾ ਫਿੱਟੇ-ਮੂੰਹ ਗੋਡਿਆਂ ਦੇ - ਕੰਮ ਆਪ ਤੋਂ ਨਾ ਹੋਣਾ, ਪਰ ਦੋਸ਼ ਦੂਜਿਆਂ ਨੂੰ ਦੇਣਾ।
2. ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲ਼ੀ - ਕਿਸੇ ਇਸਤਰੀ ਜਾਂ ਪੁਰਸ਼ ਦਾ ਹਰ ਥਾਂ ਅਤੇ ਹਰ ਕੰਮ ਵਿੱਚ ਚੌਧਰੀ ਬਣੇ ਫਿਰਨਾ ।
3. ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ - ਭੈੜੇ ਜਾਂ ਮਾੜੇ ਆਦਮੀ ਪਾਸੋਂ ਕਿਸੇ ਵੱਡੇ ਕੰਮ ਦੀ ਆਸ ਨਹੀਂ ਹੋ ਸਕਦੀ।
4. ਉੱਖਲ਼ ਪੁੱਤ ਨਾ ਜੰਮਦਾ ਧੀ ਕਾਣੀ ਚੰਗੀ - ਨਲਾਇਕ ਪੁੱਤਰ ਨਾਲ਼ੋਂ ਕਰੂਪ ਤੇ ਕਾਣੀ ਧੀ ਚੰਗੀ ਹੈ।
5. ਉਲਟੀ ਵਾੜ ਖੇਤ ਨੂੰ ਖਾਏ - ਜਦੋਂ ਰਖਵਾਲੇ ਹੀ ਨੁਕਸਾਨ ਕਰਨ ਲੱਗ ਜਾਣ।
6. ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ - ਜਿਹੜਾ ਜਾਣ-ਬੁੱਝ ਕੇ ਕਿਸੇ ਕਸ਼ਟ ਵਿੱਚ ਫਸ ਜਾਵੇ, ਉਸ ਦੀ ਮਦਦ ਕੋਈ ਨਹੀਂ ਕਰਦਾ।
7. ਆਪ ਮੀਆਂ ਮੰਗਤੇ ਬਾਹਰ ਖੜੇ ਦਰਵੇਸ਼ - ਗ਼ਰੀਬ ਕੋਲ਼ ਕਿਸੇ ਨੂੰ ਦੇਣ ਲਈ ਕੁਝ ਨਹੀਂ ਹੁੰਦਾ।
8. ਅੱਖੋਂ ਦਿਸੇ ਨਾ ਨਾਂ ਨੂਰ ਭਰੀ - ਕੰਮ ਕੁਝ ਵੀ ਨਹੀਂ ਪਰ ਗੱਪਾਂ ਵੱਡੀਆਂ-ਵੱਡੀਆਂ ਜਾਂ ਨਾਮ ਅਤੇ ਗੁਣਾਂ ਦਾ ਇੱਕ-ਦੂਜੇ ਦੇ ਉਲਟ ਹੋਣਾ।
9. ਇੱਕ ਇੱਕ ਤੇ ਦੋ ਗਿਆਰਾਂ - ਏਕੇ ਵਿੱਚ ਬਰਕਤ ਹੁੰਦੀ ਹੈ।
10. ਇੱਕ ਨਿੰਬੂ ਪਿੰਡ ਭੁੱਖਿਆਂ ਦਾ - ਚੀਜ਼ ਥੋੜ੍ਹੀ ਹੋਵੇ ਪਰ ਲੋੜਵੰਦ ਵੱਧ ਹੋਣ।
11. ਇੱਕ ਅਨਾਰ ਸੌ ਬਿਮਾਰ - ਚੀਜ਼ ਥੋੜ੍ਹੀ ਹੋਵੇ ਪਰ ਲੋੜਵੰਦ ਵੱਧ ਹੋਣ।
12. ਇੱਕ ਚੁੱਪ ਸੌ ਸੁੱਖ - ਕਈ ਵਾਰ ਚੁੱਪ ਰਹਿਣ ਵਿੱਚ ਹੀ ਸੁੱਖ ਹੁੰਦਾ ਹੈ।
13. ਇੱਕ ਮਿਆਨ ਤੇ ਦੋ ਤਲਵਾਰਾਂ - ਜਿਵੇਂ ਇੱਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਆ ਸਕਦੀਆਂ ਉਸੇ ਤਰ੍ਹਾਂ ਦੋ ਤਕੜੇ ਜਾਂ ਡਾਢੇ ਬੰਦੇ ਵੀ ਇੱਕ ਥਾਂ ਰਲ਼ ਕੇ ਨਹੀਂ ਰਹਿ ਸਕਦੇ।
14. ਸੱਪ ਦਾ ਬੱਚਾ ਸਪੋਲ਼ੀਆ - ਭੈੜੇ ਮਾਪਿਆਂ ਦੀ ਉਲ਼ਾਦ ਵੀ ਭੈੜੀ ਹੀ ਹੁੰਦੀ ਹੈ।
15. ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ - ਬਿਨਾਂ ਬੁਲਾਏ ਕਿਸੇ ਕੰਮ ਵਿੱਚ ਦਖ਼ਲ ਦੇਣਾ।
16. ਬਾਹਰਲੀ ਸਾਰੀ ਨਾਲ਼ੋਂ ਘਰ ਦੀ ਅੱਧੀ ਚੰਗੀ - ਘਰ ਦੀ ਥੋੜ੍ਹੀ ਚੀਜ਼ ਬਾਹਰ ਦੀ ਬਹੁਤੀ ਨਾਲ਼ੋਂ ਚੰਗੀ ਹੁੰਦੀ ਹੈ।
17. ਸੌ ਹੱਥ ਰੱਸਾ ਸਿਰੇ ’ਤੇ ਗੰਢ - ਲੰਮੀ ਗੱਲ ਦਾ ਇੱਕੋ ਸਿੱਟਾ ਨਿਕਲ਼ਦਾ ਹੈ, ਅੰਤ ਗੱਲ ਉਸੇ ਸੱਚ ਜਾਂ ਟਿਕਾਣੇ ’ਤੇ ਆ ਕੇ ਹੀ ਮੁੱਕਦੀ ਹੈ।

| | |
|---|---|
| 18. ਸੌ ਸੁਨਿਆਰ ਦੀ ਇੱਕ ਲੁਹਾਰ ਦੀ | - ਤਕੜੇ ਦਾ ਇੱਕੋ ਵਾਰ ਕਮਜ਼ੋਰ ਦੇ ਸੌ ਵਾਰਾਂ ਵਰਗਾ ਹੁੰਦਾ ਹੈ। |
| 19. ਸੱਪ ਦਾ ਡੰਗਿਆ ਰੱਸੀ ਤੋਂ ਵੀ ਡਰਦਾ ਹੈ | - ਜਦੋਂ ਕੋਈ ਬੰਦਾ ਇੱਕ ਵਾਰ ਧੋਖਾ ਖਾ ਲਵੇ ਤਾਂ ਅੱਗੇ ਤੋਂ ਹਰ ਕੰਮ ਸੁਚੇਤ ਹੋ ਕੇ ਕਰਦਾ ਹੈ। |
| 20. ਹੱਥਾਂ ਦੀਆਂ ਦਿੱਤੀਆਂ<br>ਦੰਦਾਂ ਨਾਲ਼ ਖੋਲ੍ਹਣੀਆਂ ਪੈਂਦੀਆਂ ਹਨ | - ਪਹਿਲਾਂ ਕੰਮ ਵਿਗਾੜ ਕੇ<br>ਮੁੜ ਆਪ ਹੀ ਸੁਆਰਨਾ ਪੈਂਦਾ ਹੈ। |
| 21. ਹਾਥੀ ਦੇ ਦੰਦ ਖਾਣ ਦੇ ਹੋਰ ਦਿਖਾਣ ਦੇ ਹੋਰ | - ਉੱਪਰੋਂ ਹੋਰ ਦਿਲੋਂ ਹੋਰ। |
| 22. ਹੀਲੇ ਰਿਜ਼ਕ ਬਹਾਨੇ ਮੌਤ | - ਰਿਜ਼ਕ ਕਿਸੇ ਵਸੀਲੇ ਜਾਂ ਉੱਦਮ ਨਾਲ਼ ਹੀ ਮਿਲ਼ਦਾ ਹੈ ਅਤੇ ਮੌਤ ਕੇਵਲ ਬਦਲਾ ਹੀ ਲੱਭਦੀ ਹੈ। |
| 23. ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ | - ਪਰਾਇਆ ਹੱਕ ਖਾਣਾ ਧਰਮੀ ਬੰਦੇ ਲਈ ਸਭ ਤੋਂ ਵੱਡਾ ਪਾਪ ਹੈ। |
| 24. ਹੋਛੇ ਜੱਟ ਕਟੋਰਾ ਲੱਭਾ ਪਾਣੀ ਪੀ-ਪੀ ਆਫਰਿਆ | - ਹੋਛਾ ਆਦਮੀ ਹੋਛੀਆਂ ਗੱਲਾਂ ਕਰਦਾ ਹੈ ਅਤੇ ਆਪਣੇ ਵਿੱਤ ਤੋਂ ਵਧ ਕੇ ਮਿਲ਼ੀ ਚੀਜ਼ ਦੀ ਦੁਰਵਰਤੋਂ ਕਰਦਾ ਹੈ ਅਤੇ ਅੰਤ ਵਿੱਚ ਪਛਤਾਉਂਦਾ ਹੈ। |
| 25. ਹਾਥੀ ਲੰਘ ਗਿਆ ਪੂਛ ਰਹਿ ਗਈ | - ਜਦੋਂ ਬਹੁਤ ਸਾਰਾ ਕੰਮ ਮੁੱਕ ਜਾਵੇ ਕੇਵਲ ਥੋੜ੍ਹਾ ਜਿਹਾ ਹੀ ਬਾਕੀ ਰਹਿ ਜਾਵੇ। |
| 26. ਹੰਕਾਰ ਦਾ ਸਿਰ ਨੀਵਾਂ | - ਹੰਕਾਰ ਕਰਨ ਵਾਲ਼ਾ ਮਨੁੱਖ ਸਦਾ ਹੀ ਮੂੰਹ ਦੀ ਖਾਂਦਾ ਹੈ। |
| 27. ਕੱਖਾਂ ਦੀ ਕੁੱਲੀ ਪਰਨਾਲ਼ਾ ਦੰਦ ਖੰਡ ਦਾ | - ਕਿਸੇ ਚੀਜ਼ ਦਾ ਆਪਣਾ ਮੁੱਲ ਘੱਟ ਹੋਵੇ ਅਤੇ ਉਸ ਦੇ ਉੱਪਰ ਖ਼ਰਚਾ ਵੱਧ ਕੀਤਾ ਜਾਵੇ। |
| 28. ਕਪਾਹ ਦੀ ਫੁੱਟੀ ਜਿੱਥੇ ਰੱਖੀ ਉੱਥੋਂ ਲੁੱਟੀ | - ਚੰਗੀ ਚੀਜ਼ 'ਤੇ ਹਰ ਇੱਕ ਦੀਆਂ ਨਜ਼ਰਾਂ ਹੁੰਦੀਆਂ ਹਨ। |
| 29. ਕੱਲ੍ਹ ਨਾਮ ਕਾਲ ਦਾ | - ਕੱਲ੍ਹ 'ਤੇ ਕੰਮ ਨਹੀਂ ਛੱਡਣਾ ਚਾਹੀਦਾ,ਕੱਲ੍ਹ ਦਾ ਕੋਈ ਭਰੋਸਾ ਨਹੀਂ ਹੁੰਦਾ। |
| 30. ਕਰੇ ਕੋਈ ਭਰੇ ਕੋਈ | - ਦੋਸ਼ ਕਿਸੇ ਦਾ, ਸਜ਼ਾ ਕਿਸੇ ਨੂੰ। |
| 31. ਕਾਹਲ਼ੀ ਅੱਗੇ ਟੋਏ | - ਜਲਦੀ ਵਿੱਚ ਕੰਮ ਵਿਗੜ ਜਾਂਦੇ ਹਨ। |
| 32. ਕੱਛ ਵਿੱਚ ਛੁਰੀ ਮੂੰਹ ਵਿੱਚ ਰਾਮ-ਰਾਮ | - ਦਿਲੋਂ ਕੁਝ ਤੇ ਉੱਤੋਂ ਕੁਝ। |
| 33. ਕਰ ਮਜ਼ੂਰੀ ਖਾਹ ਚੂਰੀ | - ਮਿਹਨਤ ਨਾਲ਼ ਹੀ ਬੰਦਾ ਸੁਖੀ ਰਹਿ ਸਕਦਾ ਹੈ। |

| | |
|---|---|
| 34. ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ | - ਸੱਚ ਦੀ ਸਦਾ ਹੀ ਜਿੱਤ ਹੁੰਦੀ ਹੈ। |
| 35. ਕਰ ਸੇਵਾ ਖਾਹ ਮੇਵਾ | - ਸੇਵਾ ਦਾ ਫਲ਼ ਸਦਾ ਮਿੱਠਾ ਹੁੰਦਾ ਹੈ। |
| 36. ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ | - ਕਮਜ਼ੋਰ ਤੇ ਗ਼ਰੀਬ ਆਦਮੀ ਦਾ ਤਕੜੇ ਤੇ ਅਮੀਰ ਨਾਲ਼ ਕੋਈ ਮੁਕਾਬਲਾ ਨਹੀਂ ਹੁੰਦਾ। |
| 37. ਖੋਟਾ ਪੁੱਤਰ ਤੇ ਖੋਟਾ ਪੈਸਾ ਵੇਲ਼ੇ ਸਿਰ ਕੰਮ ਆ ਜਾਂਦਾ ਹੈ | - ਕਦੇ-ਕਦੇ ਲੋੜ ਵੇਲ਼ੇ ਮਾੜੀ ਚੀਜ਼ ਵੀ ਕੰਮ ਆ ਜਾਂਦੀ ਹੈ। |
| 38. ਖੂਹ ਪੁੱਟਦੇ ਨੂੰ ਖਾਤਾ ਤਿਆਰ ਹੈ | - ਬੁਰਾ ਕਰਨ ਵਾਲ਼ੇ ਦਾ ਬੁਰਾ ਹੀ ਹੁੰਦਾ ਹੈ। |
| 39. ਖੇਤੀ ਖਸਮਾਂ ਸੇਤੀ | - ਪੈਲ਼ੀ ਹਮੇਸ਼ਾਂ ਰਾਖੀ ਤੇ ਮਿਹਨਤ ਨਾਲ਼ ਤਿਆਰ ਹੁੰਦੀ ਹੈ। |
| 40. ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ | - ਜਦੋਂ ਚੇਲਾ ਸਿਆਣਪ ਜਾਂ ਚਲਾਕੀ ਵਿੱਚ ਆਪਣੇ ਉਸਤਾਦ ਨੂੰ ਵੀ ਮਾਤ ਦੇ ਦੇਵੇ। |
| 41. ਗੰਗਾ ਗਈਆਂ ਹੱਡੀਆਂ ਕਦੇ ਨਹੀਂ ਮੁੜਦੀਆਂ | - ਚੀਜ਼ਾਂ ਦੱਬਣ ਲਈ ਮਸ਼ਹੂਰ ਅਤੇ ਖਾਊ ਆਦਮੀ ਪਾਸ ਗਈ ਚੀਜ਼ ਕਦੇ ਵਾਪਸ ਨਹੀਂ ਆ ਸਕਦੀ। |
| 42. ਗੌਂ ਭੁਨਾਵੇ ਜੌਂ | - ਆਪਣੇ ਮਤਲਬ ਲਈ ਸਭ ਕੁਝ ਕਰਨਾ ਪੈਂਦਾ ਹੈ। |
| 43. ਗੱਲਾਂ ਕਰਨ ਸੁਖਾਲ਼ੀਆਂ ਔਖੇ ਪਾਲਣ ਬੋਲ | - ਜ਼ੁਬਾਨੀ ਗੱਲਾਂ ਕਰਨੀਆਂ ਸੌਖੀਆਂ ਹਨ ਪਰ ਅਮਲ ਕਰਨਾ ਔਖਾ ਹੈ। |
| 44. ਗੁੜ ਦਿੱਤਿਆਂ ਜੇ ਦੁਸ਼ਮਣ ਮਰੇ ਮਹੁਰਾ ਕਿਉਂ ਦੇਈਏ | - ਜੇਕਰ ਕੋਈ ਪਿਆਰ ਨਾਲ਼ ਹੀ ਮੰਨ ਜਾਵੇ ਤਾਂ ਸਖ਼ਤੀ ਕਰਨ ਦੀ ਲੋੜ ਨਹੀਂ। |
| 45. ਹੱਸਦਿਆਂ ਦੇ ਘਰ ਵੱਸਦੇ | - ਪ੍ਰਸੰਨ-ਚਿੱਤ ਬੰਦੇ ਹਮੇਸ਼ਾਂ ਸੁਖੀ ਜੀਵਨ ਬਿਤਾਉਂਦੇ ਹਨ। |
| 46. ਘਰ ਪਾਟਾ ਦਹਿਸਰ ਮਾਰਿਆ | - ਘਰ ਦੀ ਫੁੱਟ ਵੱਸਦੇ-ਰਸਦੇ ਘਰ ਨੂੰ ਤਬਾਹ ਕਰ ਦਿੰਦੀ ਹੈ। |
| 47. ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ | - ਰੀਸੋ-ਰੀਸ ਉਹੀ ਕੰਮ ਕਰਨਾ। |
| 48. ਘਰ ਸ਼ਾਹ ਤੇ ਬਾਹਰ ਸ਼ਾਹ | - ਜਿਨ੍ਹਾਂ ਦਾ ਆਪਣੇ ਘਰ ਵਿੱਚ ਸਨਮਾਨ ਹੁੰਦਾ ਹੈ, ਉਹਨਾਂ ਦੀ ਬਾਹਰ ਵੀ ਇੱਜ਼ਤ ਹੁੰਦੀ ਹੈ। |
| 49. ਘਰ ਪੱਕਦੀਆਂ ਦੇ ਸਾਰੇ ਸਾਕ | - ਸੁੱਖ ਵਿੱਚ ਸਭ ਸਾਥ ਦਿੰਦੇ ਨੇ ਪਰ ਦੁੱਖ ਵੇਲ਼ੇ ਕੋਈ ਨੇੜੇ ਨਹੀਂ ਆਉਂਦਾ। |

50. ਚੱਕੀ ਦਾ ਪੀਠਾ ਚੰਗਾ ਤੇ ਦੰਦਾਂ ਦਾ ਪੀਠਾ ਮੰਦਾ - ਲੋਕਾਂ ਦੇ ਮੂੰਹੋਂ ਕਿਸੇ ਆਦਮੀ ਦੀ ਬਦਨਾਮੀ ਚੱਕੀ ਵਿੱਚ ਪੀਠੇ ਜਾਣ ਨਾਲ਼ੋਂ ਵੀ ਮਾੜੀ ਹੈ।

51. ਚੰਨ ਚੜ੍ਹੇ ਗੁੱਝੇ ਨਹੀਂ ਰਹਿੰਦੇ - ਕੋਈ ਵੱਡਾ ਕੰਮ ਕਰਨ ਵਾਲ਼ੇ ਬੰਦੇ ਮਸ਼ਹੂਰ ਹੋ ਹੀ ਜਾਂਦੇ ਹਨ।

52. ਚਿੰਤਾ ਚਿਖਾ ਸਮਾਨ - ਚਿੰਤਾ ਭੱਠੀ ਵਾਂਗੂੰ ਇਨਸਾਨ ਨੂੰ ਅੰਦਰੋ-ਅੰਦਰੀ ਸਾੜ ਛੱਡਦੀ ਹੈ।

53. ਇੱਕ ਚੋਰੀ ਤੇ ਉੱਤੋਂ ਸੀਨਾਜ਼ੋਰੀ - ਗ਼ਲਤੀ ਕਰਕੇ ਅੱਗੋਂ ਹੋਰ ਆਕੜਨਾ।

54. ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ - ਜਦੋਂ ਔਗਣਾਂ ਨਾਲ਼ ਨੱਕੋ-ਨੱਕ ਭਰਿਆ ਬੰਦਾ ਕਿਸੇ ਹੋਰ ਦੇ ਇੱਕ-ਦੋ ਔਗਣਾਂ ਕਰਕੇ ਉਸ ਨੂੰ ਨੀਵਾਂ ਦਿਖਾਵੇ।

55. ਜਿੱਥੇ ਚਾਹ ਉੱਥੇ ਰਾਹ - ਜਦ ਕੋਈ ਆਦਮੀ ਕੰਮ ਕਰਨ ਦਾ ਚਾਹਵਾਨ ਹੋਵੇ ਤਾਂ ਉਸ ਨੂੰ ਕੰਮ ਕਰਨ ਦਾ ਰਾਹ ਮਿਲ਼ ਹੀ ਜਾਂਦਾ ਹੈ।

56. ਜਿਹੜੇ ਗੱਜਦੇ ਹਨ ਉਹ ਵਰ੍ਹਦੇ ਨਹੀਂ - ਬਹੁਤੀਆਂ ਸ਼ੇਖ਼ੀਆਂ ਮਾਰਨ ਵਾਲ਼ੇ ਹੱਥੀਂ ਕੁਝ ਵੀ ਨਹੀਂ ਕਰ ਵਿਖਾਉਂਦੇ।

57. ਜੀਵੇ ਆਸਾ ਮਰੇ ਨਿਰਾਸਾ - ਆਸ ਮਰ ਜਾਵੇ ਤਾਂ ਜਿੰਦ ਹੀ ਮੁੱਕ ਜਾਂਦੀ ਹੈ, ਆਸਾਂ ਸਦਕੇ ਹੀ ਜੀਵਨ ਹੈ।

58. ਲਾਹੌਰ ਦੇ ਸ਼ੁਕੀਨ ਬੋਝੇ 'ਚ ਗਾਜਰਾਂ - ਹੱਥ-ਪੱਲੇ ਕੁਝ ਨਾ ਹੋਣਾ ਬੱਸ ਫੋਕੀਆਂ ਫੜ੍ਹਾਂ ਮਾਰਨੀਆਂ।

59. ਲਾਗੀਆਂ ਨੇ ਤਾਂ ਲਾਗ ਲੈਣਾ ਭਾਵੇਂ ਜਾਂਦੀ ਰੰਡੀ ਹੋ ਜਾਵੇ - ਮਿਹਨਤ ਕਰਨ ਵਾਲ਼ੇ ਨੇ ਤਾਂ ਆਪਣੀ ਮਿਹਨਤ ਲੈਣੀ ਹੈ ਭਾਵੇਂ ਚੀਜ਼ ਕੰਮ ਆਵੇ ਜਾਂ ਨਾ।

60. ਵਾਹ ਕਿਸਮਤ ਦੇ ਬਲੀਆ
ਰਿੱਧੀ ਖੀਰ ਤੇ ਹੋ ਗਿਆ ਦਲ਼ੀਆ - ਜਦੋਂ ਕੰਮ ਤਾਂ ਲਾਭ ਲਈ ਕੀਤਾ ਜਾਵੇ ਪਰ ਉਲਟਾ ਨੁਕਸਾਨ ਹੀ ਹੋ ਜਾਵੇ।

## ਅਖਾਣ ਪੂਰੀ ਕਰੋ:-

1. **ਸੌ ਹੱਥ.................ਸਿਰੇ 'ਤੇ ਗੰਢ:**

   (ੳ) ਪੈਸਾ (ਅ) ਜਲ (ੲ) ਰੱਸਾ (ਸ) ਜ਼ੋਰ

2. **ਹੱਥਾਂ ਦੀਆਂ ਦਿੱਤੀਆਂ................. ਨਾਲ਼ ਖੋਲ੍ਹਣੀਆਂ ਪੈਂਦੀਆਂ ਹਨ:**

   (ੳ) ਜ਼ੋਰ (ਅ) ਦੰਦਾਂ (ੲ) ਛੁਰੀ (ਸ) ਪਾਣੀ

3. **ਹੱਕ ਪਰਾਇਆ ਨਾਨਕਾ ਉਸ..................ਉਸ ਗਾਇ:**

(ੳ) ਸੂਅਰ (ਅ) ਮੱਝ (ੲ) ਮਾਸਾਹਾਰੀ (ਸ) ਸ਼ਾਕਾਹਾਰੀ

4. **ਵਾਹ..................ਦੇ ਬਲੀਆ ਰਿੱਧੀ ਖੀਰ ਤੇ ਹੋ ਗਿਆ ਦਲ਼ੀਆ:**

(ੳ) ਹਿੰਮਤ (ਅ) ਮਿਹਨਤ (ੲ) ਕਿਸਮਤ (ਸ) ਲਗਨ

5. **ਗੰਗਾ ਗਈਆਂ............ ਕਦੇ ਨਹੀਂ ਮੁੜਦੀਆਂ:**

(ੳ) ਮਿਹਨਤਾਂ (ਅ) ਲੱਕੜਾਂ (ੲ) ਰੋਟੀਆਂ (ਸ) ਹੱਡੀਆਂ

## ਅਭਿਆਸ

1. **'ਕੋਈ ਕੰਮ ਕਰਨ ਦਾ ਚਾਹਵਾਨ ਹੋਵੇ ਤੇ ਉਸ ਨੂੰ ਕੰਮ ਮਿਲ਼ ਜਾਵੇ' ਦੇ ਲਈ ਕਿਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ:**

ੳ. ਗੱਲ ਲੱਖ ਦੀ ਅਕਲ ਕੱਖ ਦੀ
ਅ. ਜਿੱਥੇ ਚਾਹ ਉੱਥੇ ਰਾਹ
ੲ. ਛੋਟਾ ਮੂੰਹ ਤੇ ਵੱਡੀ ਬਾਤ
ਸ. ਸੱਪ ਦਾ ਬੱਚਾ ਸਪੋਲ਼ੀਆ

2. **'ਚਿੰਤਾ ਚਿਖਾ ਸਮਾਨ' ਅਖਾਣ ਦਾ ਅਰਥ ਹੈ:**

ੳ. ਚਿੰਤਾ ਭੱਠੀ ਵਾਂਗੂੰ ਇਨਸਾਨ ਨੂੰ ਸਾੜਦੀ ਹੈ।
ਅ. ਚਿੰਤਾ ਤੋਂ ਕਾਮਯਾਬੀ ਮਿਲਦੀ ਹੈ।
ੲ. ਚਿੰਤਾ ਸਫਲਤਾ ਪ੍ਰਾਪਤ ਕਰਨਾ ਹੈ।
ਸ. ਬਰਾਬਰੀ ਲਈ ਚਿੰਤਾ ਜ਼ਰੂਰੀ ਤੱਤ ਹੈ।

3. **'ਹੰਕਾਰੀ ਮਨੁੱਖ ਅਕਸਰ ਧੋਖੇ ਖਾਂਦਾ ਹੈ' ਦੇ ਲਈ ਕਿਸ ਅਖਾਣ ਦੀ ਵਰਤੋਂ ਕੀਤੀ ਜਾ ਸਕਦੀ ਹੈ:**

ੳ. ਉਲਟੀ ਗੰਗਾ ਪਹਾੜਾਂ ਨੂੰ
ਅ. ਗੌਂ ਭੁਨਾਵੇ ਜੌਂ
ੲ. ਸੱਪ ਦਾ ਬੱਚਾ ਸਪੋਲ਼ੀਆ
ਸ. ਹੰਕਾਰ ਦਾ ਸਿਰ ਨੀਵਾਂ

4. **'ਕੱਲ੍ਹ ਨਾਮ ਕਾਲ਼ ਦਾ' ਅਖਾਣ ਦਾ ਅਰਥ ਹੈ:**

ੳ. ਕਾਲ਼ ਦਾ ਨਾਮ ਕੱਲ੍ਹ ਹੁੰਦਾ ਹੈ
ਅ. ਕੱਲ੍ਹ ਬਾਰੇ ਵਿਚਾਰ ਚਰਚਾ
ੲ. ਕੱਲ੍ਹ 'ਤੇ ਕੰਮ ਨਹੀਂ ਛੱਡਣਾ ਚਾਹੀਦਾ
ਸ. ਸਾਰੇ ਕਾਰਜ ਕੱਲ੍ਹ 'ਤੇ ਪਾਉਣੇ ਚਾਹੀਦੇ ਹਨ

5. **'ਜਦੋਂ ਰਖਵਾਲੇ ਖ਼ੁਦ ਹੀ ਨੁਕਸਾਨ ਕਰਨ ਲੱਗ ਜਾਣ' ਦੇ ਲਈ ਕਿਸ ਅਖਾਣ ਦੀ ਵਰਤੋਂ ਕੀਤੀ ਜਾ ਸਕਦੀ ਹੈ:**

ੳ. ਖੇਤੀ ਖ਼ਸਮਾਂ ਸੇਤੀ
ਅ. ਉਲਟੀ ਵਾੜ ਖੇਤ ਨੂੰ ਖਾਏ
ੲ. ਚੰਨ ਚੜ੍ਹੇ ਗੁੱਝੇ ਨਹੀਂ ਰਹਿੰਦੇ
ਸ. ਹੀਲੇ ਰਿਜਕ ਬਹਾਨੇ ਮੌਤ

# ਮੁਹਾਵਰੇ

ਸਧਾਰਨ ਤੌਰ 'ਤੇ ਅਖਾਣਾਂ ਅਤੇ ਮੁਹਾਵਰਿਆਂ ਨੂੰ ਇੱਕੋ-ਜਿਹੇ ਸਮਝ ਲਿਆ ਜਾਂਦਾ ਹੈ ਪਰ ਇਹ ਦੋਵੇਂ ਰੂਪ ਆਪਣੀਆਂ ਵਿਲੱਖਣਤਾਵਾਂ ਸਦਕਾ ਇੱਕ-ਦੂਜੇ ਤੋਂ ਭਿੰਨ ਹਨ। ਮੁਹਾਵਰੇ ਤੋਂ ਭਾਵ ਉਹਨਾਂ ਸ਼ਬਦ-ਸਮੂਹਾਂ ਤੋਂ ਹੈ ਜਿਨ੍ਹਾਂ ਦੀ ਵਰਤੋਂ ਭਾਵ ਅਰਥਾਂ ਵਿੱਚ ਕੀਤੀ ਜਾਂਦੀ ਹੈ ਨਾਕਿ ਸ਼ਬਦੀ ਅਰਥਾਂ ਵਿੱਚ। ਭਾਵਾਰਥ ਕਾਰਦੰਤਕ ਮੁਹਾਵਰੇ ਦੇ ਅੰਤ ਵਿੱਚ ਹੁੰਦਾ ਹੈ ਭਾਵ ਧਾਤੂ ਦੇ ਅੰਤ ਵਿੱਚ ਣਾ, ਨਾ ਤੇ ਨੀ ਆਦਿ ਵਧਾ ਕੇ ਬਣਦਾ ਹੈ, ਜਿਵੇਂ: ਉਸਤਾਦੀ ਕਰਨੀ, ਅੱਗਾ ਸੁਆਰਨਾ ਤੇ ਸਿਰ ਫੇਰਨਾ ਆਦਿ। ਮੁਹਾਵਰੇ ਦੀ ਪ੍ਰਵਿਰਤੀ ਅਖਾਣ ਦੇ ਮੁਕਾਬਲੇ ਉਲਟ ਹੁੰਦੀ ਹੈ। ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤਣ ਲੱਗਿਆਂ ਵਚਨ, ਲਿੰਗ, ਪੁਰਖ ਤੇ ਕਾਲ ਆਦਿ ਵਿੱਚ ਤਬਦੀਲੀ ਵਾਪਰਦੀ ਹੈ, ਜਿਵੇਂ: ਹੱਥ ਟੱਡਣੇ, ਹੱਥ ਟੱਡਣਾ, ਹੱਥ ਟੱਡਣੇ ਪਏ ਆਦਿ। ਕਿਰਿਆ ਵਿਚਲਾ ਧਾਤੂ ਸਥਿਰ ਰਹਿੰਦਾ ਹੈ ਕਿਉਂਕਿ ਧਾਤੂ ਵਿੱਚ ਆਈ ਤਬਦੀਲੀ ਅਰਥਾਂ ਨੂੰ ਬਦਲ ਦਿੰਦੀ ਹੈ ਇਸ ਕਰਕੇ ਧਾਤੂ ਵਿੱਚ ਪਰਿਵਰਤਨ ਨਹੀਂ ਵਾਪਰਦਾ, ਜਿਵੇਂ: ਅੱਗ ਲਾਉਣੀ (ਭੜਕਾਉਣਾ) ਅਤੇ ਅੱਗ ਲੱਗਣੀ (ਗ਼ੁੱਸੇ ਹੋਣਾ)। ਇਹਨਾਂ ਵਿਚਲੇ ਧਾਤੂ ਦੇ ਆਪਣੇ-ਆਪਣੇ ਅਰਥ ਹਨ ਜਿਸ ਕਰਕੇ ਇਹਨਾਂ ਵਿੱਚ ਤਬਦੀਲੀ ਕਰਨਾ ਮੁਹਾਵਰੇ ਦੀ ਪ੍ਰਵਿਰਤੀ ਦੇ ਅਨੁਕੂਲ ਨਹੀਂ। ਪੰਜਾਬੀ ਭਾਸ਼ਾ ਨਾਲ਼ ਸੰਬੰਧਿਤ ਕੁਝ ਮਹੱਤਵਪੂਰਨ ਮੁਹਾਵਰੇ ਹੇਠ ਲਿਖੇ ਅਨੁਸਾਰ ਹਨ :-

1. ਉਸਤਾਦੀ ਕਰਨੀ (ਚਲਾਕੀ ਕਰਨੀ) - ਗੁਰਨਾਮ ਬਹੁਤ ਚਲਾਕ ਹੈ। ਉਸ ਦੇ ਨਾਲ਼ ਕੋਈ ਉਸਤਾਦੀ ਨਹੀਂ ਕਰ ਸਕਦਾ।
2. ਉਂਗਲ਼ੀ ਕਰਨੀ (ਦੋਸ਼ ਲਾਉਣਾ) - ਸਬੂਤ ਤੋਂ ਬਿਨਾਂ ਕਿਸੇ ਵੱਲ ਉਂਗਲ਼ੀ ਨਹੀਂ ਕਰਨੀ ਚਾਹੀਦੀ।
3. ਉੱਨੀ-ਇੱਕੀ ਦਾ ਫ਼ਰਕ ਹੋਣਾ (ਬਹੁਤ ਥੋੜ੍ਹਾ ਫ਼ਰਕ) - ਗੁਰਪ੍ਰੀਤ ਅਤੇ ਹਰਪ੍ਰੀਤ ਦੇ ਨੰਬਰਾਂ ਵਿੱਚ ਉੱਨੀ-ਇੱਕੀ ਦਾ ਹੀ ਫ਼ਰਕ ਹੈ।
4. ਉੱਲੂ ਬਣਾਉਣਾ (ਮੂਰਖ ਬਣਾਉਣਾ) - ਰੌਸ਼ਨ ਹਰ ਕਿਸੇ ਨੂੰ ਉੱਲੂ ਬਣਾਉਣ ਦਾ ਯਤਨ ਕਰਦਾ ਹੈ।
5. ਉੱਚਾ-ਨੀਵਾਂ ਬੋਲਣਾ (ਵੱਧ-ਘੱਟ ਬੋਲਣਾ) - ਸਾਨੂੰ ਕਿਸੇ ਨੂੰ ਵੀ ਉੱਚਾ-ਨੀਵਾਂ ਨਹੀਂ ਬੋਲਣਾ ਚਾਹੀਦਾ।
6. ਅੱਖਾਂ ਦਿਖਾਉਣਾ (ਡਰਾਉਣਾ) - ਚੀਨ ਹਰ ਸਮੇਂ ਭਾਰਤ ਨੂੰ ਅੱਖਾਂ ਦਿਖਾਉਂਦਾ ਰਹਿੰਦਾ ਹੈ।
7. ਅੱਖਾਂ ਖੁੱਲ੍ਹਣੀਆਂ (ਹੋਸ਼ ਵਿੱਚ ਆਉਣਾ) - ਫ਼ੇਲ੍ਹ ਹੋਣ 'ਤੇ ਹਰਦੀਪ ਦੀਆਂ ਅੱਖਾਂ ਖੁੱਲ੍ਹ ਗਈਆਂ।
8. ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ (ਆਪਣੀ ਵਡਿਆਈ ਆਪ ਕਰਨੀ) - ਸਿਆਣੇ ਕਹਿੰਦੇ ਹਨ ਕਿ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲ਼ੇ ਤੋਂ ਬਚ ਕੇ ਹੀ ਰਹਿਣਾ ਚਾਹੀਦਾ ਹੈ।

| | |
|---|---|
| 9. ਅੱਖਾਂ ਵਿੱਚ ਰੜਕਣਾ (ਚੰਗਾ ਨਾ ਲੱਗਣਾ) | - ਦਮਨ ਨੇ ਬਲਜੀਤ ਨੂੰ ਕਿਹਾ, "ਜਿਹੜਾ ਇੱਕ ਵਾਰੀ ਮੇਰੇ ਨਾਲ਼ ਧੋਖਾ ਕਰ ਜਾਵੇ, ਉਹ ਇਨਸਾਨ ਮੇਰੀਆਂ ਅੱਖਾਂ ਵਿੱਚ ਰੜਕਦਾ ਰਹਿੰਦਾ ਹੈ।" |
| 10. ਅਕਲ ਗਿੱਟਿਆਂ ਵਿੱਚ ਹੋਣਾ (ਮੂਰਖ ਹੋਣਾ) | - ਕਮਲ ਦੀ ਅਕਲ ਤਾਂ ਗਿੱਟਿਆਂ ਵਿੱਚ ਜਾਪਦੀ ਹੈ ਕਿਉਂਕਿ ਉਹ ਹਰ ਸਮੇਂ ਮੂਰਖਾਂ ਵਾਲ਼ੀਆਂ ਗੱਲਾਂ ਹੀ ਕਰਦਾ ਰਹਿੰਦਾ ਹੈ। |
| 11. ਇੱਟ ਨਾਲ ਇੱਟ ਖੜਕਾਉਣੀ (ਤਬਾਹ ਕਰ ਦੇਣਾ) | - ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ਼ ਇੱਟ ਖੜਕਾ ਦਿੱਤੀ। |
| 12. ਇੱਕ ਅੱਖ ਨਾਲ਼ ਵੇਖਣਾ (ਸਭ ਨੂੰ ਇੱਕੋ-ਜਿਹਾ ਸਮਝਣਾ) | - ਮਾਪੇ ਆਪਣੇ ਸਾਰੇ ਬੱਚਿਆਂ ਨੂੰ ਇੱਕ ਅੱਖ ਨਾਲ਼ ਵੇਖਦੇ ਹਨ। |
| 13. ਈਨ ਮੰਨਣਾ (ਅਧੀਨ ਹੋਣਾ) | - ਭਾਰਤ ਕਿਸੇ ਦੀ ਵੀ ਈਨ ਨਹੀਂ ਮੰਨਦਾ। |
| 14. ਇੱਟ-ਕੁੱਤੇ ਦਾ ਵੈਰ ਹੋਣਾ (ਬਹੁਤ ਡੂੰਘਾ ਵੈਰ ਹੋਣਾ) | - ਸੱਪ ਅਤੇ ਨਿਓਲ਼ੇ ਵਿੱਚ ਇੱਟ-ਕੁੱਤੇ ਦਾ ਵੈਰ ਹੁੰਦਾ ਹੈ। |
| 15. ਈਦ ਦਾ ਚੰਦ ਹੋਣਾ (ਚਿਰ ਪਿੱਛੋਂ ਮਿਲ਼ਨਾ) | - ਵਿੱਕੀ ਤਾਂ ਈਦ ਦਾ ਚੰਦ ਹੋ ਗਿਆ ਹੈ, ਕਦੇ ਮਿਲ਼ਦਾ ਹੀ ਨਹੀਂ। |
| 16. ਇੱਕੋ ਰੱਸੇ ਫਾਹੇ ਦੇਣਾ (ਚੰਗੇ-ਮੰਦੇ ਨਾਲ਼ ਇੱਕੋ-ਜਿਹਾ ਵਰਤਾਅ ਕਰਨਾ) | - ਇੱਕ ਚੰਗਾ ਪ੍ਰਕਾਸ਼ਕ ਸਾਰਿਆਂ ਨੂੰ ਇੱਕੋ ਰੱਸੇ ਫਾਹੇ ਨਹੀਂ ਦਿੰਦਾ ਹੈ। |
| 17. ਸਿੱਕਾ ਜੰਮਣਾ (ਮੰਨਿਆ-ਪ੍ਰਮੰਨਿਆ ਹੋਣਾ) | - ਮਹਾਰਾਜਾ ਰਣਜੀਤ ਸਿੰਘ ਦਾ ਉਹਨਾਂ ਦੇ ਸਮੇਂ ਵਿੱਚ ਪੂਰਾ ਸਿੱਕਾ ਜੰਮਿਆ ਹੋਇਆ ਸੀ। |
| 18. ਸੁੱਖ ਦੀ ਨੀਂਦ ਸੌਂਣਾ (ਬੇਫ਼ਿਕਰ ਹੋ ਕੇ ਸੌਂਣਾ) | - ਜਗਤਾਰ ਨੂੰ ਨੌਕਰੀ ਮਿਲ਼ਨ ਤੋਂ ਬਾਅਦ ਉਸ ਦੇ ਮਾਤਾ-ਪਿਤਾ ਸੁੱਖ ਦੀ ਨੀਂਦ ਸੌਂਣ ਲੱਗੇ। |
| 19. ਸੱਪ ਸੁੰਘ ਜਾਣਾ (ਇਕਦਮ ਸ਼ਾਂਤ ਹੋ ਜਾਣਾ) | - ਅਧਿਆਪਕ ਦੇ ਜਮਾਤ ਵਿੱਚ ਪੈਰ ਧਰਦਿਆਂ ਹੀ ਸਾਰੇ ਬੱਚਿਆਂ ਨੂੰ ਜਿਵੇਂ ਸੱਪ ਸੁੰਘ ਗਿਆ। |
| 20. ਸਬਕ ਸਿਖਾਉਣਾ (ਮਜ਼ਾ ਚਖਾਉਣਾ) | - ਰੀਮਾ ਨੇ ਇੱਕ ਅਵਾਰਾ ਮੁੰਡੇ ਨੂੰ ਅੱਜ ਚੰਗਾ ਸਬਕ ਸਿਖਾਇਆ, ਹੁਣ ਉਹ ਕਿਸੇ ਕੁੜੀ ਨੂੰ ਤੰਗ ਨਹੀਂ ਕਰੇਗਾ। |
| 21. ਹੱਥ ਪੀਲ਼ੇ ਕਰਨਾ (ਕੁੜੀ ਦਾ ਵਿਆਹ ਕਰਨਾ) | - ਰਾਧੇ ਸ਼ਾਮ ਨੇ ਇਸੇ ਮਹੀਨੇ ਹੀ ਆਪਣੀ ਧੀ ਦੇ ਹੱਥ ਪੀਲ਼ੇ ਕੀਤੇ ਹਨ। |
| 22. ਹੱਥ ਅੱਡਣਾ (ਮੰਗਣਾ) | - ਕੋਈ ਵੀ ਗ਼ੈਰਤਮੰਦ ਆਦਮੀ ਕਿਸੇ ਅੱਗੇ ਹੱਥ ਨਹੀਂ ਅੱਡਦਾ। |

| | |
|---|---|
| 23. ਹੱਥ-ਪੈਰ ਮਾਰਨਾ (ਕੋਸ਼ਸ਼ ਕਰਨੀ) | - ਅੱਜ-ਕੱਲ੍ਹ ਬੇਰੁਜ਼ਗਾਰੀ ਏਨੀ ਵੱਧ ਗਈ ਹੈ ਕਿ ਬਹੁਤ ਹੱਥ-ਪੈਰ ਮਾਰ ਕੇ ਵੀ ਨੌਜਵਾਨਾਂ ਨੂੰ ਨੌਕਰੀ ਨਹੀਂ ਮਿਲ਼ਦੀ। |
| 24. ਹੱਥਾਂ-ਪੈਰਾਂ ਦੀ ਪੈ ਜਾਣੀ (ਘਬਰਾਹਟ ਹੋਣੀ) | - ਸ਼ੇਰ ਨੂੰ ਸਾਮ੍ਹਣੇ ਦੇਖ ਕੇ ਮੈਨੂੰ ਤਾਂ ਹੱਥਾਂ-ਪੈਰਾਂ ਦੀ ਪੈ ਗਈ। |
| 25. ਕੰਨ ਭਰਨੇ (ਚੁਗ਼ਲੀ ਕਰਨੀ) | - ਤੁਸੀਂ ਮੇਰੇ ਬਾਰੇ ਉਸ ਦੇ ਕੰਨ ਭਰ ਕੇ ਚੰਗਾ ਨਹੀਂ ਕੀਤਾ। |
| 26. ਕੰਨਾਂ ਦਾ ਕੱਚਾ ਹੋਣਾ (ਸੁਣੀ-ਸੁਣਾਈ ਗੱਲ 'ਤੇ ਵਿਸ਼ਵਾਸ ਕਰਨਾ) | - ਅਫ਼ਸਰ ਲੋਕ ਆਮ ਤੌਰ 'ਤੇ ਕੰਨਾਂ ਦੇ ਕੱਚੇ ਹੁੰਦੇ ਹਨ। |
| 27. ਕਲਮ ਦਾ ਧਨੀ ਹੋਣਾ (ਵਧੀਆ ਲੇਖਕ ਹੋਣਾ) | - ਪ੍ਰੋ. ਮੋਹਨ ਸਿੰਘ ਤਾਂ ਕਲਮ ਦੇ ਧਨੀ ਸਨ। |
| 28. ਖ਼ੂਨ ਉੱਬਲ਼ਨਾ (ਜੋਸ਼ ਵਿੱਚ ਆਉਣਾ) | - ਭਗਤ ਸਿੰਘ ਦੇ ਵਿਚਾਰ ਸੁਣ ਕੇ ਉਸ ਦੇ ਸਾਥੀਆਂ ਦਾ ਖ਼ੂਨ ਉੱਬਲ਼ਨ ਲੱਗਦਾ ਸੀ। |
| 29. ਖਿਚੜੀ ਪਕਾਉਣੀ (ਲੁਕ ਕੇ ਸਲਾਹ ਕਰਨੀ) | - ਰਮੇਸ਼ ਤੇ ਸੁਸ਼ੀਲ ਪੇਪਰਾਂ ਵਿੱਚ ਨਕਲ ਕਰਨ ਦੀ ਖਿਚੜੀ ਪਕਾ ਰਹੇ ਸਨ ਕਿ ਅਧਿਆਪਕ ਨੇ ਉਹਨਾਂ ਦੀ ਗੱਲ ਸੁਣ ਲਈ। |
| 30. ਗਲ਼ ਪਿਆ ਢੋਲ ਵਜਾਉਣਾ (ਮਜਬੂਰੀ ਵਿੱਚ ਕੰਮ ਕਰਨਾ) | - ਕਈ ਵਾਰ ਲੋਕਾਂ ਨੂੰ ਗਲ਼ ਪਿਆ ਢੋਲ ਵਜਾਉਣਾ ਹੀ ਪੈਂਦਾ ਹੈ। |
| 31. ਘਿਓ ਦੇ ਦੀਵੇ ਬਾਲਣਾ (ਬਹੁਤ ਖ਼ੁਸ਼ੀ ਮਨਾਉਣੀ) | - ਰਵੀ ਦੇ ਪਰਦੇਸੋਂ ਵਾਪਸ ਆਉਣ 'ਤੇ ਉਸ ਦੀ ਮਾਂ ਨੇ ਘਿਓ ਦੇ ਦੀਵੇ ਬਾਲ਼ੇ। |
| 32. ਚੰਦ ਚਾੜ੍ਹਨਾ (ਕੋਈ ਮਾੜਾ ਕੰਮ ਕਰਨਾ) | - ਸੁਰਿੰਦਰ ਨੇ ਆਪਣੇ ਘਰ ਚੋਰੀ ਕਰਕੇ ਨਵਾਂ ਹੀ ਚੰਦ ਚਾੜ੍ਹ ਦਿੱਤਾ। |
| 33. ਜਾਨ ਤਲ਼ੀ 'ਤੇ ਧਰਨਾ (ਆਪਾ ਵਾਰਨ ਲਈ ਤਿਆਰ ਰਹਿਣਾ) | - ਫ਼ੌਜੀ ਵੀਰ ਹਮੇਸ਼ਾਂ ਆਪਣੀ ਜਾਨ ਤਲ਼ੀ 'ਤੇ ਧਰ ਕੇ ਦੇਸ ਦੀ ਰੱਖਿਆ ਕਰਦੇ ਹਨ। |
| 34. ਝੂਠ ਦੇ ਪਹਾੜ ਉਸਾਰਨੇ (ਕੋਰਾ ਝੂਠ ਬੋਲਣਾ) | - ਆਪਣਾ ਕੰਮ ਕੱਢਣ ਲਈ ਲੋਕ ਝੂਠ ਦੇ ਪਹਾੜ ਉਸਾਰਨ ਤੋਂ ਵੀ ਨਹੀਂ ਡਰਦੇ। |
| 35. ਟਕੇ ਵਰਗਾ ਜਵਾਬ ਦੇਣਾ (ਸਾਫ਼ ਇਨਕਾਰ ਕਰਨਾ) | - ਜਦ ਮੈਂ ਰਾਣੀ ਕੋਲ਼ੋਂ ਕਿਤਾਬ ਮੰਗੀ ਤਾਂ ਉਸ ਨੇ ਮੈਨੂੰ ਟਕੇ ਵਰਗਾ ਜਵਾਬ ਦੇ ਦਿੱਤਾ। |

36. ਟੱਕਰਾਂ ਮਾਰਨਾ (ਭਟਕਦੇ ਰਹਿਣਾ) - ਬੇਰੁਜ਼ਗਾਰੀ ਦੇ ਕਾਰਨ ਪੜ੍ਹੇ-ਲਿਖੇ ਲੋਕ ਨੌਕਰੀਆਂ ਵਾਸਤੇ ਟੱਕਰਾਂ ਮਾਰਦੇ ਹਨ ਪਰ ਫਿਰ ਵੀ ਸਫਲਤਾ ਨਹੀਂ ਮਿਲ਼ਦੀ।

37. ਠੋਕਰ ਖਾਣੀ (ਜ਼ਿੰਦਗੀ ਤੋਂ ਕੋਈ ਸਬਕ ਸਿੱਖਣਾ) - ਕੁਝ ਲੋਕਾਂ ਨੂੰ ਠੋਕਰ ਖਾ ਕੇ ਹੀ ਅਕਲ ਆਉਂਦੀ ਹੈ।

38. ਠੋਕਵਜਾ ਕੇ ਵੇਖਣਾ (ਦੇਖ-ਪਰਖ ਲੈਣਾ) - ਭਾਵੇਂ ਮਿੱਟੀ ਦਾ ਭਾਂਡਾ ਹੀ ਖ਼ਰੀਦਣਾ ਹੋਵੇ ਪਰ ਪਹਿਲਾਂ ਉਸ ਨੂੰ ਠੋਕ-ਵਜਾ ਕੇ ਦੇਖ ਲੈਣਾ ਚਾਹੀਦਾ ਹੈ।

39. ਡੰਡੇ ਵਜਾਉਣੇ (ਵਿਹਲੇ ਫਿਰਨਾ) - ਰਮੇਸ਼ ਸਾਰਾ ਦਿਨ ਡੰਡੇ ਵਜਾਉਂਦਾ ਰਹਿੰਦਾ ਹੈ ਪਰ ਕੋਈ ਕੰਮ ਨਹੀਂ ਕਰਦਾ।

40. ਡੁੱਬ ਮਰਨਾ (ਸ਼ਰਮ ਵਾਲ਼ੀ ਗੱਲ ਹੋਣਾ) - ਆਪਣੀ ਮਾਤ-ਭਾਸ਼ਾ ਵਿੱਚੋਂ ਫ਼ੇਲ੍ਹ ਹੋਣਾ ਤਾਂ ਡੁੱਬ ਮਰਨ ਵਾਲ਼ੀ ਗੱਲ ਹੈ।

41. ਢਿੱਡ ਵਿੱਚ ਚੂਹੇ ਨੱਚਣਾ (ਬਹੁਤ ਭੁੱਖ ਲੱਗਣੀ) - ਦੁਪਹਿਰ ਦਾ ਇੱਕ ਵੱਜਦਿਆਂ ਹੀ ਮੇਰੇ ਢਿੱਡ ਵਿੱਚ ਚੂਹੇ ਨੱਚਣ ਲੱਗ ਜਾਂਦੇ ਹਨ ਤੇ ਮੈਂ ਫਟਾਫਟ ਖਾਣਾ ਖਾਣ ਦੀ ਕਰਦਾ ਹਾਂ।

42. ਤਿੱਤਰ ਹੋ ਜਾਣਾ (ਭੱਜ ਜਾਣਾ) - ਪੁਲਸ ਦੇ ਛਾਪਾ ਮਾਰਨ ਉਪਰੰਤ ਸਭ ਜੁਆਰੀ ਤਿੱਤਰ ਹੋ ਗਏ।

43. ਤਲ਼ੀ ਗਰਮ ਕਰਨਾ (ਰਿਸ਼ਵਤ ਦੇਣੀ) - ਅੱਜ ਦੇ ਯੁੱਗ ਵਿੱਚ ਕੋਈ ਵੀ ਕੰਮ ਅਫ਼ਸਰਾਂ ਦੀ ਤਲ਼ੀ ਗਰਮ ਕੀਤੇ ਬਿਨਾਂ ਨਹੀਂ ਹੁੰਦਾ।

44. ਥੁੱਕ ਕੇ ਚੱਟਣਾ (ਬਿਆਨ ਕਰਕੇ ਮੁੱਕਰ ਜਾਣਾ) - ਜਿਹੜੇ ਬੰਦੇ ਥੁੱਕ ਕੇ ਚੱਟਦੇ ਹਨ, ਕੋਈ ਵੀ ਉਹਨਾਂ ਉੱਤੇ ਵਿਸ਼ਵਾਸ ਨਹੀਂ ਕਰਦਾ।

45. ਥਰ-ਥਰ ਕੰਬਣਾ (ਡਰ ਨਾਲ਼ ਕੰਬਣਾ) - ਪਿਤਾ ਜੀ ਦੇ ਹੱਥ ਵਿੱਚ ਡੰਡਾ ਦੇਖ ਕੇ ਗੁਰਪਾਲ ਥਰ-ਥਰ ਕੰਬਣ ਲੱਗਾ।

46. ਦਸਾਂ ਨਹੁੰਆਂ ਦੀ ਕਿਰਤ ਕਰਨਾ (ਮਿਹਨਤ ਦੀ ਕਮਾਈ ਕਰਨਾ) - ਸਾਨੂੰ ਹਮੇਸ਼ਾਂ ਦਸਾਂ ਨਹੁੰਆਂ ਦੀ ਕਿਰਤ ਕਰਕੇ ਹੀ ਗੁਜ਼ਾਰਾ ਕਰਨਾ ਚਾਹੀਦਾ ਹੈ।

47. ਦੋ ਹੱਥ ਕਰਨਾ (ਮੁਕਾਬਲਾ ਕਰਨਾ) - ਚੰਗਾ ਜੀਵਨ ਜਿਉਂਣ ਲਈ ਮੁਸੀਬਤਾਂ ਨਾਲ਼ ਦੋ ਹੱਥ ਕਰਨੇ ਹੀ ਪੈਂਦੇ ਹਨ।

48. ਦਾਲ਼ ਵਿੱਚ ਕੁਝ ਕਾਲ਼ਾ ਹੋਣਾ (ਸ਼ੱਕ ਹੋਣਾ) - ਮਾਂ ਦੇ ਮਰਨ'ਤੇ ਵੀ ਸੁੰਦਰ ਨਹੀਂ ਪਹੁੰਚਿਆ, ਮੈਨੂੰ ਤਾਂ ਦਾਲ਼ ਵਿੱਚ ਕੁਝ ਕਾਲ਼ਾ ਲੱਗਦਾ ਹੈ।

49. ਦਿਨ ਰਾਤ ਇੱਕ ਕਰਨਾ (ਬਹੁਤ ਮਿਹਨਤ ਕਰਨੀ) - ਮਨਦੀਪ ਨੇ ਆਪਣੇ ਵਪਾਰ ਨੂੰ ਅੱਗੇ ਵਧਾਉਣ ਲਈ ਦਿਨ-ਰਾਤ ਇੱਕ ਕਰ ਦਿੱਤਾ।

50. ਧੱਕਾ ਕਰਨਾ (ਵਧੀਕੀ ਕਰਨੀ) - ਕਮਜ਼ੋਰਾਂ ਨਾਲ਼ ਧੱਕਾ ਕਰਨਾ ਚੰਗਾ ਨਹੀਂ ਹੁੰਦਾ।

51. ਧੁੰਮ ਪਾ ਦੇਣੀ (ਪ੍ਰਸਿੱਧ ਹੋ ਜਾਣਾ) - ਰਮੇਸ਼ ਨੇ ਬੋਰਡ ਦੇ ਇਮਿਤਹਾਨ ਵਿੱਚੋਂ ਅੱਵਲ ਆ ਕੇ ਚਾਰੇ ਪਾਸੇ ਧੁੰਮਾਂ ਪਾ ਦਿੱਤੀਆਂ।

52. ਨੱਕ ਰੱਖਣਾ (ਇੱਜ਼ਤ ਰੱਖਣੀ) - ਧੋਨੀ ਨੇ ਕ੍ਰਿਕਟ ਵਿੱਚ ਸੈਂਕੜਾ ਬਣਾ ਕੇ ਆਪਣੀ ਟੀਮ ਦੀ ਨੱਕ ਰੱਖ ਲਈ।

53. ਨੱਕ ਨਾਲ਼ ਲਕੀਰਾਂ ਕੱਢਣੀਆਂ (ਤੌਬਾ ਕਰਨੀ) - ਰਮੇਸ਼ ਨੇ ਆਪਣੇ ਪਿਤਾ ਅੱਗੇ ਨੱਕ ਨਾਲ਼ ਲਕੀਰਾਂ ਕੱਢ ਕੇ ਕਿਹਾ ਕਿ ਉਹ ਹੁਣ ਕਦੇ ਨਸ਼ਾ ਨਹੀਂ ਕਰੇਗਾ।

54. ਪਾਪੜ ਵੇਲਣੇ (ਕਾਫ਼ੀ ਜਤਨ ਕਰਨੇ ) - ਸੁੰਦਰ ਨੂੰ ਚਪੜਾਸੀ ਦੀ ਨੌਕਰੀ ਲੈਣ ਲਈ ਵੀ ਕਈ ਤਰ੍ਹਾਂ ਦੇ ਪਾਪੜ ਵੇਲਣੇ ਪਏ।

55. ਪੱਗ ਵਟਾਉਣਾ (ਧਰਮ ਦਾ ਭਰਾ ਬਣਨਾ) - ਗੁਰਦੇਵ ਅਤੇ ਸੁਖਦੇਵ ਦੋਵੇਂ ਪੱਗ-ਵੱਟ ਭਰਾ ਹਨ ਪਰ ਉਹਨਾਂ ਵਿੱਚ ਸਕੇ ਭਰਾਵਾਂ ਤੋਂ ਵੀ ਵੱਧ ਪਿਆਰ ਹੈ।

56. ਬਲ਼ਦੀ ਉੱਤੇ ਤੇਲ ਪਾਉਣਾ (ਝਗੜਾ ਵਧਾਉਣਾ) - ਸੁਨੀਤਾ ਤੇ ਅਮਨ ਦੀ ਪਹਿਲਾਂ ਹੀ ਨਹੀਂ ਬਣਦੀ ਤੇ ਤੁਸੀਂ ਵਾਧੂ ਦੀਆਂ ਗੱਲਾਂ ਕਰਕੇ ਬਲ਼ਦੀ ’ਤੇ ਤੇਲ ਹੀ ਪਾਇਆ ਹੈ।

57. ਰੰਗ ਉੱਡ ਜਾਣਾ (ਘਬਰਾ ਜਾਣਾ) - ਇਨਕਮ-ਟੈਕਸ ਦੇ ਅਫ਼ਸਰਾਂ ਨੂੰ ਆਪਣੇ ਘਰ ਆਏ ਦੇਖ ਕੇ ਕੁਲਦੀਪ ਦਾ ਰੰਗ ਉੱਡ ਗਿਆ।

58. ਲੋਹਾ ਲਾਖਾ ਹੋਣਾ (ਬਹੁਤ ਗੁੱਸੇ ਹੋਣਾ) - ਜਦੋਂ ਗੁਰਨਾਮ ਦੇ ਪਿਤਾ ਜੀ ਨੂੰ ਪਤਾ ਲੱਗਾ ਕਿ ਉਹ ਨਸ਼ਾ ਕਰਕੇ ਆਇਆ ਹੈ ਤਾਂ ਉਹ ਇਕਦਮ ਲੋਹੇ-ਲਾਖੇ ਹੋ ਗਏ।

59. ਵਾਸਤੇ ਪਾਉਣਾ (ਮਿੰਨਤਾਂ ਕਰਨੀਆਂ) - ਮੈਂ ਆਪਣੇ ਮਾਤਾ ਜੀ ਨੂੰ ਬਹੁਤ ਵਾਸਤੇ ਪਾਏ ਕਿ ਛੁੱਟੀਆਂ ਵਿੱਚ ਦੋ ਦਿਨ ਮਾਸੀ ਕੋਲ਼ ਰਹਿਣ ਦਿਓ ਪਰ ਉਹਨਾਂ ਮੇਰੀ ਇੱਕ ਨਾ ਸੁਣੀ।

60. ਵਾਲ਼ ਵਿੰਗਾ ਨਾ ਹੋਣਾ (ਕੁਝ ਨਾ ਵਿਗਾੜ ਸਕਣਾ) - ਜਿਸ ਮਨੁੱਖ ਉੱਤੇ ਰੱਬ ਦੀਆਂ ਮਿਹਰਾਂ ਹੁੰਦੀਆਂ ਹਨ, ਉਸ ਦਾ ਕੋਈ ਵਾਲ਼ ਵੀ ਵਿੰਗਾ ਨਹੀਂ ਕਰ ਸਕਦਾ।

## ਅਭਿਆਸ

1. **'ਸੱਪ ਸੁੰਘ ਜਾਣਾ' ਮੁਹਾਵਰੇ ਦਾ ਅਰਥ ਹੈ:**

(ੳ) ਪਿਆਸ ਲੱਗਣਾ (ਅ) ਮਰ ਜਾਣਾ
(ੲ) ਸਾਹ ਨਾ ਆਉਣਾ (ਸ) ਇਕਦਮ ਸ਼ਾਂਤ ਹੋਣਾ

2. **'ਕੰਨ ਭਰਨੇ' ਮੁਹਾਵਰੇ ਨੂੰ ਵਰਤ ਕੇ ਬਣਾਇਆ ਸਹੀ ਵਾਕ ਹੈ:**

(ੳ) ਤੁਸੀਂ ਮੇਰੇ ਬਾਰੇ ਅਧਿਆਪਕ ਦੇ ਕੰਨ ਭਰ ਕੇ ਚੰਗਾ ਨਹੀਂ ਕੀਤਾ।
(ਅ) ਅਰਸ਼ ਵਿਦੇਸ਼ ਤੋਂ ਕੰਨ ਭਰਨ ਦਾ ਡਿਪਲੋਮਾ ਕਰ ਕੇ ਆਇਆ ਹੈ।
(ੲ) ਜਿਹੜਾ ਕੰਨ ਭਰਦਾ ਹੈ, ਉਹ ਜ਼ਿੰਦਗੀ ਵਿੱਚ ਬਹੁਤ ਕਾਮਯਾਬ ਹੁੰਦਾ ਹੈ।
(ਸ) ਮੈਂ ਦਵਾਈ ਇਸ ਕਰਕੇ ਨਹੀਂ ਪਾਈ ਕਿਉਂਕਿ ਮੇਰੇ ਕੰਨ ਪਹਿਲਾਂ ਹੀ ਭਰੇ ਹੋਏ ਸਨ।

3. **'ਅੱਖਾਂ ਵਿੱਚ ਰੜਕਣਾ' ਮੁਹਾਵਰੇ ਦਾ ਅਰਥ ਹੈ:**

(ੳ) ਅੱਖਾਂ ਲਾਲ ਹੋਣਾ (ਅ) ਅੱਖਾਂ ਵਿੱਚ ਮਿੱਟੀ ਪੈਣਾ
(ੲ) ਗੁੱਸੇ ਹੋਣਾ (ਸ) ਚੰਗਾ ਨਾ ਲੱਗਣਾ

4. **'ਡੂੰਘਾ ਵੈਰ ਹੋਣਾ' ਲਈ ਕਿਸ ਮੁਹਾਵਰੇ ਦੀ ਵਰਤੋਂ ਹੁੰਦੀ ਹੈ?**

(ੳ) ਗੁਲਛਰੇ ਉਡਾਉਣੇ (ਅ) ਖੌਰੂ ਪਾਉਣਾ
(ੲ) ਇੱਟ ਦਾ ਜਵਾਬ ਪੱਥਰ ਨਾਲ਼ ਦੇਣਾ (ਸ) ਇੱਟ-ਕੁੱਤੇ ਦਾ ਵੈਰ ਹੋਣਾ

5. **'ਸਿਰ ਫੇਰਨਾ' ਮੁਹਾਵਰੇ ਨੂੰ ਵਰਤ ਕੇ ਬਣਾਇਆ ਸਹੀ ਵਾਕ ਹੈ:**

(ੳ) ਚੰਗੇ ਸੁਭਾਅ ਦਾ ਇਨਸਾਨ ਹਰ ਕੰਮ ਲਈ ਸਿਰ ਫੇਰਨਾ ਜਾਣਦਾ ਹੈ।
(ਅ) ਮੁੰਡਾ ਛੱਤ ਤੋਂ ਡਿਗ ਕੇ ਸਿਰ ਫੇਰ ਗਿਆ।
(ੲ) ਫ਼ਿਲਮ ਦੇਖਦਿਆਂ ਆਕਾਸ਼ ਨੇ ਸਿਰ ਫੇਰ ਲਿਆ।
(ਸ) ਜਦੋਂ ਮੈਂ ਹਰਮੀਤ ਕੋਲ਼ੋਂ ਕਿਤਾਬ ਮੰਗੀ ਤਾਂ ਉਸ ਨੇ ਸਿਰ ਫੇਰ ਦਿੱਤਾ।

## ਅਗੇਤਰ

ਅਗੇਤਰ ਉਹ ਸ਼ਬਦਾਂਸ਼ ਹੁੰਦਾ ਹੈ ਜੋ ਕਿਸੇ ਮੂਲ ਸ਼ਬਦ ਦੇ ਅੱਗੇ ਲੱਗ ਕੇ ਉਸ ਦਾ ਅਰਥ ਬਦਲ ਦਿੰਦਾ ਹੈ। ਇਸ ਦੇ ਸੰਬੰਧ ਵਿੱਚ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਅਗੇਤਰ ਹਮੇਸ਼ਾਂ ਸਾਰਥਕ ਸ਼ਬਦਾਂ ਨਾਲ਼ ਹੀ ਲੱਗਦਾ ਹੈ, ਨਿਰਾਰਥਕ ਨਾਲ਼ ਨਹੀਂ। ਭਾਵ ਅਗੇਤਰ ਸ਼ਬਦ ਹਟਾ ਦੇਣ ਨਾਲ਼ ਪਿੱਛੇ ਸਾਰਥਕ ਸ਼ਬਦ ਦਾ ਬਚਣਾ ਜ਼ਰੂਰੀ ਹੈ ਜਿਵੇਂ 'ਕੁ' ਅਗੇਤਰ ਤੋਂ 'ਕੁਕਰਮ' ਸ਼ਬਦ ਬਣਦਾ ਹੈ ਜਿਸ ਵਿੱਚ 'ਕਰਮ' ਸ਼ਬਦ ਸਾਰਥਕ ਹੈ ਨਿਰਾਰਥਕ ਨਹੀਂ। ਅਗੇਤਰਾਂ ਦੀਆਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

| ਅਗੇਤਰ ਸ਼ਬਦ | ਅਗੇਤਰ-ਯੁਕਤ ਸ਼ਬਦ |
|---|---|
| ਉ | ਉਥੱਲਣਾ, ਉਲੰਘਣਾ, ਉਲੱਦਣਾ |
| ਉਪ (ਛੋਟਾ) | ਉਪਨਾਮ, ਉਪਮੰਤਰੀ, ਉਪਬੋਲੀ |
| ਉਣ (ਘੱਟ) | ਉਣੱਤੀ, ਉਣਤਾਲ਼ੀ, ਉਣਾਸੀ |
| ਅ (ਨਾਂਹ ਵਾਚਕ) | ਅਕੱਥ, ਅਕਹਿ, ਅਸਫਲ, ਅਜਿੱਤ, ਅਸਮਰਥ, ਅਨਾਥ। |
| ਅਣ (ਨਾਂਹ ਵਾਚਕ) | ਅਣਗਿਣਤ, ਅਣਹੋਂਦ, ਅਣਥੱਕ, ਅਣਡਿੱਠ। |
| ਅਪ (ਬੁਰਾ) | ਅਪਸ਼ਗਨ, ਅਪਮਾਨ, ਅਪਕੀਰਤ, ਅਪਸ਼ਬਦ |
| ਅੱਧ (ਅੱਧਾ) | ਅਧਮੋਇਆ, ਅਧਪੱਕਿਆ, ਅਧਰੰਗ, ਅਧਵਾਟੇ |
| ਸ/ ਸੁ (ਚੰਗਾ) | ਸੁਚੱਜਾ, ਸਰੂਪ, ਸੁਭਾਗ, ਸੁਗੰਧ |
| ਸਬ (ਛੋਟਾ) | ਸਬ-ਜੱਜ, ਸਬ-ਕਮੇਟੀ, ਸਬ-ਇੰਸਪੈੱਕਟਰ |
| ਸਹਿ (ਨਾਲ਼) | ਸਹਿਪਾਠੀ, ਸਹਿਯੋਗ, ਸਹਿਮਤ |
| ਸੰ (ਬਰਾਬਰ, ਚੰਗੀ ਤ੍ਰਾਂ) | ਸੰਜੋਗ, ਸੰਪੂਰਨ, ਸੰਵਿਧਾਨ, ਸੰਗਠਨ |
| ਸ੍ਵ, ਸ੍ਵੈ (ਆਪਣਾ) | ਸ੍ਵੈਰੁਜ਼ਗਾਰ, ਸ੍ਵੈਜੀਵਨੀ, ਸ੍ਵਾਧੀਨ, ਸ੍ਵੈਮਾਣ |
| ਸ਼ਾਹ (ਵੱਡਾ) | ਸ਼ਾਹਕਾਰ, ਸ਼ਾਹਰਾਹ, ਸ਼ਾਹਸਵਾਰ, ਸ਼ਾਹਖ਼ਰਚ |
| ਹਮ (ਬਰਾਬਰ, ਚੰਗੀ ਤਰ੍ਹਾਂ) | ਹਮਰਾਜ਼, ਹਮਰਾਹੀ, ਹਮਉਮਰ, ਹਮਦਰਦ, ਹਮਸ਼ਕਲ |
| ਕੁ (ਬੁਰਾ) | ਕੁਕਰਮ, ਕੁਚੱਜ, ਕੁਸੰਗ |
| ਕਮ(ਥੋੜ੍ਹਾ) | ਕਮਜ਼ੋਰ, ਕਮ-ਅਕਲ, ਕਮਦਿਲ |
| ਗ਼ੈਰ (ਬਿਗਾਨਾ) | ਗ਼ੈਰਕਨੂੰਨੀ, ਗ਼ੈਰਸਰਕਾਰੀ, ਗ਼ੈਰਰਸਮੀ, ਗ਼ੈਰਹਾਜ਼ਰ |
| ਖ਼ੁਸ਼ (ਚੰਗਾ) | ਖ਼ੁਸ਼ਦਿਲ, ਖ਼ੁਸ਼ਕਿਸਮਤ, ਖ਼ੁਸ਼ਤਬੀਅਤ, ਖ਼ੁਸ਼ਬੋ |
| ਚੁ (ਚਾਰ) | ਚੁਕੰਨਾ, ਚੁਗਿਰਦਾ, ਚੁਫੇਰਾ, ਚੁਆਨੀ |
| ਚੌ (ਚਾਰ) | ਚੌਪਈ, ਚੌਮੁਖੀ, ਚੌਰਸ, ਚੌਕੜੀ |
| ਦੁਰ (ਬੁਰਾ) | ਦੁਰਗੰਧ, ਦੁਰਘਟਨਾ, ਦੁਰਦਸ਼ਾ, ਦੁਰਜਨ, ਦੁਰਗਤ |
| ਦੁ (ਦੋ) | ਦੁਬਾਰਾ, ਦੁਮੂੰਹੀਂ, ਦੁਵੱਲਾ |
| ਨਿ (ਨਾਂਹਵਾਚਕ) | ਨਿਕੰਮਾ, ਨਿਗੁਰਾ, ਨਿਤਾਣਾ, ਨਿਡਰ, ਨਿਧੜਕ |

| | |
|---|---|
| ਨਿਸ਼ (ਬਿਨਾਂ) | ਨਿਸ਼ਕਪਟ, ਨਿਸ਼ਕਾਮ, ਨਿਸ਼ਚਿੰਤ |
| ਨਿਹ (ਬਿਨਾਂ) | ਨਿਹਚਲ, ਨਿਹਫਲ, ਨਿਹਕਲੰਕ |
| ਨਾ (ਬਿਨਾਂ) | ਨਾਮਨਜ਼ੂਰ, ਨਾਲਾਇਕ, ਨਾਮੁਰਾਦ, ਨਾਖ਼ੁਸ਼ |
| ਪ੍ਰ (ਵੱਡਾ, ਚੰਗੀ ਤਰ੍ਹਾਂ) | ਪ੍ਰਬਲ, ਪ੍ਰਚਲਿਤ, ਪ੍ਰਸਿੱਧ |
| ਪਰ (ਪਰਾਇਆ) | ਪਰਦੇਸ, ਪਰਤੰਤਰ, ਪਰਉਪਕਾਰ, ਪਰਲੋਕ |
| ਮਹਾ (ਵੱਡਾ) | ਮਹਾਤਮਾ, ਮਹਾਰਾਜ, ਮਹਾਰਾਣੀ, ਮਹਾਜਨ। |
| ਮਹਾਂ (ਵੱਡਾ) | ਮਹਾਂਪੁਰਖ, ਮਹਾਂਵਿਦਿਆਲਾ, ਮਹਾਂਕਾਲ। |
| ਬਾ (ਸਣੇ) | ਬਾਅਦਬ , ਬਾਇੱਜ਼ਤ, ਬਾਰੌਣਕ, ਬਾਅਸੂਲ |
| ਪੜ (ਇੱਕ ਦਰਜਾ ਪਰੇ) | ਪੜਦਾਦਾ, ਪੜਨਾਨਾ, ਪੜਪੋਤਾ, ਪੜਛੱਤੀ |
| ਬੇ (ਬਿਨਾਂ) | ਬੇਈਮਾਨ , ਬੇਪਰਵਾਹ ,ਬੇਕਸੂਰ , ਬੇਗੁਨਾਹ |
| ਬਦ (ਬੁਰਾ) | ਬਦਸ਼ਕਲ, ਬਦਨਾਮ, ਬਦਸੂਰਤ, ਬਦਅਸੀਸ, ਬਦਬੋ |
| ਲਾ (ਬਿਨਾਂ) | ਲਾਜਵਾਬ, ਲਾਪਤਾ, ਲਾਪਰਵਾਹ, ਲਾਇਲਾਜ |
| ਵਿ (ਬਿਨਾਂ) | ਵਿਅਰਥ, ਵਿਜੋਗ, ਵਿਚਾਰਾ |
| ਵਿ (ਖ਼ਾਸ, ਬਹੁਤ) | ਵਿਗਿਆਨ, ਵਿਨਾਸ਼ |

**ਅਭਿਆਸ**

1. **ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਅਗੇਤਰ ਲੱਗ ਕੇ ਬਣਿਆ ਹੈ?**

   ੳ. ਬਾਲਕ ਅ. ਬਾਬਾ ੲ. ਬਾਇੱਜ਼ਤ ਸ. ਬਾਹਰ

2. **ਕਿਹੜਾ ਸ਼ਬਦ ਅਗੇਤਰ ਲੱਗ ਕੇ ਨਹੀਂ ਬਣਿਆ?**

   ੳ. ਸਬਜ਼ੀ ਅ. ਸਫਲ ੲ. ਸਪੁੱਤਰ ਸ. ਸਚਿੱਤਰ

3. **'ਬੇ' ਅਗੇਤਰ ਲੱਗ ਕੇ ਬਣਿਆ ਸਹੀ ਸ਼ਬਦ ਚੁਣੋ:**

   ੳ. ਬੇਅੰਤ ਅ. ਬੇਗਮ ੲ. ਬਟੇਾ ਸ. ਬੇਨਤੀ

# ਪਿਛੇਤਰ

ਪਿਛੇਤਰ ਉਹ ਸ਼ਬਦਾਂਸ਼ ਹੁੰਦਾ ਹੈ ਜੋ ਕਿਸੇ ਮੂਲ ਸ਼ਬਦ ਦੇ ਪਿੱਛੇ ਲੱਗ ਕੇ ਉਸ ਦਾ ਅਰਥ ਬਦਲ ਦਿੰਦਾ ਹੈ। ਇਸ ਦੇ ਸੰਬੰਧ ਵਿੱਚ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਪਿਛੇਤਰ ਹਮੇਸ਼ਾਂ ਸਾਰਥਕ ਸ਼ਬਦਾਂ ਨਾਲ਼ ਹੀ ਲੱਗਦਾ ਹੈ, ਨਿਰਾਰਥਕ ਨਾਲ਼ ਨਹੀਂ। ਭਾਵ ਪਿਛੇਤਰ ਸ਼ਬਦ ਹਟਾ ਦੇਣ ਨਾਲ਼ ਪਿੱਛੇ ਸਾਰਥਕ ਸ਼ਬਦ ਦਾ ਬਚਣਾ ਜ਼ਰੂਰੀ ਹੈ, ਜਿਵੇਂ: 'ਸ' ਪਿਛੇਤਰ ਤੋਂ 'ਖਟਾਸ, ਮਿਠਾਸ ਸ਼ਬਦ ਬਣਦੇ ਹਨ ਜਿਨ੍ਹਾਂ ਵਿੱਚ 'ਖੱਟਾ ਤੇ ਮਿੱਠਾ' ਸ਼ਬਦ ਸਾਰਥਕ ਹਨ ਨਿਰਾਰਥਕ ਨਹੀਂ। ਪਿਛੇਤਰਾਂ ਦੀਆਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

| **ਪਿਛੇਤਰ** | **ਪਿਛੇਤਰ-ਯੁਕਤ ਸ਼ਬਦ** |
|---|---|
| ਦੁਲੈਂਕੜ (=) | ਉਜਾੜੂ, ਸਿਆਲ਼ੂ |
| ਕੰਨਾ ਅਤੇ ਵਟ (-) | ਆਕਲ਼, ਸ਼ਰਮਾਕਲ਼, ਡਰਾਕਲ਼ |
| ਬਿਹਾਰੀ | ਉਸਾਰੀ, ਘੂਰੀ |
| ਕੰਨਾ | ਸੱਚਾ, ਠੰਢਾ, ਝੂਠਾ |
| ਕੰਨਾ ਅਤੇ ਨੀ | ਜਿਸਮਾਨੀ, ਬਰਫ਼ਾਨੀ, ਤੁਫ਼ਾਨੀ |
| ਈਲਾ | ਸ਼ਰਮੀਲਾ, ਰੰਗੀਲਾ, ਭੜਕੀਲਾ, ਜੁਸ਼ੀਲਾ |
| ਏਰਾ | ਮੁਟੇਰਾ, ਲੁਟੇਰਾ, ਚੰਗੇਰਾ। |
| ਸ | ਖਟਾਸ, ਮਿਠਾਸ |
| ਸਾਜ਼ | ਘੜੀਸਾਜ਼, ਜਿਲਦਸਾਜ਼, ਜਾਲ੍ਹਸਾਜ਼ |
| ਸਤਾਨ | ਪਾਕਿਸਤਾਨ, ਹਿੰਦੁਸਤਾਨ, ਕਬਰਸਤਾਨ, ਅਫ਼ਗਾਨਿਸਤਾਨ |
| ਹਾਰ | ਹੋਣਹਾਰ, ਪਾਲਣਹਾਰ, ਰੱਖਣਹਾਰ, ਸਿਰਜਣਹਾਰ |
| ਹੀਣ | ਕਰਮਹੀਣ, ਬਲਹੀਣ, ਧਨਹੀਣ, ਰੂਪਹੀਣ |
| ਕਾਰੀ | ਫੁਲਕਾਰੀ, ਆਗਿਆਕਾਰੀ, ਚਿੱਤਰਕਾਰੀ, ਗੁਣਕਾਰੀ |
| ਕਾਰ | ਚਿੱਤਰਕਾਰ, ਕਲਾਕਾਰ, ਸ਼ਾਹਕਾਰ, ਪੱਤਰਕਾਰ |
| ਗੀਰ | ਰਾਹਗੀਰ, ਆਲਮਗੀਰ, ਦਿਲਗੀਰ |
| ਗਾਰ | ਯਾਦਗਾਰ, ਮਦਦਗਾਰ, ਗੁਨਾਹਗਾਰ |
| ਚਾਰੀ | ਲੋਕਾਚਾਰੀ, ਪਰਾਹੁਣਚਾਰੀ, ਕਰਮਚਾਰੀ |

| | |
|---|---|
| ਚੀ | ਖ਼ਜ਼ਾਨਚੀ, ਤੋਪਚੀ, ਮਸ਼ਾਲਚੀ, ਨਿਸ਼ਾਨਚੀ |
| ਣਾ | ਘਟਣਾ, ਖਾਣਾ, ਪੀਣਾ, ਸੌਂਣਾ, ਵੇਖਣਾ |
| ਣੀ | ਸੰਤਣੀ, ਨਟਣੀ, ਰਹਿਣੀ, ਬਹਿਣੀ, ਤੱਕਣੀ |
| ਨਾ | ਕਰਨਾ, ਜਾਣਨਾ, ਪਛਾਣਨਾ, ਸੁਣਨਾ |
| ਨੀ | ਕਰਨੀ, ਭਰਨੀ, ਜਾਦੂਗਰਨੀ, ਫ਼ਕੀਰਨੀ |
| ਤ | ਸੰਗਤ, ਰੰਗਤ, ਅਪੰਗਤ |
| ਤਾ | ਮੰਗਤਾ, ਮਿੱਤਰਤਾ, ਸੁੰਦਰਤਾ, ਮੂਰਖਤਾ |
| ਤਾਈ | ਮਿੱਤਰਤਾਈ, ਮੂਰਖਤਾਈ, ਵਿਸ਼ੇਸ਼ਤਾਈ |
| ਦਾਰ | ਜਮਾਦਾਰ, ਚੌਕੀਦਾਰ, ਠੇਕੇਦਾਰ |
| ਦਾਨ | ਰੋਸ਼ਨਦਾਨ, ਫੁੱਲਦਾਨ, ਖ਼ਾਨਦਾਨ |
| ਪਣ | ਬਚਪਣ, ਭੋਲ਼ਾਪਣ, ਵਡੱਪਣ, ਬਾਲਪਣ |
| ਬਾਨ | ਮਿਹਰਬਾਨ, ਨਿਗ੍ਹਾਬਾਨ, ਬਾਗ਼ਬਾਨ |
| ਬਾਜ਼ | ਚਾਲਬਾਜ਼, ਧੋਖੇਬਾਜ਼, ਜੂਏਬਾਜ਼, ਜੰਗਬਾਜ਼ |
| ਮਾਰ | ਚੂਹੇਮਾਰ, ਮੱਛਰਮਾਰ, ਚਿੜੀਮਾਰ, ਨੜੀਮਾਰ |
| ਮੰਦ | ਅਕਲਮੰਦ, ਫ਼ਿਕਰਮੰਦ, ਅਹਿਸਾਨਮੰਦ |
| ਮਾਨ | ਬੁੱਧੀਮਾਨ, ਮੂਰਤੀਮਾਨ, ਸ਼ਕਤੀਮਾਨ |
| ਲ਼ | ਢਿੱਡਲ਼, ਹੱਥਲ਼, ਜੱਤਲ਼ |
| ਲੂ | ਸ਼ਰਧਾਲੂ, ਦਿਆਲੂ, ਈਰਖਾਲੂ |
| ਲਾ | ਅਗਲਾ, ਪਿਛਲਾ, ਲਾਡਲਾ, ਅਖ਼ੀਰਲਾ |
| ਦਾਇਕ | ਸਿੱਖਿਆਦਾਇਕ, ਸੁਖਦਾਇਕ, ਲਾਭਦਾਇਕ |
| ਵਰ | ਤਾਕਤਵਰ, ਨਾਮਵਰ, ਜਾਨਵਰ, ਜ਼ੋਰਾਵਰ |
| ਆਵਟ | ਸਜਾਵਟ, ਫੁਲਾਵਟ, ਰੁਕਾਵਟ, ਮਿਲ਼ਾਵਟ |
| ਵਾਨ | ਬਲਵਾਨ, ਰਥਵਾਨ, ਕੋਚਵਾਨ |
| ਵਾਲ | ਕੋਤਵਾਲ, ਭਾਈਵਾਲ, ਮਹੀਂਵਾਲ |

| | |
|---|---|
| ੜ | ਭੁੱਖੜ, ਛੁੱਟੜ, ਧੱਕੜ |
| ੜਾ | ਬੱਚੜਾ, ਚਰਖੜਾ, ਬੁਢੜਾ |
| ੜੀ | ਸੰਦੂਕੜੀ, ਬੁਢੜੀ, ਕੋਠੜੀ |

## ਅਭਿਆਸ

**1. 'ਆਣੀ' ਸ਼ਬਦ ਪਿਛੇਤਰ ਲੱਗ ਕੇ ਬਣਿਆ ਹੈ:**

(ੳ) ਪਾਣੀ (ਅ) ਬਾਣੀ (ੲ) ਰਾਣੀ (ਸ) ਪੰਡਤਾਣੀ

**2. ਕਿਹੜਾ ਸ਼ਬਦ ਪਿਛੇਤਰ ਲੱਗ ਕੇ ਨਹੀਂ ਬਣਿਆ:**

(ੳ) ਠੇਕੇਦਾਰੀ (ਅ) ਵਫ਼ਾਦਾਰੀ (ੲ) ਗੱਦਾਰੀ (ਸ) ਦੁਨੀਆਦਾਰੀ

**3. 'ਈ' ਪਿਛੇਤਰ ਵਾਲ਼ਾ ਸਹੀ ਸ਼ਬਦ ਕਿਹੜਾ ਹੈ:**

(ੳ) ਗ਼ਰੀਬੀ (ਅ) ਨਿਮਾਣੀ (ੲ) ਰੰਗੀਨ (ਸ) ਸੰਗੀਨ

**4. 'ਦੁਲੈਂਕੜ' ਪਿਛੇਤਰ ਵਾਲ਼ਾ ਸਹੀ ਸ਼ਬਦ ਕਿਹੜਾ ਹੈ:**

(ੳ) ਉਜਾੜੂ (ਅ) ਗਾਉਣ (ੲ) ਚਮਤਕਾਰੀ (ਸ) ਖਟਾਸ

**5. 'ਈਨ' ਸ਼ਬਦ ਦਾ ਸਹੀ ਪਿਛੇਤਰ ਕਿਹੜਾ ਹੈ:**

(ੳ) ਸਜਾਵਟ (ਅ) ਮਲੀਨ (ੲ) ਭੜਕੀਲਾ (ਸ) ਰੰਗੀਲਾ

# ਪੈਰਾ-ਰਚਨਾ

ਕਿਸੇ ਵਿਸ਼ੇ ਉੱਤੇ ਘੱਟ ਸ਼ਬਦਾਂ ਵਿੱਚ ਵੱਡੀ ਗੱਲ ਕਰਦਿਆਂ ਇੱਕ ਪੈਰੇ ਦੀ ਰਚਨਾ ਕਰਨ ਨੂੰ ਪੈਰਾ-ਰਚਨਾ ਕਿਹਾ ਜਾਂਦਾ ਹੈ। ਉਂਞ ਤਾਂ ਸਾਹਿਤ ਦੇ ਖੇਤਰ ਵਿੱਚ ਕਵਿਤਾ ਤੋਂ ਛੁੱਟ ਲੇਖ, ਕਹਾਣੀ, ਨਾਵਲ ਤੇ ਨਾਟਕ ਨੂੰ ਲਿਖਿਆ ਹੀ ਪੈਰਿਆਂ ਵਿੱਚ ਜਾਂਦਾ ਹੈ ਪਰ ਇੱਥੇ ਪੈਰਾ-ਰਚਨਾ ਦਾ ਅਰਥ ਸੁਤੰਤਰ ਤੌਰ 'ਤੇ ਇੱਕ ਪੈਰੇ ਦੀ ਰਚਨਾ ਕਰਨਾ ਹੈ। ਪੈਰਾ-ਰਚਨਾ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ ਅਤੇ ਉਸ ਵਿਸ਼ੇ ਉੱਤੇ ਲੇਖ, ਪੁਸਤਕ ਜਾਂ ਗ੍ਰੰਥ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਪਰ ਇੱਥੇ ਵਿਸਤਾਰ ਨਹੀਂ ਸੰਖੇਪ ਰਹਿੰਦਿਆਂ ਹੋਇਆਂ 'ਗਾਗਰ ਵਿੱਚ ਸਾਗਰ ਭਰਨ' ਦਾ ਕਾਰਜ ਮੂਲ ਹੈ।

ਪੈਰੇ ਦਾ ਆਕਾਰ ਸੀਮਿਤ ਹੋਣ ਕਰਕੇ ਇਸ ਵਿੱਚ ਕਿਸੇ ਵਿਸ਼ੇ ਬਾਰੇ ਬਹੁਤਾ ਕੁਝ ਨਹੀਂ ਲਿਖਿਆ ਜਾ ਸਕਦਾ, ਤਾਂ ਵੀ ਲਿਖਣ ਵਾਲ਼ੇ ਦਾ ਹੁਨਰ ਇਸ ਗੱਲ ਵਿੱਚ ਹੈ ਕਿ ਪੈਰਾ ਅਧੂਰਾ ਨਾ ਜਾਪੇ। ਚੰਗੀ ਪੈਰਾ-ਰਚਨਾ ਉਹ ਹੀ ਹੈ ਜਿਸ ਵਿੱਚ ਕੋਈ ਗੱਲ ਸਰਲ ਅਤੇ ਸਮਰੱਥ ਢੰਗ ਨਾਲ਼ ਕਹੀ ਜਾਂਦੀ ਹੈ, ਨਾਲ਼ ਹੀ ਇਹ ਢੰਗ ਪ੍ਰਭਾਵਸ਼ਾਲੀ ਵੀ ਹੋਣਾ ਚਾਹੀਦਾ ਹੈ। ਪੈਰੇ ਦਾ ਪ੍ਰਭਾਵ ਢੁਕਵੇਂ ਸ਼ਬਦਾਂ, ਲੁੜੀਂਦੇ ਮੁਹਾਵਰਿਆਂ, ਅਖਾਉਤਾਂ ਆਦਿ ਦੀ ਸੁਚੱਜੀ ਵਰਤੋਂ ਨਾਲ਼ ਵਧਦਾ ਹੈ ਪਰ ਇਹ ਵੀ ਤਦ ਹੀ ਪ੍ਰਭਾਵਸ਼ਾਲੀ ਹੋ ਸਕਦੇ ਹਨ ਜੇ ਸ਼ਬਦ-ਜੋੜ, ਵਾਕ-ਬਣਤਰ ਤੇ ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਸਹੀ ਢੰਗ ਨਾਲ਼ ਕੀਤੀ ਗਈ ਹੋਵੇ। ਜੇਕਰ ਵਿਦਿਆਰਥੀ ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰੱਖਣ ਤਾਂ ਯਕੀਨਨ ਇੱਕ ਵਧੀਆ ਪੈਰਾ ਲਿਖ ਸਕਦੇ ਹਨ। ਵਿਦਿਆਰਥੀ ਪੈਰਾ ਲਿਖਣ ਤੋਂ ਬਾਅਦ, ਉਸ ਨੂੰ ਇੱਕ ਵਾਰ ਜ਼ਰੂਰ ਪੜ੍ਹਨ ਤਾਂਜੋ ਗ਼ਲਤੀਆਂ ਨੂੰ ਸੁਧਾਰ ਕੇ ਰਚਨਾ ਨੂੰ ਹੋਰ ਵਧੀਆ ਬਣਾਇਆ ਜਾ ਸਕੇ। ਵਿਦਿਆਰਥੀਆਂ ਦੇ ਅਭਿਆਸ ਤੇ ਸਮਝ ਲਈ ਪੈਰਾ-ਰਚਨਾ ਦੇ ਕੁਝ ਨਮੂਨੇ ਹੇਠਾਂ ਦਿੱਤੇ ਜਾ ਰਹੇ ਹਨ।

## ਸਾਫ਼-ਸਫ਼ਾਈ ਦਾ ਮਹੱਤਵ

ਘਰ ਵਾਂਗ ਸਕੂਲ ਵਿੱਚ ਵੀ ਸਫ਼ਾਈ ਬੜੀ ਜ਼ਰੂਰੀ ਹੈ। ਸਕੂਲ ਵਿੱਚ ਕੂੜਾ-ਕਰਕਟ ਵਧੇਰੇ ਕਰਕੇ ਪਾਟੇ ਹੋਏ ਕਾਗ਼ਜ਼ਾਂ ਆਦਿ ਦਾ ਹੀ ਹੁੰਦਾ ਹੈ ਇਸ ਲਈ ਜੇ ਹਰ ਵਿਦਿਆਰਥੀ ਅਜਿਹਾ ਕੂੜਾ-ਕਰਕਟ ਖਿਲਾਰਨ ਤੋਂ ਸੰਕੋਚ ਕਰੇ ਤਾਂ ਗੰਦਗੀ ਬਹੁਤ ਘੱਟ ਫੈਲੇਗੀ। ਕੁਝ ਮਿੱਟੀ-ਘੱਟਾ ਤੇਜ਼ ਹਵਾ ਚੱਲਣ ਨਾਲ਼ ਹੁੰਦਾ ਹੈ ਜਿਸ ਲਈ ਹਰ ਰੋਜ਼ ਸਫ਼ਾਈ ਦੀ ਲੋੜ ਹੈ। ਆਮ ਸਕੂਲਾਂ ਵਿੱਚ ਇੱਕ ਸਫ਼ਾਈ-ਸੇਵਕ ਹੁੰਦਾ ਹੈ। ਚੰਗੇ ਸਕੂਲਾਂ ਵਿੱਚ ਸਫ਼ਾਈ ਦਾ ਕੁਝ ਕੰਮ ਵਿਦਿਆਰਥੀਆਂ ਕੋਲ਼ੋਂ ਵੀ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਉਹਨਾਂ ਨੂੰ ਆਪਣੀ ਸਫ਼ਾਈ ਆਪ ਕਰਨ ਦੀ ਜਾਚ ਆਉਂਦੀ ਹੈ। ਕਈਆਂ ਸਕੂਲਾਂ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਸਫ਼ਾਈ-ਮੁਕਾਬਲੇ ਹੁੰਦੇ ਹਨ ਇਸ ਲਈ ਹਰ ਸ਼੍ਰੇਣੀ ਦੇ ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਨੂੰ ਇੱਕ ਪਾਸੇ ਘੱਟ ਗੰਦਾ ਕਰਨ ਅਤੇ ਦੂਜੇ ਪਾਸੇ ਸਾਫ਼ ਰੱਖਣ ਦੀ ਪੂਰੀ ਕੋਸ਼ਸ਼ ਕਰਦੇ ਹਨ।

## ਮੇਲ਼-ਜੋਲ਼

ਮੇਲ਼-ਜੋਲ਼ ਦੀ ਭਾਵਨਾ ਸਮਾਜ ਦੀ ਬੁਨਿਆਦ ਹੁੰਦੀ ਹੈ। ਮੇਲ਼-ਜੋਲ਼ ਤੋਂ ਬਿਨਾਂ ਕਿਸੇ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮੇਲ਼-ਜੋਲ਼ ਦੀ ਭਾਵਨਾ ਪਰਿਵਾਰ ਤੋਂ ਹੀ ਵਿਕਸਿਤ ਹੁੰਦੀ ਹੈ। ਪਰਿਵਾਰ ਦੇ ਮੈਂਬਰਾਂ ਦਾ ਰਲ਼ ਕੇ ਕੰਮ ਨਿਬੇੜਨਾ, ਇੱਕ-ਦੂਜੇ ਦੀ ਖ਼ੁਸ਼ੀ ਅਤੇ ਦੁੱਖ ਨੂੰ ਆਪਣਾ ਸਮਝਣਾ, ਇਸ ਭਾਵਨਾ ਨੂੰ

ਪ੍ਰਫੁਲਿਤ ਕਰਦਾ ਹੈ। ਕੋਈ ਵੀ ਮਨੁੱਖ ਏਨਾ ਯੋਗ ਨਹੀਂ ਕਿ ਉਹ ਇਕੱਲਾ ਜ਼ਿੰਦਗੀ ਦਾ ਅਨੰਦ ਲੈ ਸਕੇ। ਸਾਡੇ ਸੱਭਿਆਚਾਰ ਵਿੱਚ ਮੇਲੇ, ਤਿਉਹਾਰ ਅਤੇ ਸਮੁੱਚੇ ਰਸਮ-ਰਿਵਾਜ ਮੇਲ਼-ਜੋਲ਼ ਦੇ ਬਹੁਤ ਸਾਰੇ ਮੌਕੇ ਪ੍ਰਦਾਨ ਕਰਦੇ ਹਨ। ਸਿਆਣਿਆਂ ਦੇ ਕਥਨ 'ਹੱਥ ਨੂੰ ਹੱਥ ਧੋਂਦਾ ਹੈ' ਅਤੇ 'ਬੰਦਾ ਹੀ ਬੰਦੇ ਦਾ ਦਾਰੂ ਹੈ', ਮੇਲ਼-ਜੋਲ਼ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹਨ। ਮੇਲ਼-ਜੋਲ਼ ਦੁਨੀਆ ਦੇ ਵਿਕਾਸ ਦਾ ਆਧਾਰ ਹੈ। ਹਰ ਇੱਕ ਨੂੰ ਹਰ ਥਾਂ 'ਤੇ ਕਿਸੇ ਨਾ ਕਿਸੇ ਦੇ ਸਹਿਯੋਗ ਤੇ ਮੇਲ਼-ਜੋਲ਼ ਦੀ ਲੋੜ ਪੈਂਦੀ ਹੈ। ਮੇਲ਼-ਜੋਲ਼ ਦੀ, ਜ਼ਿੰਦਗੀ ਦੇ ਨਿੱਜੀ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਦਿ ਹਰ ਖੇਤਰ ਵਿੱਚ ਲੋੜ ਹੈ। ਅਜੋਕੇ ਸਮੇਂ ਵਿੱਚ ਮੇਲ਼-ਜੋਲ਼ ਦਾ ਆਧਾਰ ਪੈਸਾ ਅਤੇ ਪਦਾਰਥ ਬਣ ਰਿਹਾ ਹੈ। ਅਜਿਹਾ ਮੇਲ਼-ਜੋਲ਼ ਸ੍ਵਾਰਥੀ ਹਿਤਾਂ ਦੀ ਪੂਰਤੀ ਲਈ ਹੁੰਦਾ ਹੈ ਇਸ ਲਈ ਇਹ ਬਹੁਤਾ ਚਿਰ ਨਹੀਂ ਨਿਭਦਾ ਪਰ ਮਾਨਵਤਾ-ਆਧਾਰਿਤ ਮੇਲ਼-ਜੋਲ਼ ਸਦੀਵੀ ਅਤੇ ਸਰਬ-ਵਿਆਪਕ ਹੈ।

## ਪੋਸਟ-ਮਾਸਟਰ

ਪੋਸਟ-ਮਾਸਟਰ ਸਾਡੇ ਜੀਵਨ ਦੇ ਹਰ ਖੇਤਰ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਉਹ ਨਿੱਜੀ, ਵਪਾਰਿਕ, ਸਰਕਾਰੀ ਚਿੱਠੀਆਂ, ਪਾਰਸਲ, ਰਜਿਸਟਰੀਆਂ ਅਤੇ ਮਨੀਆਰਡਰ ਆਪਣੇ ਫ਼ਰਜ਼ਾਂ ਦੀ ਕੁਤਾਹੀ ਕੀਤੇ ਬਿਨਾਂ ਤੁਹਾਡੇ ਹੱਥਾਂ ਵਿੱਚ ਪਹੁੰਚਾਉਂਦਾ ਹੈ। ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ ਜਿਸ ਵਿੱਚ ਸੁਨੇਹਾ ਪਹੁੰਚਾਉਣ ਲਈ ਟੈਲੀਫ਼ੂਨ, ਟੈਲੀਪ੍ਰਿੰਟਰ, ਫ਼ੈਕਸ, ਮੋਬਾਈਲ ਫ਼ੋਨ ਅਤੇ ਇੰਟਰਨੈੱਟ ਦੀ ਵਰਤੋਂ ਰਾਹੀਂ ਸੁਨੇਹੇ ਝੱਟ-ਪੱਟ ਪਹੁੰਚ ਜਾਂਦੇ ਹਨ ਪਰ ਡਾਕੀਏ ਦਾ ਮਹੱਤਵ ਫਿਰ ਵੀ ਜਿਉਂ ਦਾ ਤਿਉਂ ਹੀ ਬਣਿਆ ਹੋਇਆ ਹੈ। ਇਹ ਖੇਤਰ ਹੁਣ ਸਿਰਫ਼ ਮਰਦਾਂ ਲਈ ਹੀ ਰਾਖਵਾਂ ਨਹੀਂ, ਹੁਣ ਚੰਡੀਗੜ੍ਹ ਵਰਗੇ ਵੱਡੇ ਸ਼ਹਿਰਾਂ ਅੰਦਰ ਔਰਤਾਂ ਵੀ ਡਾਕੀਏ ਦੀ ਨੌਕਰੀ ਕਰਨ ਤੋਂ ਨਹੀਂ ਘਬਰਾਉਂਦੀਆਂ। ਪੋਸਟ-ਮਾਸਟਰ ਦੀ ਪੁਸ਼ਾਕ ਵਿੱਚ ਔਰਤ ਬਹੁਤ ਹੀ ਫੁਰਤੀਲੀ ਅਤੇ ਮਿਹਨਤੀ ਜਾਪਦੀ ਹੈ। ਪੋਸਟ-ਮਾਸਟਰ ਇੱਕ ਸਰਕਾਰੀ ਮੁਲਾਜ਼ਮ ਹੈ ਅਤੇ ਪੁਰਾਣੇ ਸਮੇਂ ਤੋਂ ਹੀ ਸਾਈਕਲ ਉੱਤੇ ਡਾਕ ਵੰਡਣ ਦਾ ਕੰਮ ਕਰਦਾ ਆ ਰਿਹਾ ਹੈ। ਉਸ ਲਈ ਗ਼ਰੀਬ, ਅਮੀਰ ਅਤੇ ਹਰ ਆਮ-ਖ਼ਾਸ ਵਿਅਕਤੀ ਇੱਕੋ-ਜਿੰਨੀ ਅਹਿਮੀਅਤ (ਮਹੱਤਵ) ਰੱਖਦੇ ਹਨ। ਅੱਜ ਪ੍ਰਾਈਵੇਟ ਕੰਪਨੀਆਂ ਦੁਆਰਾ ਭਾਵੇਂ ਕੋਰੀਅਰ ਸਰਵਿਸ ਚਲਾਈ ਜਾ ਰਹੀ ਹੈ ਪਰ ਬਦਲਦੇ ਯੁੱਗ ਵਿੱਚ ਪੋਸਟ-ਮਾਸਟਰ ਦੀ ਘੰਟੀ ਦਾ ਇੰਤਜ਼ਾਰ ਅਜੇ ਵੀ ਹੈ। ਇਸ ਦਾ ਕਿੱਤਾ ਬਹੁਤ ਹੀ ਇਮਾਨਦਾਰੀ ਵਾਲ਼ਾ ਹੈ ਜੋ ਸਭਨਾਂ ਨੂੰ ਖ਼ੁਸ਼ੀ ਦਿੰਦਾ ਹੈ।

## ਸਾਝ ਕਰੀਜੈ ਗੁਣਹ ਕੇਰੀ

ਇਹ ਪੂਰੀ ਤੁਕ ਇਸ ਪ੍ਰਕਾਰ ਹੈ : ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥ ਇਸ ਤੁਕ ਵਿੱਚ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸੁਨੇਹਾ ਦਿੰਦੇ ਹਨ ਕਿ ਸਾਨੂੰ ਦੂਜਿਆਂ ਦੇ ਗੁਣਾਂ ਨਾਲ਼ ਸਾਂਝ ਪਾਉਣੀ ਚਾਹੀਦੀ ਹੈ ਅਤੇ ਉਹਨਾਂ ਦੇ ਔਗਣਾਂ ਨੂੰ ਨਹੀਂ ਚਿਤਾਰਨਾ ਚਾਹੀਦਾ। ਦੂਜਿਆਂ ਦੇ ਗੁਣਾਂ ਨਾਲ਼ ਸਾਂਝ ਪਾ ਕੇ ਅਸੀਂ ਜਿੱਥੇ ਉਹਨਾਂ ਨਾਲ਼ ਸਮਾਜਿਕ ਤੌਰ 'ਤੇ ਜੁੜ ਜਾਂਦੇ ਹਾਂ, ਉੱਥੇ ਉਹਨਾਂ ਦੇ ਗੁਣਾਂ ਨੂੰ ਗ੍ਰਹਿਣ ਕਰ ਕੇ ਆਪ ਵੀ ਅਨੇਕਾਂ ਗੁਣਾਂ ਨਾਲ਼ ਅਮੀਰ ਹੁੰਦੇ ਹਾਂ। ਸਮਾਜ ਵਿੱਚ ਦੂਜਿਆਂ ਦੇ ਗੁਣਾਂ ਦੀ ਸਾਂਝ ਪਰਸਪਰ ਪ੍ਰਸੰਸਾ ਦੇ ਭਾਵ ਪੈਦਾ ਕਰਦੀ ਹੈ। ਤਦ ਕਿਸੇ ਨੂੰ ਰੱਦ ਕਰਨ ਜਾਂ ਕਿਸੇ ਨੂੰ ਨਫ਼ਰਤ ਕਰਨ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਹਰ ਮਨੁੱਖ ਵਿੱਚ ਚੰਗਿਆਈਆਂ-ਬੁਰਾਈਆਂ ਦੋਵੇਂ ਹੁੰਦੀਆਂ ਹਨ। ਸਾਨੂੰ ਕੇਵਲ ਚੰਗਿਆਈਆਂ ਨੂੰ ਵਧਾਉਣ ਵੱਲ ਰੁਚਿਤ ਹੋਣਾ ਚਾਹੀਦਾ ਹੈ। ਇਹ ਜੀਵਨ ਪ੍ਰਤਿ ਹਾਂਵਾਚੀ ਦ੍ਰਿਸ਼ਟੀਕੋਣ ਹੈ। ਇਸ ਅਨੁਸਾਰ ਚੱਲਿਆਂ ਸਾਰੇ ਮਨੁੱਖ ਆਪਸ ਵਿੱਚ ਨਾ ਕੇਵਲ ਪਿਆਰ ਨਾਲ਼ ਰਹਿਣਗੇ ਸਗੋਂ ਉਹਨਾਂ ਵਿੱਚ ਦਿਨੋ-ਦਿਨ ਮਾਨਵੀ ਗੁਣਾਂ ਦਾ ਵਿਕਾਸ ਵੀ ਹੋਵੇਗਾ।

## ਪੌਸ਼ਟਿਕ ਆਹਾਰ

ਪੌਸ਼ਟਿਕ ਆਹਾਰ ਉਹ ਹੁੰਦਾ ਹੈ ਜਿਸ ਵਿੱਚ ਮਨੁੱਖ ਦੇ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਲੁੜੀਂਦੇ ਸਾਰੇ ਤੱਤ ਹੋਣ। ਹਰ ਵਿਅਕਤੀ ਲਈ, ਖ਼ਾਸ ਕਰਕੇ ਬੱਚਿਆਂ ਲਈ ਪੌਸ਼ਟਿਕ ਆਹਾਰ ਦੀ ਬਹੁਤ ਲੋੜ ਹੈ। ਆਮ ਖਾਧੀ ਜਾਂਦੀ ਖ਼ੁਰਾਕ ਪੌਸ਼ਟਿਕ ਨਹੀਂ ਹੁੰਦੀ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਇੱਕ ਕਾਰਨ ਇਸ ਪੱਖ ਬਾਰੇ ਅਗਿਆਨਤਾ ਹੋ ਸਕਦਾ ਹੈ। ਦੂਜਾ ਕਾਰਨ ਪੌਸ਼ਟਿਕ ਆਹਾਰ ਹਾਸਲ ਕਰਨ ਦੀ ਅਸਮਰਥਾ ਹੋ ਸਕਦਾ ਹੈ। ਤੀਜਾ ਕਾਰਨ ਖਾਣ-ਪੀਣ ਸੰਬੰਧੀ ਗ਼ਲਤ ਆਦਤਾਂ ਹੋ ਸਕਦਾ ਹੈ। ਪੌਸ਼ਟਿਕ ਆਹਾਰ ਵਿੱਚ ਕਾਰਬੋਹਾਈਡ੍ਰੇਟ, ਪ੍ਰੋਟੀਨ, ਭਿੰਨ-ਭਿੰਨ ਪ੍ਰਕਾਰ ਦੇ ਵਿਟਾਮਿਨ, ਖਣਿਜ ਆਦਿ ਤੱਤ ਹੁੰਦੇ ਹਨ। ਇਹ ਸਾਰੇ ਤੱਤ ਅਨਾਜਾਂ, ਦਾਲ਼ਾਂ, ਸਬਜ਼ੀਆਂ, ਫਲ਼ਾਂ, ਦੁੱਧ ਆਦਿ ਤੋਂ ਪ੍ਰਾਪਤ ਹੁੰਦੇ ਹਨ। ਭੋਜਨ ਪਕਾਉਣ ਅਤੇ ਉਸ ਨੂੰ ਸਾਂਭਣ ਦੇ ਤਰੀਕਿਆਂ 'ਤੇ ਵੀ ਇਹਨਾਂ ਤੱਤਾਂ ਦੀ ਸੰਭਾਲ਼ ਨਿਰਭਰ ਹੁੰਦੀ ਹੈ। ਠੀਕ ਖ਼ੁਰਾਕ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਵਿਦਿਆਰਥੀ ਜੀਵਨ ਵਿੱਚ ਹੀ ਮਿਲ਼ ਜਾਣੀ ਚਾਹੀਦੀ ਹੈ। ਹੋਰ ਵੀ ਚੰਗਾ ਹੋਵੇ ਜੇ ਪੌਸ਼ਟਿਕ ਆਹਾਰ ਬਾਰੇ ਮਾਪਿਆਂ ਨੂੰ ਠੀਕ ਜਾਣਕਾਰੀ ਹੋਵੇ।

## ਇਮਤਿਹਾਨ ਦੀ ਘੜੀ

ਸਾਰਾ ਸਾਲ ਉਡੀਕਦਿਆਂ ਅੰਤ ਨੂੰ ਇਮਤਿਹਾਨ ਦੇਣ ਦਾ ਸਮਾਂ ਆ ਹੀ ਜਾਂਦਾ ਹੈ। ਦਿਨ-ਰਾਤ ਕੀਤੀ ਮਿਹਨਤ, ਇਮਤਿਹਾਨ ਲਈ ਤਿਆਰ ਕੀਤੇ ਨੋਟ ਅਤੇ ਅਧਿਆਪਕਾਂ ਦੀਆਂ ਸਮਝਾਈਆਂ ਗੱਲਾਂ ਆਦਿ ਸਭ ਨੂੰ ਪਰਖੇ ਜਾਣ ਦੀ ਘੜੀ ਆ ਜਾਂਦੀ ਹੈ। ਵਿਦਿਆਰਥੀ ਇਮਤਿਹਾਨ-ਕੇਂਦਰ ਅੱਗੇ ਬੇਤਾਬ ਹੋ ਕੇ ਖੜ੍ਹੇ ਹੁੰਦੇ ਹਨ। ਇਸ ਸਮੇਂ ਇੱਕ ਪਾਸੇ ਤੌਖ਼ਲਾ ਹੁੰਦਾ ਹੈ ਕਿ ਪਰਚਾ ਪਤਾ ਨਹੀਂ ਕਿਹੋ-ਜਿਹਾ ਆਵੇਗਾ। ਦੂਜੇ ਪਾਸੇ ਆਪਣਾ ਹੁਣ ਤੱਕ ਦਾ ਪੜ੍ਹਿਆ ਯਾਦ ਰੱਖਣ ਦੀ ਕੋਸ਼ਸ਼ ਹੁੰਦੀ ਹੈ ਤਾਂਜੋ ਮੌਕੇ-ਦੇ-ਮੌਕੇ ਕੁਝ ਭੁੱਲ ਨਾ ਜਾਵੇ। ਇਹ ਵੀ ਡਰ ਹੁੰਦਾ ਹੈ ਕਿ ਕਿਤੇ ਪਰਚਾ ਪੜ੍ਹੇ-ਪੜ੍ਹਾਏ ਤੋਂ ਬਾਹਰੋਂ ਨਾ ਆ ਜਾਵੇ। ਜਿਨ੍ਹਾਂ ਨੇ ਸਾਲ ਭਰ ਮਿਹਨਤ ਕੀਤੀ ਹੁੰਦੀ ਹੈ, ਉਹਨਾਂ ਵਿੱਚ ਬੜਾ ਆਤਮ-ਵਿਸ਼ਵਾਸ ਹੁੰਦਾ ਹੈ। ਦੂਜੇ ਬੰਨੇ ਜਿਹੜੇ ਹਮੇਸ਼ਾਂ ਮਿਹਨਤ ਤੋਂ ਕੰਨੀ ਕਤਰਾਉਂਦੇ ਰਹੇ ਹੁੰਦੇ ਹਨ, ਉਹ ਇਮਤਿਹਾਨ ਦੀ ਘੜੀ ਪਰਾਏ ਆਸਰਿਆਂ ਵੱਲ ਤੱਕਦੇ ਹਨ। ਇਮਤਿਹਾਨ ਤੋਂ ਪਹਿਲਾਂ ਦੇ ਇਹ ਕੁਝ ਮਿੰਟ ਬੜੀ ਬੇਕਰਾਰੀ ਵਾਲ਼ੇ ਹੁੰਦੇ ਹਨ। ਇਸ ਥੋੜ੍ਹੇ ਜਿਹੇ ਸਮੇਂ ਵਿੱਚ ਵਿਦਿਆਰਥੀਆਂ ਦੇ ਮਨਾਂ ਵਿੱਚੋਂ ਸੈਂਕੜੇ ਹੀ ਰਲ਼ੇ-ਮਿਲ਼ੇ ਖ਼ਿਆਲ ਲੰਘਦੇ ਹਨ।

## ਸੇਵਾ ਦੀ ਲਗਨ

ਡਾ. ਹਰਕੀਰਤ ਸਿੰਘ ਸਾਡੇ ਪਿੰਡ ਦਾ ਇੱਕ ਅਗਾਂਹਵਧੂ ਨੌਜਵਾਨ ਹੈ। ਉਸ ਦੀ ਉਮਰ ਲਗ-ਪਗ 30 ਸਾਲ ਹੈ। ਉਹ ਸਾਡੇ ਪਿੰਡ ਦੀ ਸਰਕਾਰੀ ਡਿਸਪੈਂਸਰੀ ਵਿੱਚ ਡਾਕਟਰ ਲੱਗਿਆ ਹੋਇਆ ਹੈ। ਸਾਡੇ ਪਿੰਡ ਦੇ ਜਿਹੜੇ ਲੜਕੇ ਪੜ੍ਹ-ਲਿਖ ਕੇ ਉੱਚੇ ਅਹੁਦਿਆਂ 'ਤੇ ਪਹੁੰਚੇ ਹਨ, ਉਹਨਾਂ ਵਿੱਚੋਂ ਬਹੁਤੇ ਸ਼ਹਿਰ ਵਿੱਚ ਜਾ ਕੇ ਰਹਿਣ ਲੱਗੇ ਹਨ ਪਰ ਡਾ. ਹਰਕੀਰਤ ਸਿੰਘ ਨੇ ਆਪਣੇ ਪਿੰਡ ਹੀ ਰਹਿਣ ਅਤੇ ਸੇਵਾ ਕਰਨ ਨੂੰ ਪਹਿਲ ਦਿੱਤੀ ਹੈ। ਇਸ ਨਾਲ਼ ਸਾਡਾ ਪਿੰਡ ਝੋਲ਼ਾ-ਛਾਪ ਡਾਕਟਰਾਂ ਤੋਂ ਮੁਕਤ ਹੋ ਗਿਆ ਹੈ। ਲੋਕਾਂ ਨੂੰ ਪਿੰਡ ਵਿੱਚ ਹੀ ਵਧੀਆ ਸਿਹਤ-ਸਹੂਲਤਾਂ ਮਿਲ਼ਨ ਲੱਗੀਆਂ ਹਨ। ਡਾ. ਹਰਕੀਰਤ ਸਿੰਘ ਸਮਾਜ-ਸੇਵੀ ਸੰਸਥਾਵਾਂ ਦੀ ਮਦਦ ਨਾਲ਼ ਸਮੇਂ-ਸਮੇਂ ਪਿੰਡ ਵਿੱਚ ਡਾਕਟਰੀ ਚੈੱਕ-ਅੱਪ ਕੈਂਪ ਵੀ ਲਗਵਾਉਂਦਾ ਰਹਿੰਦਾ ਹੈ। ਉਹ ਪਿੰਡ ਦੇ ਲੋਕਾਂ ਨੂੰ ਸਮਾਜਿਕ ਬੁਰਾਈਆਂ ਸੰਬੰਧੀ ਵੀ ਜਾਗਰੂਕ ਕਰਦਾ ਹੈ। ਸਾਡੇ ਪਿੰਡ ਵਿੱਚੋਂ ਸ਼ਰਾਬ ਦਾ ਠੇਕਾ ਚੁਕਵਾਉਣ ਵਿੱਚ ਉਸ ਦੀ ਅਹਿਮ ਭੂਮਿਕਾ ਰਹੀ

ਹੈ। ਉਹ ਪਿੰਡ ਦੇ ਨੌਜਵਾਨਾਂ ਨੂੰ ਹੱਥੀਂ ਕੰਮ ਕਰਨ, ਨਸ਼ਿਆਂ ਤੋਂ ਬਚ ਕੇ ਰਹਿਣ ਅਤੇ ਸਮਾਜ-ਸੇਵਾ ਕਰਨ ਲਈ ਪ੍ਰੇਰਦਾ ਹੈ। ਸ਼ਾਮ ਨੂੰ ਸੱਥ ਵਿੱਚ ਬੈਠਾ, ਉਹ ਸਹਿਜੇ ਹੀ ਪਿੰਡ ਦੇ ਸੁਧਾਰ ਦਾ ਕੋਈ ਨਾ ਕੋਈ ਮੁੱਦਾ ਛੋਹ ਲੈਂਦਾ ਹੈ। ਸਾਰੇ ਉਸ ਦੀ ਗੱਲ ਧਿਆਨ ਨਾਲ਼ ਸੁਣਦੇ ਹਨ ਅਤੇ ਉਸ ਦੇ ਕਹੇ ਉੱਤੇ ਅਮਲ ਵੀ ਕਰਦੇ ਹਨ। ਉਹ ਅੰਤਾਂ ਦਾ ਨਿਮਰ ਅਤੇ ਮਿਠਬੋਲੜਾ ਹੈ। ਉਹ ਸਾਡੇ ਸਾਰੇ ਪਿੰਡ 'ਚੋਂ ਸਭ ਤੋਂ ਵੱਧ ਸੇਵਾ-ਭਾਵਨਾ ਵਾਲ਼ਾ ਨੌਜਵਾਨ ਹੈ।

## ਵਕਤ ਦੀ ਕਦਰ

ਜੀਵਨ ਵਿੱਚ ਸਫਲਤਾ ਦੇ ਬੁਨਿਆਦੀ ਨਿਯਮਾਂ ਵਿੱਚੋਂ ਇੱਕ ਹੈ : ਵਕਤ ਦੀ ਕਦਰ ਕਰਨਾ। ਇਸ ਦਾ ਅਰਥ ਹੈ ਕਿ ਜੇ ਅਸੀਂ ਕਿਸੇ ਨੂੰ ਮਿਲ਼ਨ ਦਾ ਸਮਾਂ ਦਿੱਤਾ ਹੋਵੇ ਜਾਂ ਕੋਈ ਕੰਮ ਕਰਨ ਦਾ ਸਮਾਂ ਨਿਸ਼ਚਿਤ ਕੀਤਾ ਹੋਵੇ ਤਾਂ ਉਸ ਸਮੇਂ 'ਤੇ ਪੂਰਾ ਉੱਤਰਿਆ ਜਾਵੇ। ਵਕਤ ਦੀ ਕਦਰ ਕਰਨ ਦੇ ਵਿਅਕਤੀਗਤ ਲਾਭ ਵੀ ਹਨ ਅਤੇ ਸਮਾਜਿਕ ਵੀ। ਇਸ ਅਨੁਸਾਰ ਸਮੇਂ ਨੂੰ ਵਿਓਂਤਬੱਧ ਢੰਗ ਨਾਲ਼ ਬਤੀਤ ਕੀਤਾ ਜਾਂਦਾ ਹੈ। ਕੀਤੇ ਜਾਣ ਵਾਲ਼ੇ ਕੰਮਾਂ ਨੂੰ ਕਰਨ ਵਿੱਚ ਉਲ਼ਝਣ ਨਹੀਂ ਪੈਂਦੀ। ਸਮਾਂ ਵੀ ਨਸ਼ਟ ਹੋਣੋਂ ਬਚ ਜਾਂਦਾ ਹੈ। ਦੂਜੇ ਪਾਸੇ, ਸਾਡੇ ਨਾਲ਼ ਵਾਹ ਪੈਣ ਵਾਲ਼ਿਆਂ ਨੂੰ ਵੀ ਲਾਭ ਹੁੰਦਾ ਹੈ। ਉਹਨਾਂ ਨੂੰ ਸਾਡੀ ਬੇਲੋੜੀ ਉਡੀਕ ਨਹੀਂ ਕਰਨੀ ਪੈਂਦੀ ਜਾਂ ਸਾਡੇ ਦੇਰ ਨਾਲ਼ ਪਹੁੰਚਣ 'ਤੇ ਪਰੇਸ਼ਾਨੀ ਨਹੀਂ ਹੁੰਦੀ। ਉਂਞ ਵੀ ਜਿਹੜਾ ਮਨੁੱਖ ਵਕਤ ਦੀ ਕਦਰ ਕਰਦਾ ਹੈ, ਉਹ ਵਧੇਰੇ ਭਰੋਸੇਯੋਗ ਹੁੰਦਾ ਹੈ। ਉਸ ਦੇ ਇਸ ਗੁਣ ਤੋਂ ਉਸ ਦੇ ਨਿੱਗਰ ਆਚਰਨ ਦੀ ਝਲਕ ਪੈਂਦੀ ਹੈ। ਦੁਨੀਆ ਦੇ ਮਹਾਨ ਪੁਰਖ ਹਮੇਸ਼ਾਂ ਵਕਤ ਦੀ ਕਦਰ ਕਰਦੇ ਰਹੇ ਹਨ। ਉਹਨਾਂ ਦਾ ਹਰ ਇੱਕ ਛਿਣ ਕੀਮਤੀ ਹੁੰਦਾ ਹੈ।

## ਗ਼ਰੀਬੀ ਤੋਂ ਸਿੱਖਿਆ

ਇੱਕ ਵਾਰੀ ਪੰਜਾਬੀ ਦੇ ਪ੍ਰਸਿੱਧ ਲੇਖਕ ਡਾ. ਟੀ.ਆਰ. ਸ਼ਰਮਾ ਪੰਜ ਹੋਰ ਅਧਿਆਪਕਾਂ ਨਾਲ਼ ਤਾਰਾਦੇਵੀ ਵਿਖੇ ਸਕਾਊਟਿੰਗ ਦਾ ਕੋਰਸ ਕਰਨ ਜਾ ਰਹੇ ਸਨ। ਰਸਤੇ ਵਿੱਚ ਉਹਨਾਂ ਦੀ ਮੁਲਾਕਾਤ ਡਾਕਟਰ ਰਾਧਾ ਕ੍ਰਿਸ਼ਨਨ ਨਾਲ਼ ਕਾਲਕਾ ਰੇਲਵੇ ਸਟੇਸ਼ਨ 'ਤੇ ਹੋ ਗਈ। ਉਹਨਾਂ ਦਿਨਾਂ ਵਿੱਚ ਉਹ ਉਪਰਾਸ਼ਟਰਪਤੀ ਸਨ। ਉਹਨਾਂ ਦੀ ਚੇਅਰ-ਕਾਰ, ਜਿਸ ਵਿੱਚ ਬੈਠ ਕੇ ਉਹਨਾਂ ਸ਼ਿਮਲੇ ਜਾਣਾ ਸੀ, ਤਕਨੀਕੀ ਖ਼ਰਾਬੀ ਕਰਕੇ ਕੁਝ ਦੇਰੀ ਨਾਲ਼ ਜਾਣੀ ਸੀ। ਸ੍ਰੀ ਰਾਧਾ ਕ੍ਰਿਸ਼ਨਨ ਇਕੱਲੇ ਹੀ ਪਲੇਟਫ਼ਾਰਮ 'ਤੇ ਖੜ੍ਹੇ ਸਨ। ਉਹਨਾਂ ਕੋਲੋਂ ਪੁੱਛ ਕੇ ਸਾਰੇ ਅਧਿਆਪਕ ਉਹਨਾਂ ਕੋਲ਼ ਚਲੇ ਗਏ। ਉਹਨਾਂ ਦੇ ਪੁੱਛਣ 'ਤੇ ਸਾਰੇ ਅਧਿਆਪਕਾਂ ਨੇ ਕਿਹਾ ਕਿ ਉਹ ਪੜ੍ਹਾਉਂਦੇ ਹਨ। ਉਹਨਾਂ ਮਜ਼ਾਕ ਨਾਲ਼ ਉਹਨਾਂ ਨੂੰ ਕਿਹਾ-ਤੁਸੀਂ ਪੜ੍ਹਾਉਂਦੇ ਹੋ ਪਰ ਮੈਂ ਅਜੇ ਸਿੱਖਦਾ ਹੀ ਹਾਂ, ਪੜ੍ਹਦਾ ਹੀ ਹਾਂ। ਇੱਕ ਅਧਿਆਪਕ ਨੇ ਕਿਹਾ - ਜੀ, ਗ਼ਰੀਬੀ ਲਾਹਨਤ ਹੈ। ਮੈਂ ਕੇਵਲ ਜੇ.ਬੀ.ਟੀ. ਹੀ ਕਰ ਸਕਿਆ ਹਾਂ, ਗ਼ਰੀਬੀ ਨੇ ਮੈਨੂੰ ਅੱਗੇ ਨਹੀਂ ਪੜ੍ਹਨ ਦਿੱਤਾ। ਉਹਨਾਂ ਨੇ ਆਪਣੀ ਇੱਕ ਕਹਾਣੀ ਸੁਣਾਉਂਦਿਆਂ ਕਿਹਾ, "ਮੇਰੀ ਮਾਂ ਨੇ ਇੱਕ ਦਿਨ ਮੈਨੂੰ ਕਿਹਾ-ਬੇਟਾ ਕ੍ਰਿਸ਼ਨਨ, ਮੈਂ ਚਾਵਲ ਬਣਾ ਦਿੱਤੇ ਹਨ ਤੇ ਦਾਲ਼ ਵੀ ਪਰ ਅੱਜ ਸਾਡੇ ਘਰ ਪੰਜ ਪੈਸੇ ਵੀ ਨਹੀਂ ਹਨ ਜਿਨ੍ਹਾਂ ਨਾਲ਼ ਮੈਂ ਚਾਵਲ ਪਰੋਸਣ ਲਈ ਕੇਲੇ ਦੇ ਪੱਤੇ ਖ਼ਰੀਦ ਸਕਾਂ।" ਇਹ ਕਹਿੰਦਿਆਂ ਮਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਟਪਕਣ ਲੱਗ ਪਏ । ਉਦੋਂ ਬਾਲ ਰਾਧਾ ਕ੍ਰਿਸ਼ਨਨ ਨੇ ਬਾਲਟੀ ਪਾਣੀ ਦੀ ਲੈ ਕੇ ਰਸੋਈ ਦੇ ਫ਼ਰਸ਼ ਨੂੰ ਦੋ-ਤਿੰਨ ਵਾਰ ਚੰਗੀ ਤਰ੍ਹਾਂ ਸਾਫ਼ ਕੀਤਾ ਤੇ ਮਾਂ ਨੂੰ ਕਿਹਾ ਕਿ ਉਹ ਫ਼ਰਸ਼ ਉੱਤੇ ਹੀ ਚਾਵਲ ਪਰੋਸ ਦੇਣ। ਮਾਂ ਸੱਤ ਦਿਨ ਲਗਾਤਾਰ ਇਸ ਤਰ੍ਹਾਂ ਹੀ ਕਰਦੀ ਰਹੀ। ਡਾਕਟਰ ਸਾਹਿਬ ਨੇ ਸਮਝਾਇਆ ਕਿ ਗ਼ਰੀਬੀ ਵੱਲੋਂ ਸਿਖਾਏ ਸਬਕ ਮਿੱਠੇ ਅਤੇ ਲਾਹੇਵੰਦ ਹੁੰਦੇ ਹਨ। ਜਿਸ ਗ਼ਰੀਬੀ ਨੂੰ ਲਾਹਨਤ ਕਹਿੰਦੇ ਹਨ, ਉਸ ਨੂੰ ਸਖ਼ਤ ਮਿਹਨਤ ਨਾਲ਼ ਵਰਦਾਨ ਵੀ ਬਣਾਇਆ ਜਾ ਸਕਦਾ ਹੈ।

## ਮਿਹਨਤ ਅਰੋਗਤਾ ਦੀ ਨਿਸ਼ਾਨੀ

ਜਿਸ ਸਰੀਰ ਨੇ ਕਦੇ ਖੇਚਲ਼, ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ, ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਹੋ ਸਕਦੀ ਹੈ? ਜਿਸ ਬਿਰਖ ਨੂੰ ਨਾ ਫੁੱਲ ਹੈ, ਨਾ ਫ਼ਲ ਹੈ, ਨਾ ਉਸ ਦੀ ਠੰਢੀ ਛਾਂ ਹੈ, ਆਮ ਕਰਕੇ ਉਹ ਬਾਲਣ ਬਣਾ ਕੇ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਕੰਮ ਲਈ ਬਣਿਆ ਹੈ। ਕੰਮ ਨਾ ਕਰਨਾ ਸਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਕੌਣ ਮੁੱਕਰ ਸਕਦਾ ਹੈ, ਇਸ ਗੱਲੋਂ ਕਿ ਜਿਹੜਾ ਸਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ, ਕਦੇ ਅਰੋਗ ਨਹੀਂ ਰਹਿ ਸਕਦਾ। ਇੱਕ ਪਾਸੇ ਲੋਕ ਹੱਥੀਂ ਕੰਮ ਕਰਨ ਤੋਂ ਭੱਜਦੇ ਹਨ ਤੇ ਦੂਸਰੇ ਪਾਸੇ ਸਰੀਰ ਨੂੰ ਠੀਕ ਰੱਖਣ ਲਈ ਕਸਰਤ ਕਰਦੇ ਹਨ ਜੋਕਿ ਵਿਹਲਾ ਕੰਮ ਹੈ, ਇੱਕ ਤਰ੍ਹਾਂ ਦਾ ਮੀਸਣਾਪਣ ਹੈ : ਜ਼ੋਰ ਤੇ ਸਮਾਂ, ਜਿਸ ਨਾਲ਼ ਕੁਝ ਦੌਲਤ ਰਚੀ ਜਾ ਸਕਦੀ ਹੈ, ਉਸ ਨੂੰ ਦੂਜਿਆਂ ਲਈ ਵਰਤਣ ਦੀ ਥਾਂ ਖ਼ਾਸ ਆਪਣੇ ਬਣਾਉਟੀ ਸ੍ਵਾਰਥ ਲਈ ਵਰਤਣਾ। ਸਰੀਰ ਜੋ ਕੰਮ ਨਹੀਂ ਕਰਦਾ, ਕੁਦਰਤ ਤੋਂ ਉੱਕਾ ਵਿਰੁੱਧ ਹੈ ਕਿਉਂਕਿ ਕੰਮ ਹੀ ਸਰੀਰ ਦੇ ਸਾਰੇ ਅੰਗਾਂ ਨੂੰ ਅੱਛੀ ਤਰ੍ਹਾਂ ਕੁਦਰਤੀ ਹਿਲ-ਜੁਲ ਵਿੱਚ ਪਾ ਕੇ ਅਰੋਗ, ਸੁੰਦਰ ਤੇ ਸੁਡੌਲ ਰੱਖ ਸਕਦਾ ਹੈ।

## ਜੀਵਨ ਦਾ ਅਸਲ ਮਕਸਦ

ਸੰਵੇਦਨਸ਼ੀਲ ਮਨੁੱਖ ਨੇ ਭਾਵਕ ਹੋ ਕੇ ਗੁਲਾਬ ਦੇ ਫੁੱਲ ਨੂੰ ਪੁੱਛਿਆ : ਜਦੋਂ ਕੋਈ ਤੁਹਾਨੂੰ ਬੂਟੇ ਤੋਂ ਤੋੜ ਲੈਂਦਾ ਹੈ: ਪੱਤ-ਪੱਤ ਅੱਡ ਕਰ ਕੇ ਪੈਰਾਂ ਦੀ ਮਿੱਟੀ ਵਿੱਚ ਰੋਲ਼ ਦੇਂਦਾ ਹੈ ਤਾਂ ਕੀ ਤੁਸੀਂ ਦੁਖੀ ਨਹੀਂ ਹੁੰਦੇ? ਗੁਲਾਬ ਨੇ ਕਿਹਾ ਸਾਡਾ ਮਕਸਦ ਹੈ, ਖ਼ੂਬਸੂਰਤੀ ਵੰਡਣਾ। ਕਈ ਲੋਕਾਂ ਦਾ ਸੁਭਾਅ ਹੈ ਖ਼ੂਬਸੂਰਤੀ ਦਾ ਨਾਸ ਕਰਨਾ। ਅਸੀਂ ਆਪਣਾ ਮਕਸਦ ਜਾਣਦੇ ਹਾਂ, ਉਹ ਆਪਣਾ ਜਾਣਨ। ਅਜਿਹੇ ਬੰਦਿਆਂ ਨਾਲ਼ ਸਾਡਾ ਕੋਈ ਲੈਣ-ਦੇਣ ਨਹੀਂ। ਮਨੁੱਖ ਦੀ ਤਸੱਲੀ ਜਿਹੀ ਹੋ ਗਈ। ਫਿਰ ਉਸ ਦਾ ਧਿਆਨ ਤਿਤਲੀ ਵੱਲ ਗਿਆ। ਉਸ ਨੇ ਪੁੱਛਿਆ :ਜਦੋਂ ਬੱਚੇ ਤੁਹਾਨੂੰ ਪਕੜ ਲੈਂਦੇ ਹਨ, ਤੁਹਾਡੇ ਖੰਭ ਤੋੜ ਦੇਂਦੇ ਹਨ ਤਾਂ ਕੀ ਤੁਹਾਨੂੰ ਗ਼ੁੱਸਾ ਨਹੀਂ ਆਉਂਦਾ? "ਨਹੀਂ, ਹਰਗਿਜ਼ ਨਹੀਂ", ਤਿਤਲੀ ਨੇ ਕਿਹਾ। ਬੱਚਿਆਂ ਅਤੇ ਹੋਰਨਾਂ ਬੰਦਿਆਂ ਦੀ ਜ਼ਿੰਦਗੀ ਨੂੰ ਰੁਸ਼ਨਾਉਣਾ ਹੀ ਸਾਡਾ ਕੰਮ ਹੈ। ਜਦੋਂ ਕੋਈ ਬੱਚਾ ਸਾਨੂੰ ਪਕੜਨ ਦੀ ਕੋਸ਼ਸ਼ ਕਰਦਾ ਹੈ, ਅਸੀਂ ਥੋੜ੍ਹਾ ਜਿੰਨਾ ਉੱਡ ਕੇ ਬਚਣ ਦਾ ਨਾਟਕ ਕਰਦੀਆਂ ਹਾਂ। ਬੱਚਿਆਂ ਕੋਲ਼ੋਂ ਦੂਰ ਨਹੀਂ ਜਾਂਦੀਆਂ। ਅਸੀਂ ਪਕੜਾਈ ਦੇ ਦੇਂਦੀਆਂ ਹਾਂ, ਜਿਵੇਂ ਫੁੱਲ ਕਰਦੇ ਹਨ। ਬੱਚੇ, ਜੋ ਭੋਲ਼ੇ ਹੁੰਦੇ ਹਨ ਅਤੇ ਅਗਿਆਨਤਾ ਨਾਲ਼ ਸਾਡੇ ਖੰਭ ਤੋੜ ਦੇਂਦੇ ਹਨ, ਅਸੀਂ ਮਰ ਜਾਂਦੀਆਂ ਹਾਂ ਸਾਨੂੰ ਕਿਸੇ ਨਾਲ਼ ਕੋਈ ਗਿਲਾ ਨਹੀਂ ਹੁੰਦਾ। ਜਿਵੇਂ ਫੁੱਲਾਂ ਦੀਆਂ ਪੱਤੀਆਂ ਪੈਰਾਂ ਹੇਠ ਰੁਲ਼ ਜਾਂਦੀਆਂ ਹਨ, ਸਾਡੇ ਖੰਭ ਵੀ ਪੈਰਾਂ ਦੀ ਮਿੱਟੀ ਹੇਠ ਰੁਲ਼ ਜਾਂਦੇ ਹਨ। ਫੁੱਲਾਂ ਦੀ ਜੀਵਨ-ਯਾਤਰਾ ਪੂਰੀ ਹੋ ਜਾਂਦੀ ਹੈ ਤੇ ਸਾਡੀ ਵੀ। ਦੋਵੇਂ ਆਪਣਾ ਮਕਸਦ ਪੂਰਾ ਕਰਨ ਵਿੱਚ ਸਫਲ ਹੋ ਜਾਂਦੇ ਹਨ। ਗੁਲਾਬ ਤੇ ਤਿਤਲੀ ਤੋਂ ਉਸ ਨੇ ਜ਼ਿੰਦਗੀ ਵਿੱਚ ਪਹਿਲੀ ਵਾਰ ਮਕਸਦ ਦੀ ਅਹਿਮੀਅਤ ਨੂੰ ਸਮਝਿਆ ਕਿ ਮਕਸਦ ਦੀ ਪੂਰਤੀ ਵਿੱਚ ਮੌਤ ਅੜਿੱਕਾ ਨਹੀਂ ਬਣਨੀ ਚਾਹੀਦੀ।

## 'ਵਿਦਿਆ ਵੀਚਾਰੀ ਤਾਂ ਪਰਉਪਕਾਰੀ'

ਅਜਿਹੀ ਕੋਈ ਸਮੱਸਿਆ ਨਹੀਂ ਜਿਹੜੀ ਵਿੱਦਿਆ ਦੁਆਰਾ ਸੁਲ਼ਝਾਈ ਨਾ ਜਾ ਸਕੇ। ਵਿੱਦਿਆ ਇੱਕ ਅਜਿਹੀ ਕੁੰਜੀ ਹੈ ਜੋ ਹਰ ਮੁਸ਼ਕਲ-ਰੂਪੀ ਜਿੰਦਰੇ ਨੂੰ ਖੋਲ੍ਹ ਸਕਦੀ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਠੀਕ ਢੰਗ ਦੀ ਵਿੱਦਿਆ ਪ੍ਰਾਪਤ ਕਰੀਏ। ਜਿਹੜੀ ਸਿੱਖਿਆ ਵੇਲ਼ੇ ਦੇ ਸਮਾਜ ਨਾਲੋਂ ਟੁੱਟੀ ਹੋਵੇਗੀ, ਉਹ ਸਾਡਾ ਭਲਾ ਨਹੀਂ ਕਰ ਸਕਦੀ। ਸਮਾਜਿਕ ਬੁਰਾਈਆਂ ਦੂਰ ਕਰਨ ਲਈ ਵੀ ਠੀਕ ਢੰਗ ਵਾਲ਼ੀ ਸਿੱਖਿਆ ਹੀ ਕੰਮ ਆਉਂਦੀ

ਹੈ। ਸਿੱਖਿਆ ਵਿਸ਼ਾਲ ਅਤੇ ਸਰਬੱਤ ਦੇ ਭਲੇ ਲਈ ਹੀ ਹੋਵੇ। ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਇਹੋ-ਜਿਹੀਆਂ ਹਨ ਜੋ ਕੇਵਲ ਅਗਿਆਨਤਾ ਅਤੇ ਅਨਪੜ੍ਹਤਾ ਕਾਰਨ ਹੀ ਹਨ, ਜਿਵੇਂ: ਛੂਤ-ਛਾਤ, ਇਸਤਰੀ ਦੀ ਦਸ਼ਾ, ਬਾਲ-ਵਿਆਹ, ਭਰੂਣ-ਹੱਤਿਆ ਅਤੇ ਵਧ ਰਹੀ ਅਬਾਦੀ ਦੀਆਂ ਸਮੱਸਿਆਵਾਂ ਆਦਿ ਕੁਝ ਅਜਿਹੀਆਂ ਸਮੱਸਿਆਵਾਂ ਹਨ ਜੋ ਅੰਧ-ਵਿਸ਼ਵਾਸ ਕਰਕੇ ਹੀ ਚੱਲੀਆਂ ਆਉਂਦੀਆਂ ਹਨ। ਅਸੀਂ ਵੇਖ ਰਹੇ ਹਾਂ ਕਿ ਜਿਵੇਂ-ਜਿਵੇਂ ਵਿੱਦਿਆ ਦਾ ਚਾਨਣ ਵਧ ਰਿਹਾ ਹੈ, ਇਹ ਸਮੱਸਿਆਵਾਂ ਤਿਵੇਂ-ਤਿਵੇਂ ਘਟਦੀਆਂ ਜਾ ਰਹੀਆਂ ਹਨ। ਜਿਹੜੀਆਂ ਥਾਂਵਾਂ ’ਤੇ ਵਿੱਦਿਆ ਸੰਕੀਰਨ ਅਤੇ ਗ਼ਲਤ ਢੰਗ ਦੀ ਹੈ, ਉੱਥੇ ਉਹ ਸਮੱਸਿਆਵਾਂ ਨੂੰ ਸੁਲ਼ਝਾਉਣ ਵਿੱਚ ਸਫਲ ਨਹੀਂ ਹੋ ਸਕੀ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਸਿੱਖਿਆ-ਪ੍ਰਨਾਲ਼ੀ ਨੂੰ ਸਮਾਜਿਕ, ਆਰਥਿਕ, ਸੱਭਿਆਚਾਰਿਕ ਅਤੇ ਸੰਬੰਧਿਤ ਵਾਤਾਵਰਨ ਨਾਲ਼ ਜੋੜਨ ਲਈ ਯਤਨਸ਼ੀਲ ਹੋਈਏ।

## ਮਾਤ-ਭਾਸ਼ਾ

ਮਾਤ-ਭਾਸ਼ਾ ਦੀ ਸਿੱਖਿਆ ਤੋਂ ਬਗ਼ੈਰ ਕੋਈ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਸਿਖਰਾਂ ਨਹੀਂ ਛੂਹ ਸਕਦਾ। ਉਹ ਸਾਰੀ ਉਮਰ ਲੰਗੜਾ ਕੇ ਤੁਰਦਾ ਹੈ ਅਤੇ ਆਪਣੇ ਪੈਰਾਂ ’ਤੇ ਸਿੱਧਾ ਖੜ੍ਹਾ ਨਹੀਂ ਹੋ ਸਕਦਾ। ਮਾਤ-ਭਾਸ਼ਾ ਵਿਚਾਰਾਂ ਨੂੰ ਪ੍ਰਗਟਾਉਣ ਦਾ ਇੱਕੋ-ਇੱਕ ਉੱਤਮ ਸਾਧਨ ਹੈ। ਇਹੋ ਕਾਰਨ ਹੈ ਕਿ ਵਿਦਵਾਨਾਂ ਨੇ ਮਾਤ-ਭਾਸ਼ਾ ਨੂੰ ਹੀ ਸਿੱਖਿਆ ਦੇਣ ਦਾ ਯੋਗ ਅਤੇ ਸਹੀ ਮਾਧਿਅਮ ਮੰਨਿਆ ਹੈ। ਕਿਸੇ ਦੂਜੀ ਭਾਸ਼ਾ ਨੂੰ ਸਿੱਖਣ-ਸਿਖਾਉਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ ਜਿਹੜਾ ਕਿ ਗਿਆਨ-ਵਿਗਿਆਨ ਦੀ ਪ੍ਰਾਪਤੀ ਲਈ ਵਰਤਿਆ ਜਾ ਸਕਦਾ ਹੈ। ਸਿੱਖਿਆ ਦੇ ਖੇਤਰ ਵਿੱਚ ਜਿੰਨੇ ਵੀ ਦਾਰਸ਼ਨਿਕ ਹਨ, ਉਹਨਾਂ ਨੇ ਸਦਾ ਮਾਤ-ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਉੱਤੇ ਜ਼ੋਰ ਦਿੱਤਾ ਹੈ। ਇਹ ਗੱਲ ਬੜੇ ਹੀ ਦੁੱਖ ਨਾਲ਼ ਕਹਿਣੀ ਪੈਂਦੀ ਹੈ ਕਿ ਸਾਡੇ ਦੇਸਵਾਸੀਆਂ ਨੂੰ ਅਜੇ ਤੱਕ ਇਸ ਦੀ ਸਮਝ ਨਹੀਂ ਆਈ। ਅਸੀਂ ਅਜੇ ਤੱਕ ਵੀ ਵਿਦੇਸ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣੀ ਚਾਹੁੰਦੇ ਹਾਂ। ਅਮੀਰ ਪਰਿਵਾਰਾਂ ਦੇ ਬੱਚੇ ਅੰਗਰੇਜ਼ੀ ਭਾਸ਼ਾ ਰਾਹੀਂ ਦਿੱਤੀ ਜਾਂਦੀ ਸਿੱਖਿਆ ਪ੍ਰਾਪਤ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ। ਸਾਨੂੰ ਇਸ ਸੰਬੰਧੀ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਅਸੀਂ ਬਹਾਨੇ ਲਾ ਰਹੇ ਹਾਂ ਕਿ ਅੰਗਰੇਜ਼ੀ ਮਾਧਿਅਮ ਹੀ ਸਾਡੇ ਲਈ ਕਲਿਆਣਕਾਰੀ ਹੈ ਪਰ ਜੇ ਥੋੜ੍ਹਾ ਗੰਭੀਰਤਾ ਨਾਲ਼ ਵਿਚਾਰੀਏ ਤਾਂ ਸਾਨੂੰ ਆਪਣੀ ਗ਼ਲਤੀ ਦਾ ਛੇਤੀ ਹੀ ਪਤਾ ਲੱਗ ਜਾਂਦਾ ਹੈ।

## ਪਾਣਿਨੀ

ਪ੍ਰਸਿੱਧ ਵਿਆਕਰਨਕਾਰ ਪਾਣਿਨੀ ਜਿਸ ਦੀ ਲਿਖੀ ਹੋਈ ਪੁਸਤਕ ਦਾ ਨਾਂ ‘ਅਸ਼ਟਾਧਿਆਇ’ ਸੀ, ਸੰਸਕ੍ਰਿਤ-ਵਿਆਕਰਨ ਦਾ ਸਭ ਤੋਂ ਵੱਡਾ ਵਿਦਵਾਨ ਮੰਨਿਆ ਜਾਂਦਾ ਹੈ ਅਤੇ ਇਸੇ ਲਈ ਇਸ ਬਾਰੇ ਆਦਰ ਤੇ ਸਤਿਕਾਰ ਵਜੋਂ ਇਹ ਕਿਹਾ ਜਾਂਦਾ ਹੈ ਕਿ ਇਸ ਦੀ ਰਚਨਾ ਈਸ਼ਵਰੀ ਗਿਆਨ ਕਾਰਨ ਹੋਈ। ਪ੍ਰਾਚੀਨ ਸਮੇਂ ਪਾਣਿਨੀ ਨੂੰ ਰਿਸ਼ੀ ਮੰਨਿਆ ਜਾਂਦਾ ਸੀ। ਆਧੁਨਿਕ ਸਮੇਂ ਵਿੱਚ ਵੀ ਇਸ ਬਾਰੇ ਪ੍ਰਸਿੱਧ ਹੈ ਕਿ ਪਾਣਿਨੀ ਬਚਪਨ ਵਿੱਚ ਬੜਾ ਹੀ ਮੂਰਖ ਸੀ, ਇਸੇ ਲਈ ਉਸ ਨੂੰ ਪਾਠਸ਼ਾਲਾ ਵਿੱਚੋਂ ਕੱਢ ਦਿੱਤਾ ਗਿਆ ਸੀ ਪਰ ਸ਼ਿਵ ਜੀ ਦੀ ਕਿਰਪਾ ਨਾਲ਼ ਇਹ ਵਿਦਵਾਨ ਪਹਿਲੀ ਸ਼੍ਰੇਣੀ ਵਿੱਚ ਆ ਗਿਆ। ਇਹ ਪਹਿਲਾ ਵਿਆਕਰਨਕਾਰ ਨਹੀਂ ਸੀ ਕਿਉਂਜੋ ਇਹ ਆਪਣੀ ਪੁਸਤਕ ਵਿੱਚ ਕਈ ਵਿਆਕਰਨਕਾਰਾਂ ਦੇ ਨਾਂ ਦੇਂਦਾ ਹੈ ਜਿਹੜੇ ਇਸ ਤੋਂ ਪਹਿਲਾਂ ਹੋ ਚੁੱਕੇ ਸਨ। ਪਾਣਿਨੀ ਤੋਂ ਬਾਅਦ ਜਿਹੜੇ ਵਿਆਕਰਨ ਲਿਖੇ ਗਏ ਹਨ, ਉਹਨਾਂ ਦੀ ਗਿਣਤੀ ਕਾਫ਼ੀ ਵੱਡੀ ਹੈ ਅਤੇ ਭਾਵੇਂ

ਉਹਨਾਂ ਵਿੱਚੋਂ ਕਈ ਬਹੁਤ ਹੀ ਸ੍ਰੇਸ਼ਟ ਤੇ ਬਹੁਤੀ ਵਰਤੋਂ ਵਿੱਚ ਆਉਂਦੇ ਹਨ ਪਰ ਪਾਣਿਨੀ ਦੁਆਰਾ ਬਣਾਏ ਹੋਏ ਨਿਯਮ ਅਜੇ ਵੀ ਸਰਬ-ਉੱਚ ਤੇ ਨਿਰ-ਵਿਵਾਦ ਹਨ ।

## ਮਨੋਰੰਜਨ ਦੇ ਸਾਧਨ

ਮਨੁੱਖ ਦੀ ਇਹ ਪ੍ਰਾਕਿਰਤਿਕ ਰੁਚੀ ਹੈ ਕਿ ਉਹ ਥਕੇਵੇਂ ਪਿੱਛੋਂ ਜੀਵਨ ਦੀਆਂ ਕੌੜੀਆਂ ਯਾਦਾਂ ਨੂੰ ਮਨੋਰੰਜਨ ਦੇ ਕੁਝ ਪਲਾਂ ਵਿੱਚ ਭੁਲਾ ਦੇਣਾ ਚਾਹੁੰਦਾ ਹੈ। ਪੁਰਾਤਨ ਸਮੇਂ ਵਿੱਚ ਨਾਚ, ਮਰਾਸੀਆਂ ਦੀਆਂ ਨਕਲਾਂ, ਨਟਾਂ ਦੇ ਕਰਤਬ ਤੇ ਮਦਾਰੀਆਂ ਦੇ ਤਮਾਸ਼ਿਆਂ ਵਿੱਚੋਂ ਉਸ ਨੂੰ ਮਨੋਰੰਜਨ ਦੀ ਤ੍ਰਿਪਤੀ ਹੁੰਦੀ ਸੀ ਪਰ ਇਹ ਕੁਦਰਤੀ ਨੇਮ ਹੈ ਕਿ ਹਰ ਯੁੱਗ ਦੇ ਮਨੋਰੰਜਨ ਦੇ ਸਾਧਨ ਆਪਣੇ-ਆਪਣੇ ਹੁੰਦੇ ਹਨ। ਸੋ, ਜਿਉਂ-ਜਿਉਂ ਸਮੇਂ ਦੀ ਚਾਲ ਵਿੱਚ, ਉਸ ਦੀ ਤੋਰ ਵਿੱਚ ਪਰਿਵਰਤਨ ਆਉਂਦਾ ਗਿਆ, ਤਿਉਂ-ਤਿਉਂ ਮਨੋਰੰਜਨ ਦੇ ਪੁਰਾਣੇ ਸਾਧਨ ਅਲੋਪ ਹੋ ਗਏ। ਅੱਜ-ਕੱਲ੍ਹ ਸਿਨੇਮਾ ਮਨੋਰੰਜਨ ਦਾ ਮੁੱਖ ਸਾਧਨ ਜਾਪਦਾ ਹੈ। ਪਰ ਜਿਸ ਰੂਪ ਵਿੱਚ ਅੱਜ ਸਾਡੇ ਸਾਮ੍ਹਣੇ ਇਹ ਪ੍ਰਤੱਖ ਹੈ, ਕੁਝ ਵਰ੍ਹੇ ਪਹਿਲਾਂ ਏਦਾਂ ਨਹੀਂ ਸੀ। ਪਹਿਲਾਂ-ਪਹਿਲ ਤਸਵੀਰਾਂ ਨਾ ਹਿੱਲਦੀਆਂ ਸਨ, ਨਾ ਹੀ ਬੋਲਦੀਆਂ ਸਨ ਪਰ ਵਿਗਿਆਨਿਕ ਉੱਨਤੀ ਨੇ ਇਹਨਾਂ ਨੂੰ ਹਿੱਲਣਾ-ਜੁਲਣਾ ਦੱਸਿਆ। ਮਨੁੱਖੀ ਸੂਝ ਨੇ ਇਹਨਾਂ ਹਿੱਲਦੀਆਂ ਤਸਵੀਰਾਂ ਵਿੱਚ ਬੋਲ ਕੇ ਨਵੀਂ ਰੂਹ ਭਰ ਦਿੱਤੀ। ਰੰਗ-ਬਰੰਗੀਆਂ ਫ਼ਿਲਮਾਂ ਨੇ ਜੀਵਨ ਵਿੱਚ ਖੇੜਾ ਲੈ ਆਂਦਾ।

## ਅਬਾਦੀ ’ਤੇ ਲਗਾਮ

ਵਧ ਰਹੀ ਅਬਾਦੀ ਬੱਚਿਆਂ ਦੀ ਸਿਹਤ, ਸਿੱਖਿਆ ਅਤੇ ਸੇਵਾ ਆਦਿ ਵੱਲ ਧਿਆਨ ਨਾ ਦੇਣ ਦਾ ਮੁੱਖ ਕਾਰਨ ਹੈ। ਵੱਧ ਸੰਤਾਨ ਵਾਲ਼ੇ ਪਰਿਵਾਰ ਵਿੱਚ ਹਰ ਬੱਚੇ ਦਾ ਪਾਲਣ-ਪੋਸਣ ਉਚਿਤ ਢੰਗ ਨਾਲ਼ ਕਰਨਾ ਅਤੇ ਹਰ ਬੱਚੇ ਨੂੰ ਉੱਚ ਵਿੱਦਿਆ ਦਿਵਾਉਣਾ ਵਿਹਾਰਿਕ ਤੌਰ ’ਤੇ ਮੁਮਕਿਨ ਨਹੀਂ ਜਾਪਦਾ। ਆਰਥਿਕ ਪੱਖੋਂ ਕਮਜ਼ੋਰ ਹੋਣ ਕਾਰਨ ਅਨਪੜ੍ਹਤਾ ਫੈਲਦੀ ਹੈ ਤੇ ਇਹੀ ਅਨਪੜ੍ਹਤਾ ਸਮਾਜ ਵਿੱਚ ਅਪਰਾਧਿਕ ਗਤੀਵਿਧੀਆਂ ਦੇ ਵਧਣ ਦਾ ਮੂਲ ਕਾਰਨ ਬਣਦੀ ਹੈ ਜਿਸ ਘਰ ਵਿੱਚ ਮਾਤਾ-ਪਿਤਾ ਪੜ੍ਹੇ-ਲਿਖੇ ਤੇ ਸਮਝਦਾਰ ਹੋਣ, ਉੱਥੇ ਬੱਚਿਆਂ ਦੀ ਗਿਣਤੀ ਵੀ ਘੱਟ ਹੋਵੇਗੀ ਤੇ ਅਨਪੜ੍ਹਾਂ ਦੀ ਵੀ। ਸਾਡੀ ਸਰਕਾਰ ਇਸ ਸਮੱਸਿਆ ਨੂੰ ਸੁਲ਼ਝਾਉਣ ਦਾ ਜਤਨ ਕਰ ਰਹੀ ਹੈ ਪਰ ਲੋਕਾਂ ਦਾ ਧਿਆਨ ਅਜੇ ਇਸ ਪਾਸੇ ਵੱਲ ਘੱਟ ਹੀ ਗਿਆ ਹੈ। ਅਨਪੜ੍ਹ ਤੇ ਪੁਰਾਣੇ ਖ਼ਿਆਲ ਦੇ ਹੋਣ ਕਰਕੇ ਵੀ ਸਮੱਸਿਆ ਆਉਂਦੀ ਹੈ। ਬਾਹਰਲੇ ਮੁਲਕਾਂ ਦੇ ਲੋਕੀਂ ਕਾਫ਼ੀ ਹੱਦ ਤੱਕ ਸਮਝ ਗਏ ਹਨ ਤੇ ਉਹ ਬਹੁਤ ਘੱਟ ਬੱਚੇ ਪੈਦਾ ਕਰਦੇ ਹਨ। ਭਾਰਤੀ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਸਰਕਾਰ ਦੇ ਅਸੂਲਾਂ ’ਤੇ ਚੱਲਣ ਤੇ ਘੱਟ ਬੱਚੇ ਪੈਦਾ ਕਰਨ। ਇਸ ਵਿੱਚ ਜਨਤਾ ਦਾ ਹੀ ਭਲਾ ਹੈ ਕਿਉਂਕਿ ਸਾਡੀ ਸਰਕਾਰ ਸਾਡੀ ਹੀ ਬਣਾਈ ਹੋਈ ਹੈ ਤੇ ਸਾਡੇ ਫ਼ਾਇਦੇ ਲਈ ਹੀ ਸੋਚਦੀ ਹੈ। ਇਸ ਲਈ ਸਾਨੂੰ ਇਹ ਚਾਹੀਦਾ ਹੈ ਕਿ ਅਸੀਂ ਘੱਟ ਬੱਚੇ ਪੈਦਾ ਕਰੀਏ ਤੇ ਆਪਣੀ ਸਰਕਾਰ ਦੀ ਮਦਦ ਕਰੀਏ।

## ਵਿਚਾਰਾਂ ਦੇ ਲੈਣ-ਦੇਣ ਦੀ ਮਹੱਤਤਾ

ਗੱਲ-ਬਾਤ ਕਰ ਸਕਣ ਦੀ ਯੋਗਤਾ ਮਨੁੱਖੀ ਨਸਲ ਲਈ ਕੁਦਰਤ ਵੱਲੋਂ ਬਖ਼ਸ਼ਿਆ ਇੱਕ ਵਰਦਾਨ ਹੈ ਅਤੇ ਜਾਨਵਰ-ਜਗਤ ਵਿੱਚੋਂ ਇਹ ਤੋਹਫ਼ਾ ਮਨੁੱਖ ਦੇ ਹੀ ਹਿੱਸੇ ਆਇਆ ਹੈ। ਉਂਞ ਜਾਨਵਰ ਵੀ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਤੇ ਹਰਕਤਾਂ ਦੁਆਰਾ ਆਪਣੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਹਨ। ਵਿਚਾਰਾਂ ਦਾ ਆਦਾਨ-

ਪ੍ਰਦਾਨ ਕਰਨਾ ਜ਼ਿੰਦਗੀ ਦਾ ਇੱਕ ਅਟੁੱਟ ਅੰਗ ਹੈ। ਆਪਸੀ ਗੱਲ-ਬਾਤ ਕਰਨ ਤੋਂ ਬਿਨਾਂ ਜ਼ਿੰਦਗੀ ਖੜ੍ਹੇ ਪਾਣੀ ਵਾਂਗ ਹੈ। ਤੁਸੀਂ ਕਿਵੇਂ ਗੱਲ-ਬਾਤ ਕਰਦੇ ਹੋ, ਯਾਅਨੀ ਤੁਹਾਡਾ ਗੱਲ ਕਰਨ ਦਾ ਅੰਦਾਜ਼ ਤੇ ਲਹਿਜਾ ਕਿਹੋ-ਜਿਹਾ ਹੈ, ਇਸ ਦਾ ਤੁਹਾਡੇ ਸਮਾਜਿਕ ਜੀਵਨ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ ਕਿਉਂਕਿ ਬੋਲ-ਬਾਣੀ ਤੁਹਾਡੇ ਪੂਰੇ ਆਪੇ ਨੂੰ ਉਘਾੜਦੀ ਹੈ । ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਤੁਹਾਡੀਆਂ ਸਫਲਤਾਵਾਂ ਤੇ ਅਸਫਲਤਾਵਾਂ ਦਾ ਤੁਹਾਡੀ ਬੋਲ-ਬਾਣੀ ਨਾਲ਼ ਸਿੱਧਾ ਸੰਬੰਧ ਹੈ। ਗੱਲ- ਬਾਤ ਰਾਹੀਂ ਕਈ ਸਮੱਸਿਆਵਾਂ ਹੱਲ ਹੁੰਦੀਆਂ ਹਨ ਅਤੇ ਸਭ ਤੋਂ ਵੱਧ ਦਿਮਾਗ਼ੀ ਭਾਰ ਹੌਲ਼ਾ ਹੁੰਦਾ ਹੈ। ਇਹੋ ਕਾਰਨ ਹੈ ਕਿ ਵਿਚਾਰਾਂ ਦੇ ਲੈਣ-ਦੇਣ ਨਾਲ਼ ਮਨੁੱਖ ਆਪਣੇ-ਆਪ ਨੂੰ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਮਨੋਵਿਗਿਆਨ ਦੱਸਦਾ ਹੈ ਕਿ ਇੱਕ-ਦੂਜੇ ਕੋਲ਼ ਆਪਣੇ ਮਨ ਦੀ ਗੁੱਥੀ ਖੋਲ੍ਹਣ ਨਾਲ਼ ਮਾਨਸਿਕ ਤਣਾਅ ਤੋਂ ਰਾਹਤ ਮਿਲ਼ਦੀ ਹੈ ਕਿਉਂਕਿ ਇਸ ਨਾਲ਼ ਮਨੁੱਖ ਦੀਆਂ ਕੁਝ ਸਮੱਸਿਆਵਾਂ ਸੁਤੇ-ਸਿੱਧ ਹੀ ਹੱਲ ਹੋ ਜਾਂਦੀਆਂ ਹਨ। ਮਨੋਵਿਗਿਆਨ ਇਹ ਵੀ ਦੱਸਦਾ ਹੈ ਕਿ ਵਧੇਰੇ ਚੁੱਪ ਰਹਿਣ ਵਾਲ਼ਾ ਵਿਅਕਤੀ ਆਮ ਤੌਰ 'ਤੇ ਕਿਸੇ ਮਾਨਸਿਕ ਉਲ਼ਝਣ ਦਾ ਸ਼ਿਕਾਰ ਹੁੰਦਾ ਹੈ। ਅਜਿਹਾ ਵਿਅਕਤੀ ਸੁਭਾਵਿਕ ਹੀ ਆਪਣੇ ਆਲ਼ੇ-ਦੁਆਲ਼ੇ ਵਿਆਕਲ ਕਰਨ ਵਾਲ਼ੀ ਚੁੱਪ ਦਾ ਮਾਹੌਲ ਪੈਦਾ ਕਰਦਾ ਹੈ ਜਦੋਂਕਿ ਚੰਗੀ ਤਰ੍ਹਾਂ ਗੱਲ-ਬਾਤ ਕਰਨ ਦੇ ਸਲੀਕੇ ਤੋਂ ਵਾਕਫ਼ ਵਿਅਕਤੀ ਦੀ ਸ਼ਖ਼ਸੀਅਤ ਵਿੱਚ ਚੁੰਬਕੀ ਖਿੱਚ ਹੁੰਦੀ ਹੈ ਅਤੇ ਉਹ ਆਪਣੇ ਆਲ਼ੇ-ਦੁਆਲ਼ੇ ਤੀਆਂ ਵਰਗੀਆਂ ਖ਼ੁਸ਼ੀਆਂ ਖਿਲਾਰਦਾ ਹੈ।

## ਅਭਿਆਸ

### ਪੈਰਾ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦੱਸੋ:-

ਮਾਤ-ਭਾਸ਼ਾ ਦੀ ਸਿੱਖਿਆ ਤੋਂ ਬਗ਼ੈਰ ਕੋਈ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਸਿਖਰਾਂ ਨਹੀਂ ਛੂਹ ਸਕਦਾ। ਉਹ ਸਾਰੀ ਉਮਰ ਲੰਗੜਾ ਕੇ ਤੁਰਦਾ ਹੈ ਅਤੇ ਆਪਣੇ ਪੈਰਾਂ 'ਤੇ ਸਿੱਧਾ ਖੜ੍ਹਾ ਨਹੀਂ ਹੋ ਸਕਦਾ। ਮਾਤ-ਭਾਸ਼ਾ ਵਿਚਾਰਾਂ ਨੂੰ ਪ੍ਰਗਟਾਉਣ ਦਾ ਇੱਕੋ-ਇੱਕ ਉੱਤਮ ਸਾਧਨ ਹੈ। ਇਹੋ ਕਾਰਨ ਹੈ ਕਿ ਵਿਦਵਾਨਾਂ ਨੇ ਮਾਤ-ਭਾਸ਼ਾ ਨੂੰ ਹੀ ਸਿੱਖਿਆ ਦੇਣ ਦਾ ਯੋਗ ਅਤੇ ਸਹੀ ਮਾਧਿਅਮ ਮੰਨਿਆ ਹੈ। ਕਿਸੇ ਦੂਜੀ ਭਾਸ਼ਾ ਨੂੰ ਸਿੱਖਣ-ਸਿਖਾਉਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ ਜਿਹੜਾ ਕਿ ਗਿਆਨ-ਵਿਗਿਆਨ ਦੀ ਪ੍ਰਾਪਤੀ ਲਈ ਵਰਤਿਆ ਜਾ ਸਕਦਾ ਹੈ। ਸਿੱਖਿਆ ਦੇ ਖੇਤਰ ਵਿੱਚ ਜਿੰਨੇ ਵੀ ਦਾਰਸ਼ਨਿਕ ਹਨ, ਉਹਨਾਂ ਨੇ ਸਦਾ ਮਾਤ-ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਉੱਤੇ ਜ਼ੋਰ ਦਿੱਤਾ ਹੈ। ਇਹ ਗੱਲ ਬੜੇ ਹੀ ਦੁੱਖ ਨਾਲ਼ ਕਹਿਣੀ ਪੈਂਦੀ ਹੈ ਕਿ ਸਾਡੇ ਦੇਸਵਾਸੀਆਂ ਨੂੰ ਅਜੇ ਤੱਕ ਇਸ ਦੀ ਸਮਝ ਨਹੀਂ ਆਈ। ਅਸੀਂ ਅਜੇ ਤੱਕ ਵੀ ਵਿਦੇਸ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣੀ ਚਾਹੁੰਦੇ ਹਾਂ। ਅਮੀਰ ਪਰਿਵਾਰਾਂ ਦੇ ਬੱਚੇ ਅੰਗਰੇਜ਼ੀ ਭਾਸ਼ਾ ਰਾਹੀਂ ਦਿੱਤੀ ਜਾਂਦੀ ਸਿੱਖਿਆ ਪ੍ਰਾਪਤ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ। ਸਾਨੂੰ ਇਸ ਸੰਬੰਧੀ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਅਸੀਂ ਬਹਾਨੇ ਲਾ ਰਹੇ ਹਾਂ ਕਿ ਅੰਗਰੇਜ਼ੀ ਮਾਧਿਅਮ ਹੀ ਸਾਡੇ ਲਈ ਕਲਿਆਣਕਾਰੀ ਹੈ ਪਰ ਜੇ ਥੋੜ੍ਹਾ ਗੰਭੀਰਤਾ ਨਾਲ਼ ਵਿਚਾਰੀਏ ਤਾਂ ਸਾਨੂੰ ਆਪਣੀ ਗ਼ਲਤੀ ਦਾ ਛੇਤੀ ਹੀ ਪਤਾ ਲੱਗ ਜਾਂਦਾ ਹੈ।

1. **ਉਪਰੋਕਤ ਪੈਰੇ ਦਾ ਸਹੀ ਸਿਰਲੇਖ ਹੈ:**

   (ੳ) ਸਿੱਖਿਆ (ਅ) ਕਿਤਾਬਾਂ (ੲ) ਮਾਤ-ਭਾਸ਼ਾ (ਸ) ਸਕੂਲ

**2. ਅਮੀਰ ਪਰਿਵਾਰਾਂ ਦੇ ਬੱਚੇ ਕਿਹੜੀ ਭਾਸ਼ਾ ਰਾਹੀਂ ਦਿੱਤੀ ਜਾਂਦੀ ਸਿੱਖਿਆ ਪ੍ਰਾਪਤ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ?**

(ੳ) ਪੰਜਾਬੀ (ਅ) ਅੰਗਰੇਜ਼ੀ (ੲ) ਹਿੰਦੀ (ਸ) ਸੰਸਕ੍ਰਿਤ

**3. ਸਿੱਖਿਆ-ਦਾਰਸ਼ਨਿਕਾਂ ਨੇ ਸਿੱਖਿਆ ਦਾ ਮਾਧਿਅਮ ਬਣਾਉਣ ਵਾਸਤੇ ਕਿਸ ਭਾਸ਼ਾ ਉੱਤੇ ਜ਼ੋਰ ਦਿੱਤਾ ਹੈ:**

(ੳ) ਵਿਦੇਸ਼ੀ (ਅ) ਲਾਤੀਨੀ (ੲ) ਮਾਤ-ਭਾਸ਼ਾ (ਸ) ਅੰਗਰੇਜ਼ੀ

**4. ਸਿੱਖਿਆ ਦੇ ਖੇਤਰ ਵਿੱਚ ਸਿਖਰਾਂ ਨੂੰ ਕਿਸ ਭਾਸ਼ਾ ਰਾਹੀਂ ਛੂਹਿਆ ਜਾ ਸਕਦਾ ਹੈ:**

(ੳ) ਅੰਗਰੇਜ਼ੀ (ਅ) ਮਾਤ-ਭਾਸ਼ਾ (ੲ) ਵਿਦੇਸ਼ੀ (ਸ) ਸੰਸਕ੍ਰਿਤ

# ਪੰਜਾਬ ਸਕੂਲ ਸਿੱਖਿਆ ਬੋਰਡ

## 'ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ ਦੇ ਪ੍ਰਸ਼ਨ-ਪੱਤਰ ਲਈ ਅਗਵਾਈ-ਲੀਹਾਂ'

ਸਮਾਂ: 40 ਮਿੰਟ

ਕੁੱਲ ਅੰਕ: 50

(i) ਇੱਕ-ਇੱਕ ਅੰਕ ਵਾਲ਼ੇ ਕੁੱਲ 50 ਪ੍ਰਸ਼ਨ (1x50=50) ਹੋਣਗੇ।

(ii) ਇਹਨਾਂ 50 ਪ੍ਰਸ਼ਨਾਂ ਵਿੱਚੋਂ 40 ਪ੍ਰਸ਼ਨ ਨਿਰਧਾਰਿਤ ਅਗਵਾਈ-ਪੁਸਤਕ ਵਿੱਚੋਂ ਅਤੇ 10 ਪ੍ਰਸ਼ਨ (Learning Based) ਅਣਡਿੱਠੇ ਪੈਰਿਆਂ (unseen passages) 'ਤੇ ਆਧਾਰਿਤ ਹੋਣਗੇ।

(iii) ਪਰੀਖਿਆਰਥੀਆਂ ਨੂੰ ਤਿੰਨ ਸ਼੍ਰੇਣੀਆਂ (categories) ਵਿੱਚ ਪ੍ਰਮਾਣ-ਪਤੱਰ ਜਾਰੀ ਕੀਤੇ ਜਾਣਗੇ।

(iv) ਇਸ ਪਰੀਖਿਆ ਲਈ ਕੁੱਲ ਛੇ ਜ਼ੋਨ ਹੋਣਗੇ: 1. ਪੰਜਾਬ 2. ਭਾਰਤ ਦੇਸ (ਪੰਜਾਬ ਤੋਂ ਬਿਨਾਂ) 3. ਆਸਟ੍ਰੇਲੀਆ ਅਤੇ ਨਿਊਜ਼ੀਲੈਂਡ 4. ਯੂ. ਕੇ. ਅਤੇ ਯੂਰਪ 5. ਯੂ. ਐੱਸ. ਏ. ਅਤੇ ਕਨੇਡਾ 6. ਯੂ. ਏ. ਈ. ਅਤੇ ਹੋਰ।

(v) 40 ਅੰਕ ਜਾਂ 40 ਤੋਂ ਘੱਟ ਅੰਕ ਲੈਣ ਵਾਲ਼ੇ ਪਰੀਖਿਆਰਥੀਆਂ ਨੂੰ 'ਸ਼ਮੂਲੀਅਤ ਦਾ ਪ੍ਰਮਾਣ -ਪੱਤਰ' (Participation Certificate) ਜਾਰੀ ਕੀਤਾ ਜਾਵੇਗਾ।

(vi) ਪਰੀਖਿਆਰਥੀਆਂ ਵੱਲੋਂ 41 ਤੋਂ 45 ਅੰਕ ਪ੍ਰਾਪਤ ਕਰਨ 'ਤੇ ਪ੍ਰਸੰਸਾ-ਪੱਤਰ (Appreciation Certificate) ਜਾਰੀ ਕੀਤੇ ਜਾਣਗੇ।

(vi) ਜਿਹੜੇ ਪਰੀਖਿਆਰਥੀ 45 ਤੋਂ 50 ਅੰਕ ਪ੍ਰਾਪਤ ਕਰਨਗੇ, ਉਹਨਾਂ ਨੂੰ ਵਿਸ਼ੇਸ਼ ਪ੍ਰਮਾਣ -ਪੱਤਰ (Outstanding Certificate) ਦਿੱਤੇ ਜਾਣਗੇ।

https://www.olympiad.pseb.ac.in